
INTERNATIONAL MAGAZINE
RNI No. 61816/95
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
ਜੂਨ 2023
ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ ॥
ਬਾਬਾ ਬੰਦਾ ਸਿੰਘ
ਬਹਾਦਰ



ਟਰਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸ੍ਰੀ ਮਾਨ ਸੰਤ ਬਾਬਾ ਲਖਬੀਰ ਸਿੰਘ ਜੀ ਗੁਰਦੁਆਰਾ
ਗੁਰੂ ਨਾਨਕ ਨਿਸ਼ਕਾਮ ਸੇਵਕ ਜੱਥਾ, ਸੋਹੋ ਰੋਡ ਇੰਗਲੈਂਡ ਵਿਖੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।



ਇਕ ਯਾਦਗਾਰੀ ਤਸਵੀਰ – ਸ੍ਰੀ ਮਾਨ ਸੰਤ ਬਾਬਾ ਲਖਬੀਰ ਸਿੰਘ ਜੀ ਰਤਵਾੜਾ ਸਾਹਿਬ ਅਤੇ ਨਾਲ ਸੁਸ਼ੋਭਿਤ ਸ੍ਰੀ ਮਾਨ ਸੰਤ ਬਾਬਾ ਮਹਿੰਦਰ ਸਿੰਘ ਜੀ
(ਗੁਰੂ ਨਾਨਕ ਨਿਸ਼ਕਾਮ ਜਥਾ, ਇੰਗਲੈਂਡ) ਅਤੇ ਜੱਥੇ ਦੇ ਹੋਰ ਸਿੰਘ।

# ਆਤਮ ਮਾਰਗ

ਸਾਲ-ਉਨੱਤੀਵਾਂ, ਮਹੀਨਾ-ਜੂਨ, 2023

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.ratwarasahib.in
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-393-8199

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

9417214378, 9417214384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ:9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


1. **ਸੰਪਾਦਕੀ** 5
*ਭਾਈ (ਡਾ.) ਸੁਖਵਿੰਦਰ ਸਿੰਘ*

2. **ਬਾਰਹ ਮਾਹਾ** 8
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

3. **ਅਗੰਮ ਅਗੋਚਰ ਦਾ ਮਾਰਗ** 11
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. **ਸ਼ਹੀਦੀ - ਸ੍ਰੀ ਗੁਰੂ ਅਰਜਨ ਦੇਵ ਜੀ** 16
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. **ਅੰਮ੍ਰਿਤੁ ਪੀਵੈ ਅਮਰੁ ਸੋ ਹੋਇ** 34
*ਸੰਤ ਬਾਬਾ ਹਰਪਾਲ ਸਿੰਘ ਜੀ*

6. **ਆਇਆ ਸਫਲ ਤਾਹੂ ਕੋ ਗਨੀਐ** 38
**(ਮਹਾਂਪੁਰਸ਼ਾਂ ਦੇ ਜਨਮ ਦਿਵਸ (17 ਜੂਨ) ਨੂੰ ਸਮਰਪਿਤ)**
*ਭਾਈ (ਡਾ.) ਸੁਖਵਿੰਦਰ ਸਿੰਘ*

7. **ਬਾਬਾ ਬੰਦਾ ਸਿੰਘ ਬਹਾਦਰ** 41
*ਸ. ਦਲਜੀਤ ਸਿੰਘ*

8. **ਗੁਰਬਾਣੀ ਅਰਥ ਭੰਡਾਰ** 44
*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

9. **ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ** 47
*ਡਾ. ਸਰਬਜਿੰਦਰ ਸਿੰਘ*

10. **ਜਨ ਪਰਉਪਕਾਰੀ ਆਏ** 49
*ਪ੍ਰੋ. ਗੁਰਦੇਵ ਸਿੰਘ*

11. **ਜਪੁਜੀ ਸਾਹਿਬ ਦੀ ਮੂਲ ਵਿਚਾਰਧਾਰਾ** 52
*ਡਾ. ਜਗਜੀਤ ਸਿੰਘ*

12. **ਈਸ਼੍ਵਰ ਅਮੋਲਕ ਲਾਲ** 55
*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

13. **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ** 56
**ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,**
**ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ**

# ਸੰਪਾਦਕੀ
## ਜਨ ਪਰਉਪਕਾਰੀ ਆਏ.........॥

ਪਰਉਪਕਾਰ ਦਾ ਅਰਥ ਕਿਸੇ ਦਾ ਭਲਾ ਕਰਨ ਤੋਂ ਹੈ। ਭਾਵ ਨਿਸੁਆਰਥ ਹੋ ਕੇ ਮਾਨਵਤਾ ਦੀ ਭਲਾਈ ਲਈ ਹਰ ਵਕਤ ਤਤਪਰ ਰਹਿਣਾ। ਸਾਡੀ ਕੌਮੀ ਅਰਦਾਸ ਵਿਚ ਇਸ ਸੰਕਲਪ ਨੂੰ ਸਿਧਾਂਤਕ ਰੂਪ ਵਿਚ ਉਭਾਰਿਆ ਗਿਆ ਹੈ – ***'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।'*** ਸਰਬੱਤ ਦੇ ਭਲੇ ਵਿਚ ਸਮੁੱਚੀ ਕਾਇਨਾਤ ਆ ਜਾਂਦੀ ਹੈ। ਇਹ ਸਿਧਾਂਤ ਦੇਸ਼ਾਂ ਦੀ ਹੱਦ ਬੰਦੀਆਂ ਤੱਕ ਸੀਮਤ ਨਹੀਂ। ***'ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ '*** *(ਅੰਗ-੮੫੩)* ***'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥'*** ***(ਅੰਗ-੪੬੩)*** ਦੇ ਸਿਧਾਂਤ 'ਤੇ ਚਲਦਿਆਂ ਗੁਰਸਿੱਖ ਵਿਹਾਰਿਕ ਤੌਰ 'ਤੇ ਵਿਚਰ ਕੇ ਇਸ ਸਿਧਾਂਤ ਨੂੰ ਰੂਪਮਾਨ ਕਰਦੇ ਹਨ। ਇਸ ਦੀ ਮਿਸਾਲ ਅਜੋਕੇ ਸਮੇਂ ਵਿਚ ਪ੍ਰਤੱਖ ਦੇਖਣ ਨੂੰ ਉਦੋਂ ਮਿਲਦੀ ਹੈ ਜਦੋਂ ਗੁਰੂ ਕੇ ਸਿੱਖ ਪਰਉਪਕਾਰੀ ਬਿਰਤੀ ਨਾਲ ਦੇਸ਼ਾਂ ਵਿਦੇਸ਼ਾਂ ਵਿਚ ਜਿਥੇ ਵੀ ਕੁਦਰਤੀ ਆਫ਼ਤਾਂ ਆਉਂਦੀਆਂ ਹਨ, ਪੀੜਤਾਂ ਦੀ ਸੇਵਾ ਕਰਨ ਤੁਰੰਤ ਪਹੁੰਚ ਜਾਂਦੇ ਹਨ। ਕਰੋਨਾ ਕਾਲ ਦਾ ਸਮਾਂ ਸਾਰਿਆਂ ਦੇ ਸਾਮ੍ਹਣੇ ਹੈ, ਕਿਵੇਂ ਗੁਰੂ ਕੇ ਸਿੱਖਾਂ ਨੇ ਲੰਗਰ ਅਤੇ ਹੋਰ ਹਰ ਤਰ੍ਹਾਂ ਦੀ ਸਹਾਇਤਾ ਨਾਲ ਮਾਨਵਤਾ ਦੀ ਸੇਵਾ ਕੀਤੀ। ਇਸ ਤੋਂ ਇਲਾਵਾ ਰੱਬ ਦੇ ਪਿਆਰੇ ਉਸ ਪਰਮ ਸ਼ਕਤੀ ਨੂੰ ਲੋਕਾਈ ਵਿਚ ਦੇਖਦੇ ਹੋਏ ਹਰ ਵਕਤ ਉਸ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਹਨ। ਇਹ ਪਰਉਪਕਾਰ ਅਨੇਕਾਂ ਤਰ੍ਹਾਂ ਨਾਲ ਕੀਤੇ ਜਾ ਰਹੇ ਹਨ। ਪਰ ਸਭ ਤੋਂ ਵੱਡਾ ਪਰਉਪਕਾਰ ਆਪਣੇ ਧੇਅ ਤੋਂ ਵਿਛੜੇ, ਟੁੱਟੇ ਹੋਏ ਨੂੰ ਉਸ ਨਾਲ ਜੋੜ ਦੇਣਾ ਹੈ। ਭੁੱਲੇ ਭਟਕੇ ਨੂੰ ਸਿੱਧੇ ਰਸਤੇ 'ਤੇ ਤੋਰ ਦੇਣਾ ਅਸਲੀ ਪਰਉਪਕਾਰ ਹੈ। ਹਨ੍ਹੇਰੇ ਵਿਚ ਜ਼ਿੰਦਗੀ ਜਿਉਣ ਵਾਲੇ ਨੂੰ ਗੁਰਬਾਣੀ ਰੂਪੀ ਰੋਸ਼ਨੀ ਦੀ ਟਾਰਚ ਹੱਥ ਵਿਚ ਫੜਾ ਕੇ ਚਾਨਣ ਬਖਸ਼ ਦੇਣਾ, ਵੱਡਾ ਪਰਉਪਕਾਰ ਹੈ। ਪਰ ਇਹ ਕਾਰਜ ਸਿਰਫ ਰੱਬੀ ਰੂਹਾਂ ਨੂੰ, ਉਸ ਦੀ ਬਖਸ਼ਿਸ਼ ਸਦਕਾ, ਪ੍ਰਾਪਤ ਹੋਇਆ–

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

ਇਹ ਸੇਵਾ ਪ੍ਰਮੇਸ਼ਰ ਨੇ ਆਪਣੇ ਜਨਾਂ ਨੂੰ ਸੌਂਪਣਾ ਕੀਤੀ ਹੈ –

*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*
*ਅੰਗ- ੭੪੯*

'ਦਾਨਾਂ ਸਿਰ ਦਾਨ' ਨਾਮ ਦਾਨ ਹੈ, ਇਸ ਦੀ ਜੁਗਤਿ ਰੱਬ ਦੇ ਪਿਆਰਿਆਂ ਕੋਲ ਹੈ। ਗੁਰਮੰਤ੍ਰ ਦੀ ਦਾਤ ਸਮਰੱਥ ਸਤਿਗੁਰੂ ਤੋਂ ਲੈ ਕੇ ਗੁਰਸਿੱਖ ਨੇ ਇਸ ਦੀ ਕਮਾਈ ਕਰਨੀ ਹੈ। ਫਿਰ ਨਾਮ ਪ੍ਰਗਟ ਹੁੰਦਾ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ- ੨੯੩*

ਇਸ ਨੂੰ ਪ੍ਰਗਟ ਕਰਨ ਦੀ ਜੁਗਤ ਰੱਬ ਦੇ ਪਿਆਰਿਆਂ/ਸੰਤ ਜਨਾਂ ਕੋਲ ਹੈ –

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥* *ਅੰਗ - ੨੯੩*

*ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ ॥*
*ਅੰਗ- ੫੨੭*

ਐਸਾ ਪਰਉਪਕਾਰ ਕੇਵਲ ਰੱਬ ਦੇ ਪਿਆਰੇ ਹੀ ਕਰ ਸਕਦੇ ਹਨ, ਟੁੱਟੀਆਂ ਰੂਹਾਂ ਨੂੰ ਰੱਬ ਨਾਲ ਜੋੜਨ ਦੀ ਬਖਸ਼ਿਸ਼ ਰੱਬ ਦੇ ਪਿਆਰਿਆਂ ਕੋਲ ਹੀ ਹੈ –

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥*
*ਅੰਗ- ੩੨੦*

ਹਨ੍ਹੇਰੇ ਵਿਚ ਜ਼ਿੰਦਗੀ ਜਿਊਣ ਵਾਲਿਆਂ ਨੂੰ ਚਾਨਣਾ ਬਖਸ਼ਣ ਲਈ ਉਨ੍ਹਾਂ ਨੂੰ ਦੁਨੀਆਂ 'ਤੇ ਭੇਜਿਆ ਜਾਂਦਾ ਹੈ। ਗੁਰਬਾਣੀ ਦੀ ਰੋਸ਼ਨੀ ਵਿਚ ਆਪ ਰੂਹਾਨੀ ਜੀਵਨ ਬਸਰ ਕਰਦੇ ਹਨ ਤੇ ਇਸੇ ਰੋਸ਼ਨੀ ਨਾਲ ਲੋਕਾਈ ਨੂੰ ਸਰਸ਼ਾਰ ਕਰਦੇ ਹਨ –

*ਗੁਰਬਾਣੀ ਇਸੁ ਜਗ ਮਹਿ ਚਾਨਣੁ*
*ਕਰਮਿ ਵਸੈ ਮਨਿ ਆਏ ॥* *ਅੰਗ- ੬੭*

ਐਸੀ ਬਖਸ਼ਿਸ਼ ਦੇ ਪਾਤਰ ਵਿਰਲੇ ਜਨ ਹੁੰਦੇ ਹਨ।

*ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥*
*ਅੰਗ- ੧੪੧੧*

ਉਹ ਜੀਵਾਂ ਵੀ ਪਰਾਲਬਧ ਅਨੁਸਾਰ ਜਨਮ ਲੈਂਦੇ

ਹਨ, ਪਰਾਲਬਧ ਖਤਮ ਹੋਣ ਤੇ ਸੰਸਾਰ ਮੰਚ ਤੋਂ ਖੁਸ਼ੀ-ਖੁਸ਼ੀ ਕੂਚ ਕਰ ਆਪਣੇ ਨਿਜ ਘਰ ਵਿਚ ਵਾਸਾ ਕਰ ਲੈਂਦੇ ਹਨ -

*ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ*
*ਬਹੁਰਿ ਨ ਹੋਇਗੋ ਫੇਰਾ ॥* *ਅੰਗ- ੧੩*
*ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥*
*ਅੰਗ- ੪੪*

ਐਸੀ ਪਰਾਲਬਧ ਸੀ, ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ਾਂ ਦੇ ਸੰਪਰਕ ਵਾਲੇ ਜੀਵਾਂ ਦੀ। ਜੋ-ਜੋ ਵੀ ਉਨ੍ਹਾਂ ਦੀ ਸੋਭਤ ਵਿਚ ਆਇਆ ਉਸ ਨੂੰ ਨਾਮ ਬਾਣੀ ਨਾਲ ਜੋੜ ਕੇ ਰੋਸ਼ਨੀ ਵਾਲੇ ਜੀਵਨ ਦੀ ਬਖਸ਼ਿਸ਼ ਕੀਤੀ। ਉਨ੍ਹਾਂ ਨੂੰ ਅਨੁਭਵ ਸੀ ਕਿ-

*ਅੰਧਕਾਰ ਸੁਖਿ ਕਬਹਿ ਨ ਸੋਈ ਹੈ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥* *ਅੰਗ- ੩੨੫*

ਉਨ੍ਹਾਂ ਦੀ ਸਮੁੱਚੀ ਜ਼ਿੰਦਗੀ ਵਿਚ ਕੀਤੇ ਪ੍ਰਵਚਨਾਂ ਦਾ ਸਾਰ ਹੈ ਕਿ ਇਹ ਮਨੁੱਖਾ ਦੇਹੀ ਵਾਰ-ਵਾਰ ਨਹੀਂ ਮਿਲਣੀ। ਸਮਰੱਥ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਗ ਕੇ ਗੁਰਮੰਤ੍ਰ, ਮੂਲਮੰਤ੍ਰ ਦੀ ਦਾਤ ਲੈ ਕੇ, ਨਾਮ ਦੀ ਕਮਾਈ ਕਰਕੇ ਇਸ ਨੂੰ ਸਫਲ ਕੀਤਾ ਜਾਵੇ। ਬਸ ਇਹੀ ਅਉਸਰ ਹੈ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- ੬੩੧*

ਜੀਵਾਂ ਨੂੰ ਇਸ ਦੀ ਸੋਝੀ ਕਰਾਉਣ ਹਿਤ ਹੀ ਉਨ੍ਹਾਂ ਨੇ ਸਾਰਾ ਜੀਵਨ ਲਾ ਦਿਤਾ। ਆਪਣੀ ਨਿਜੀ ਜ਼ਿੰਦਗੀ ਦੇ ਸੁਖ ਅਰਾਮ ਤਿਆਗ ਕੇ ਗੁਰੂ ਦੇ ਪਰਨੇ ਹੋ ਕੇ 'ਜੀਅ ਦਾਨ' ਦੇ ਪਰਉਪਕਾਰੀ ਕਾਰਜ ਕੀਤੇ। ਇਸ ਸਫਲ ਜੀਵਨ ਨੇ ਹੋਰਨਾਂ ਦੇ ਜੀਵਨ ਸਫਲ ਕਰਨ ਹਿਤ ਇਕ ਨਹੀਂ ਅਨੇਕਾਂ ਸਾਧਨ ਵਰਤੇ। ਪਹਿਲਾ ਸਾਧਨ ਸੀ ਕਿ ਪਹਿਲਾਂ ਆਪ ਨਾਮ-ਬਾਣੀ ਦੀ ਕਮਾਈ ਕੀਤੀ। ਦਿਨ-ਰਾਤ ਨਾਮ ਦੀ ਕਮਾਈ ਕਰਕੇ, ਪਿਛਲੇ ਜਨਮਾਂ ਦੀ ਤਪਸਿਆ ਸਦਕਾ ਬਚਪਨ ਤੋਂ ਹੀ ਇਸ ਪਾਸੇ ਦ੍ਰਿੜ੍ਹਤਾ ਨਾਲ ਲਗ ਗਏ। ਪਿਛਲੇ ਜਨਮਾਂ ਦੀ ਸੋਝੀ ਹੋਣ ਕਰਕੇ ਦਾਦਾ ਜੀ ਤੇ ਬਾਪੂ ਜੀ ਨੂੰ ਜਨਮ ਤੋਂ ਪਹਿਲਾਂ ਹੀ ਜਣਾ ਦਿਤਾ ਸੀ ਕਿ ਉਹ ਦੂਜੀ ਵਾਰ ਜਨਮ ਲੈ ਕੇ ਫਿਰ ਲੰਮੀ ਉਮਰ ਤਕ ਰਹਿਣਗੇ। ਉਸੇ ਤਰ੍ਹਾਂ ਹੋਇਆ। ਇਕ ਵਾਰ ਘਰ 'ਚ ਜਨਮ ਲਿਆ, ਫਿਰ ਛੋਟੀ ਉਮਰ 'ਚ ਚਲੇ ਗਏ ਤੇ ਫਿਰ ਇਸੇ ਘਰ ਵਿਚ ਜਨਮ ਲੈ ਕੇ ਆਪ ਨਾਮ ਦੀਆਂ ਕਮਾਈਆਂ ਕਰਕੇ ਜੀਵਾਂ ਨੂੰ ਨਾਮ ਬਾਣੀ ਨਾਲ ਸਰਸ਼ਾਰ ਕੀਤਾ। ਬਚਪਨ ਤੋਂ ਹੀ ਅੰਮ੍ਰਿਤ ਦੀ ਦਾਤ ਲੈ ਕੇ ਨਾਮ ਬਾਣੀ ਦੀ ਸੋਝੀ ਹੋਣੀ, ਇਹ ਵੀ ਪਿਛਲੇ ਜਨਮਾਂ ਦੀ ਘਾਲਣਾ ਕਮਾਈ ਸਦਕਾ ਹੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਬਚਪਨ ਤੋਂ ਹੀ ਸਹਿਜ ਪਾਠ, ਸ੍ਰੀ ਅਖੰਡ ਪਾਠ ਵਿਚ ਸੇਵਾ ਨਿਭਾ ਕੇ ਕਰਨਾ। ਸੰਗਤਾਂ ਨੇ ਵੱਡੇ ਉਤਸ਼ਾਹ ਤੇ ਚਾਅ ਨਾਲ ਇਨ੍ਹਾਂ ਤੋਂ ਰਸ ਭਿੰਨੀ ਸੁਰੀਲੀ ਅਵਾਜ਼ ਵਿਚ ਬਾਣੀ ਸੁਣ ਕੇ ਆਪਣੇ ਆਪ ਨੂੰ ਭਾਗਸ਼ੀਲ ਸਮਝਣਾ। ਪਿਛਲੀਆਂ ਕਮਾਈਆਂ ਸਦਕਾ ਸਮਾਂ ਆਉਣ ਤੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦਾ ਮਿਲਾਪ ਹੋਇਆ। ਪਹਿਲੀ ਮਿਲਣੀ/ ਤੱਕਣੀ ਵਿਚ ਹੀ ਦਿਲਾਂ ਦੇ ਸੌਦੇ ਹੋ ਗਏ। ਪਿਆਰੇ ਨੂੰ ਪਿਆਰੇ ਦਾ ਮਿਲਾਪ ਹੋ ਗਿਆ। ਇਕੋ ਹੀ ਦ੍ਰਿਸ਼ਟੀ ਨਾਲ ਸ਼ੰਕੇ ਨਵਿਰਤ ਹੋ ਗਏ।

***'ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥'*** ***(ਅੰਗ-੯੯੯)*** ਇਸ ਅਬੁੱਝ ਬੁਝਾਰਤ ਨੂੰ ਸੁਲਝਾਉਣ ਹਿਤ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ 45 ਮਿੰਟ ਨੇਤਰ ਬੰਦ ਸਮਾਧੀ 'ਚ ਲੀਨ ਹੋ ਕੇ ਫੁਰਮਾਇਆ ਕਿ ਅੱਜ ਸੋਹਾਗਣ ਨੂੰ ਸੋਹਾਗਣ ਮਿਲੀ ਹੈ। ਬਸ ਇਕ ਕਦਮ ਰਹਿੰਦਾ ਹੈ, ਉਹ ਵੀ ਪੁੱਟ ਲਉ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਖਸ਼ਿਸ਼ ਸਦਕਾ ਪੁੱਟ ਲਿਆ ਬਾਕੀ ਰਹਿੰਦਾ ਕਦਮ। ਹੋ ਗਏ ਪੂਰੇ ਸੂਰੇ-

*ਆਠ ਪਹਰ ਪ੍ਰਭ ਬਸਹਿ ਹਜੂਰੇ ॥*
*ਕਹੁ ਨਾਨਕ ਸੇਈ ਜਨ ਪੂਰੇ ॥* *ਅੰਗ - ੨੮੬*

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥* *ਅੰਗ- ੩੯੭*

ਕਰ ਲਈਆਂ ਨਾਮ ਬਾਣੀ ਦੀਆਂ ਕਮਾਈਆਂ। 24 ਘੰਟਿਆਂ ਵਿਚੋਂ 22-22 ਘੰਟੇ ਨਾਮ ਜਪਣਾ, ਸਮਾਧੀ ਸਥਿਤ ਰਹਿਣਾ -

*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ ॥* *ਅੰਗ- ੧੦੬*

ਇਸ ਘਾਲਣਾ ਕਮਾਈ ਬਾਰੇ ਉਹ ਆਪਣੇ ਮੁਖਾਰਬਿੰਦ ਤੋਂ ਕਦੇ-ਕਦੇ ਬਿਆਨ ਕਰ ਦਿੰਦੇ ਕਿ ਇਸ ਤਰ੍ਹਾਂ ਕਠਿਨ ਘਾਲਣਾ ਨਾਲ ਨਾਮ ਦੀ ਕਮਾਈ ਕੀਤੀ ਹੈ ਤਾਂ ਜੋ ਸਾਡੇ ਵਰਗਿਆਂ ਵਿਚ ਵੀ ਇਸ ਨਾਮ ਦੀ ਕਮਾਈ ਪ੍ਰਤੀ ਉਤਸ਼ਾਹ ਪੈਦਾ ਹੋ ਸਕੇ। ਇਸ ਘਾਲਣਾ ਕਮਾਈ ਨਾਲ ਪਹਿਲਾਂ ਉਹਨਾਂ ਨੇ ਆਪਣੇ ਆਪ ਤੇ ਪਰਉਪਕਾਰ ਕੀਤਾ। ਆਪਣਾ ਭਲਾ ਕੀਤਾ ਫੇਰ ਲੋਕਾਈ ਦੇ ਭਲੇ ਦੀ ਡਿਊਟੀ ਨਿਭਾਉਣ ਹਿਤ ਤੁਰ ਪਏ, ਜ਼ਿੰਦਗੀ ਦੇ ਸੁਖ ਅਰਾਮ ਛੱਡ ਕੇ।

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ*

ਐਸਾ ਪਰਉਪਕਾਰ ਦਾ ਝਰਨਾ ਵਗਿਆ, ਕਰ ਦਿਤਾ ਅਨੇਕਾਂ ਨੂੰ ਤਰ। ***'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥'****(ਅੰਗ-੨੭੩)* ਐਸੀ ਅਰਦਾਸ ਤੇ ਅਵਸਥਾ ਸੀ ਉਨ੍ਹਾਂ ਦੀ।

*ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥*
*ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥ ਅੰਗ- ੮੧੫*

ਇਹ ਪਰਉਪਕਾਰ ਅੱਜ ਵੱਖ-ਵੱਖ ਰੂਪਾਂ 'ਚ ਲੋਕਾਈ ਨੂੰ ਸ਼ਾਂਤੀ, ਠੰਢਕ ਪਹੁੰਚਾ ਰਹੇ ਹਨ। ਹੋ ਰਹੇ ਹਨ ਜੀਵਨ ਸਫ਼ਲ ਅਨੇਕਾਂ ਦੇ। 'ਰਤਵਾੜਾ ਸਾਹਿਬ' ਅਸਥਾਨ ਦੀ ਸਥਾਪਨਾ, 24 ਘੰਟੇ ਗੁਰੂ ਕੇ ਲੰਗਰਾਂ ਅਤੇ ਗੁਰਬਾਣੀ ਦੇ ਪ੍ਰਵਾਹ ਨਾਲ, ਮਾਨਵਤਾ ਸਰੀਰਕ ਭੁੱਖ ਤੇ ਆਤਮਿਕ ਭੁੱਖ ਤੋਂ ਤ੍ਰਿਪਤੀ ਪ੍ਰਾਪਤ ਕਰ ਰਹੀ ਹੈ। ਸਕੂਲ/ਕਾਲਜਾਂ ਰਾਹੀਂ ਮਿਆਰੀ ਵਿਦਿਆ ਦੇ ਨਾਲ-ਨਾਲ ਰੂਹਾਨੀ/ਆਤਮਿਕ ਵਿਦਿਆ ਦੀ ਸੋਝੀ ਵੀ ਕਰਵਾਈ ਜਾ ਰਹੀ ਹੈ। ਹਸਪਤਾਲ ਰਾਹੀਂ, ਤਨ ਦੇ ਰੋਗੀਆਂ ਨੂੰ ਫਰੀ ਦਵਾਈ ਦੇ ਕੇ ਰਾਜ਼ੀ ਕੀਤਾ ਜਾ ਰਿਹਾ ਹੈ।

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ- ੨੫੯*

ਦੇ ਸਿਧਾਂਤ ਨੂੰ ਅਪਨਾਉਂਦਿਆਂ ***'ਸਰਬ ਰੋਗ ਕਾ ਅਉਖਦੁ ਨਾਮੁ ॥ (ਅੰਗ-੨੭੪)'*** ਦੀ ਦਵਾਈ ਵੰਡੀ। ਅਨੇਕਾਂ ਰੂਹਾਨੀ ਪੁਸਤਕਾਂ ਅਤੇ 'ਆਤਮ ਮਾਰਗ' ਮੈਗਜ਼ੀਨ ਦਾ ਸੰਚਾਲਨ 1995 ਦੀ ਵੈਸਾਖੀ ਤੋਂ ਕੀਤਾ ਜੋ ਪੂਰੇ 28 ਸਾਲ ਤੋਂ ਰੂਹਾਨੀ ਖੁਰਾਕ ਵੰਡ ਰਿਹਾ ਹੈ।

ਕੁਦਰਤੀ ਆਫ਼ਤਾਂ ਸਮੇਂ ਦੇਸ/ਵਿਦੇਸ਼ ਵਿਚ ਜਾ ਕੇ ਲੋੜਵੰਦਾਂ/ਪੀੜਤਾਂ ਦੀ ਸਹਾਇਤਾ ਕਰਨ ਦੀ ਚਾਲੀ ਪਾਈ। ਟਰੱਸਟ ਰਤਵਾੜਾ ਸਾਹਿਬ ਇਸ ਚਾਲੀ 'ਤੇ ਚਲਦਿਆਂ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਦੇ ਰਿਹਾ ਹੈ ਪਹਿਰਾ ਉਨ੍ਹਾਂ ਪੂਰਨਿਆਂ 'ਤੇ ਜੋ ਉਨ੍ਹਾਂ ਵਲੋਂ ਪਰਉਪਕਾਰ ਲਈ ਪਾਏ ਹਨ। ਭਾਵੇਂ 1994 ਦੇ ਪੰਜਾਬ ਦੇ ਹੜ੍ਹ, ਗੁਜਰਾਤ ਦੇ ਭੁਚਾਲ, ਉੜੀਸਾ ਦੀਆਂ ਸੁਨਾਮੀਆਂ, ਉਤਰਾਖੰਡ, ਯੂ.ਪੀ ਦੇ, ਜੰਮੂ ਕਸ਼ਮੀਰ ਦੇ ਹੜ੍ਹ/ ਤੁਫਾਨ, ਨੇਪਾਲ ਵਿਚ ਭੁਚਾਲ, ਪੰਜਾਬ ਦੇ ਹੜ੍ਹ ਤੇ ਕਰੋਨਾ ਕਾਲ, ਅਤੇ ਕਿਸਾਨੀ ਅੰਦੋਲਨ ਸਮੇਂ ਵੱਧ ਚੜ੍ਹ ਕੇ ਟਰੱਸਟ ਵਲੋਂ ਸੇਵਾਵਾਂ ਨਿਭਾਈਆਂ ਗਈਆਂ। ਇਹ ਸੇਵਾਵਾਂ ਭਵਿੱਖ ਵਿਚ ਵੀ ਜਾਰੀ ਰਹਿਣਗੀਆਂ। ਐਸੀ ਭਾਵਨਾ ਹਿਤ ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਸਮੂੰਹ ਟਰੱਸਟ ਮੈਂਬਰ ਦਿਨ ਰਾਤ ਸੰਗਤਾਂ ਦੀ ਸੇਵਾ ਵਿਚ ਹਾਜ਼ਰ ਤੇ ਤਤਪਰ ਹਨ। ਐਸੀਆਂ ਸੇਧਾਂ ਬਖਸ਼ੀਆਂ ਹਨ, ਐਸੇ ਪੂਰਨੇ ਪਾਏ ਹਨ ਪਿਆਰੇ ਮਹਾਂਪੁਰਸ਼ਾਂ ਨੇ।

ਪਿਆਰੇ ਮਹਾਂਪੁਰਸ਼ਾਂ ਸਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਨੇ ਆਪ ਪਰਉਪਕਾਰੀ ਜੀਵਨ ਬਸਰ ਕੀਤਾ। ਸਰੀਰ ਵਿਚ ਰਹਿ ਕੇ ਵੀ ਪਰਉਪਕਾਰ ਦੇ ਚਸਮੇਂ ਚਲਾਏ। ਗੁਰੂ ਬਖਸ਼ਿਸ਼ ਸਦਕਾ ਉਨ੍ਹਾਂ ਦੇ ਸਰੀਰ ਪ੍ਰਤੀਤਿਆਗ ਤੋਂ ਬਾਅਦ ਵੀ ਉਨ੍ਹਾਂ ਵਲੋਂ ਆਰੰਭੇ ਪਰਉਪਕਾਰ ਕਾਰਜ ਜਾਰੀ ਹਨ।

ਇਹ ਸਾਰੀ ਬਖਸ਼ਿਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੈ। ਹੁਣ ਵੀ ਉਨ੍ਹਾਂ ਦੇ ਅਨੁਭਵੀ ਪ੍ਰਵਚਨਾਂ ਨੂੰ ਮੀਡੀਏ ਰਾਹੀਂ ਪੜ੍ਹ ਸੁਣ ਕੇ ਸੰਗਤਾਂ ਲਾਹੇ ਪ੍ਰਾਪਤ ਕਰ ਰਹੀਆਂ ਹਨ। ਇਹ ਵੱਡਾ ਪਰਉਪਕਾਰ ਹੈ ਕਿ ਰੱਬ ਨਾਲੋਂ ਟੁੱਟੇ ਹੋਏ ਨੂੰ ਉਸ ਨਾਲ ਮਿਲਾ ਦੇਣਾ। ਉਨ੍ਹਾਂ ਤੇ ਅਕਾਲ ਪੁਰਖ ਵਾਹਿਗੁਰੂ ਦੀ ਬਖਸ਼ਿਸ਼ ਸੀ। ***'ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥'*** *(ਅੰਗ-੨੮੯)* ਦੇ ਸਿਧਾਂਤ 'ਤੇ ਚਲਦਿਆਂ ਜੀਵਨ ਬਸਰ ਕੀਤਾ। ਲੋੜ ਹੈ ਐਸੇ ਜੀਵਨ ਤੋਂ ਸੇਧ ਲੈਣ ਦੀ। ਕਰੀਏ ਅਰਦਾਸ-

*ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥*
*ਅੰਗ - ੧੫੭*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ- ੬੯੪*

ਇਹੀ ਅਰਦਾਸ ਕਰਦਾ ਸੰਗਤਾਂ 'ਤੇ ਪਾਠਕ ਜਨਾਂ ਤੋਂ ਖਿਮਾ ਦਾ ਜਾਚਕ ਹਾਂ। 17 ਜੂਨ 2023 ਨੂੰ ਉਨ੍ਹਾਂ ਦੇ ਜਨਮ ਦਿਨ ਦੇ ਸਬੰਧ ਵਿਚ ਵਿਸ਼ੇਸ਼ ਗੁਰਮਤਿ ਸਮਾਗਮ ਰਤਵਾੜਾ ਸਾਹਿਬ ਵਿਖੇ ਹੋ ਰਹੇ ਹਨ। ਉਸ ਦਿਨ ਅੰਮ੍ਰਿਤ ਸੰਚਾਰ ਵੀ ਹੋਣਗੇ। ਸੰਗਤਾਂ ਨੂੰ ਪਹੁੰਚਣ ਲਈ ਹਾਰਦਿਕ ਬੇਨਤੀ ਹੈ ਜੀ।

*ਮੈਨੇਜਿੰਗ ਐਡੀਟਰ*
*ਭਾਈ (ਡਾ.) ਸੁਖਵਿੰਦਰ ਸਿੰਘ*

# ਆਸਾੜ੍ਹ
# ਸੰਗਰਾਂਦ - ਜੂਨ 15 (ਦਿਨ ਵੀਰਵਾਰ)

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥***
***ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥***
***ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥***
***ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥***
***ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥***
***ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥***
***ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥***
***ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥***
***ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥***
***ਅੰਗ - ੧੩੪***

ਜੇਠ ਦੇ ਮਹੀਨੇ ਗੁਰੂ ਮਹਾਰਾਜ ਜੀ ਨੇ ਸਪਸ਼ਟ ਕੀਤਾ ਸੀ ਕਿ ਪ੍ਰਭੂ ਅੱਗੇ ਸਾਰੇ ਖੰਡ-ਬ੍ਰਹਿਮੰਡ, ਦੇਵੀ, ਦੇਵ-ਦਾਨਵ ਨਿਵ ਰਹੇ ਹਨ। ਕੋਈ ਵੀ ਉਸ ਤੋਂ ਆਕੀ ਨਹੀਂ ਹੈ। ਉਸ ਦੇ ਨਾਲ ਅਸਾਨੂੰ ਜੁੜਨਾ ਹੈ ਜੋ ਪਰਮ ਸੁਖਾਂ ਦਾ ਦਾਤਾ ਹੈ। ਵਾਹਿਗੁਰੂ ਜੀ ਤੋਂ ਬਾਹਰ ਕੋਈ ਵੀ ਨਹੀਂ ਹੈ। ਭਾਵੇਂ ਕਈ ਧਾਰਮਿਕ ਨਿਸ਼ਚਿਆਂ ਦੇ ਵਿਚ ਇਹ ਗੱਲ ਆਉਂਦੀ ਹੈ ਕਿ ਵਾਹਿਗੁਰੂ ਜੀ ਤੋਂ ਸ਼ੈਤਾਨ ਬਾਗੀ ਹੋ ਗਿਆ ਅਤੇ ਦੁਨੀਆਂ ਨੂੰ ਭਲੇ ਕੰਮਾਂ ਤੋਂ ਭਟਕਾ ਕੇ ਐਸ਼ੋ ਇਸ਼ਰਤ, ਪਾਪਾਂ ਦੇ ਵਿਚ ਪ੍ਰਵਿਰਤ ਕਰਾ ਕੇ ਦੋਜ਼ਕ ਦੀ ਅੱਗ ਵਿਚ ਸੜਨ ਦਾ ਅਧਿਕਾਰੀ ਬਣਾ ਦਿਤਾ। ਉਹ ਨਾ ਤਾਂ ਕੋਈ ਉਪਦੇਸ਼ ਸੁਣਨ ਦਿੰਦਾ ਹੈ ਅਤੇ ਨਾ ਹੀ ਕੋਈ ਜਪ ਤਪ ਕਰਨ ਦਿੰਦਾ ਹੈ, ਉਸਨੂੰ ਸ਼ੈਤਾਨ ਆਖਿਆ ਜਾਂਦਾ ਹੈ। ਇਹ ਫਰਿਸ਼ਤਾ ਖੁਦਾ ਦੇ ਹੁਕਮ ਦੇ ਸਾਮ੍ਹਣੇ ਨਾ ਫੁਰਮਾਨੀ ਵਿਚ ਆ ਗਿਆ, ਇਸਨੂੰ ਰੱਬੀ ਸਭਾ ਵਿਚੋਂ ਕੱਢ ਦਿਤਾ ਗਿਆ ਅਤੇ ਇਸ ਨੇ ਕਿਹਾ ਕਿ ਐ ਖੁਦਾ! ਮੈਂ ਕਿਸੇ ਨੂੰ ਵੀ ਤੇਰੇ ਨਾਲ ਪਿਆਰ ਨਹੀਂ ਕਰਨ ਦੇਵਾਂਗਾ ਅਤੇ ਨਾ ਹੀ ਕਿਸੇ ਨੂੰ ਸੱਚ ਦੇ ਰਾਹ ਤੇ ਤੁਰਨ ਦੇਵਾਂਗਾ। ਜੋ ਤੇਰੇ ਬੰਦੇ ਹਦਾਇਤਾਂ ਕਰਨ ਵਾਲੇ, ਨਸੀਹਤਾਂ ਕਰਨ ਵਾਲੇ ਹੋਣਗੇ, ਉਹ ਵੀ ਮੇਰੇ ਹੀ ਬੰਦੇ ਹੋਣਗੇ, ਉਹ ਮੇਰੀ ਬੋਲੀ ਬੋਲਣਗੇ। ਲੋਕਾਂ ਨੂੰ ਮਦਰਾ, ਮਾਸ ਅਤੇ ਭੋਗ ਵਿਲਾਸਾਂ ਵਿਚ ਲਗਾ ਦੇਵਾਂਗਾ। ਉਹ ਦੂਜਿਆਂ ਨੂੰ ਵੀ ਅਜਿਹਾ ਹੀ ਉਪਦੇਸ਼ ਦੇਣਗੇ। ਬਾਬਾ ਫਰੀਦ ਜੀ ਇਸ ਫਰਿਸ਼ਤੇ ਦੀ ਸ਼ਕਤੀ ਅਨੁਭਵ ਕਰਕੇ ਫੁਰਮਾਨ ਕਰਦੇ ਹਨ ਕਿ -

***ਫਰੀਦਾ ਕੂਕੇਦਿਆ ਚਾਂਗੇਦਿਆ***
***ਮਤੀ ਦੇਦਿਆ ਨਿਤ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥***
***ਅੰਗ- ੧੩੭੯***

ਏਸੇ ਤਰ੍ਹਾਂ ਨਾਲ ਭਾਰਤੀ ਖਿਆਲ ਵੀ ਹੈ ਕਿ ਹੁਣ ਕਲਜੁਗ ਦਾ ਸਮਾਂ ਚਲ ਰਿਹਾ ਹੈ। ਕਰਮ ਧਰਮ ਨੂੰ ਇਹ ਫਲੀਭੂਤ ਨਹੀਂ ਹੋਣ ਦਿੰਦਾ। ਬੁੱਧ ਧਰਮ ਦੇ ਅਚਾਰੀਆ ਦਾ ਖਿਆਲ ਹੈ ਕਿ ਮਾਰ ਦੇਵਤਾ ਆਦਮੀ ਨੂੰ ਪੁੱਠੇ ਰਾਹ ਪਾਉਂਦਾ ਹੈ, ਇਨ੍ਹਾਂ ਨੂੰ ਪ੍ਰਭੂ ਤੋਂ ਆਕੀ ਦਸਦੇ ਹਨ ਪਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਵਾਹਿਗੁਰੂ ਜੀ ਸਭ ਤੋਂ ਵੱਡੇ ਹਨ ਅਤੇ ਉਸ ਦੇ ਅੱਗੇ ਸਾਰੇ ਨਿਵਦੇ ਹਨ।

ਹੁਣ ਅਸਾੜ ਦੇ ਮਹੀਨੇ ਬਾਰੇ ਫੁਰਮਾਨ ਹੈ ਕਿ ਅਸਾੜ ਵਿਚ ਅਤਿ ਦੀ ਗਰਮੀ ਹੋਇਆ ਕਰਦੀ ਹੈ ਪਰ ਜਿਨ੍ਹਾਂ ਦੇ ਅੰਦਰ ਵਾਹਿਗੁਰੂ ਜੀ ਦੇ ਪਿਆਰ ਦੀਆਂ ਕਾਂਗਾਂ ਉਠਦੀਆਂ ਹਨ, ਉਨ੍ਹਾਂ ਨੂੰ ਅਸਾੜ ਦੀ ਗਰਮੀ ਪੋਹ ਨਹੀਂ ਸਕਦੀ। ਜਿਹੜੇ ਹਿਰਦੇ ਮਾਇਆ ਅਗਨ ਨੇ ਜਾਲ ਦਿਤੇ ਹਨ, ਉਨ੍ਹਾਂ ਨੂੰ ਇਹ ਮਹੀਨਾ ਤਪਸ਼ ਭਰਿਆ ਲਗਦਾ ਹੈ ਪਰ ਜੋ ਨਾਮ ਨਾਲ ਜੁੜੇ ਹਨ, ਉਨ੍ਹਾਂ ਦਾ ਮਨ ਤੇ ਤਨ ਦੋਵੇਂ ਸੀਤਲ ਹੋਏ ਹੋਏ ਹਨ - ਨਾਮ ਦੀ ਠੰਢਕ ਨਾਲ। ਫੁਰਮਾਨ ਹੈ -

***ਉਠੰਦਿਆ ਬਹਿੰਦਿਆ ਸਵੰਦਿਆ ਸੁਖੁ ਸੋਇ॥***

*ਨਾਨਕ ਨਾਮਿ ਸਲਾਹਿਐ*
*ਮਨੁ ਤਨੁ ਸੀਤਲੁ ਹੋਇ॥ ਅੰਗ - ੩੨੧*

ਪਿਛਲੇ ਮਹੀਨੇ ਵਿਚ ਗੁਰੂ ਪੰਜਵੇਂ ਪਾਤਸ਼ਾਹ ਜੀ ਲਾਹੌਰ ਦੇ ਅੰਦਰ ਬੁਲਾਏ ਗਏ ਸਨ ਅਤੇ ਆਪ ਨੂੰ ਉਬਲਦੀਆਂ ਦੇਗਾਂ ਵਿਚ ਉਬਾਲਿਆ ਗਿਆ, ਅੱਗ ਵਰਗੀ ਲਾਲ ਹੋਈ ਤਵੀ ਦੇ ਉਪਰ ਬਿਠਾਇਆ ਗਿਆ, ਸੀਸ ਉਤੇ ਅੱਗ ਵਰਗਾ ਰੇਤਾ ਤੱਤਾ ਏਸ ਕਰਕੇ ਪਾਇਆ ਗਿਆ ਕਿ ਆਪ ਸੁਰਤ ਨੂੰ ਦਸਵੇਂ ਦੁਆਰ ਵਿਚ ਸਥਿਤ ਨਾ ਕਰ ਲੈਣ ਜਿਥੇ ਦੁਖ-ਸੁਖ, ਭੁਖ, ਪਿਆਸ ਨਹੀਂ ਵਿਆਪਿਆ ਕਰਦੀ ਜਿਵੇਂ ਕਿ ਬਾਣੀ ਅੰਦਰ ਦਸਦੇ ਹਨ -

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ॥*
*ਤਿਥੈ ਊਂਘ ਨ ਭੁਖ ਹੈ*
*ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ॥*
*ਅੰਗ - ੧੪੧੪*

ਪਰ ਗੁਰੂ ਮਹਾਰਾਜ ਜੀ ਨੇ ਨਾਮ ਦੀ ਸੀਤਲਤਾ ਐਤਨੀ ਵਰਤਾ ਦਿਤੀ ਕਿ ਜਦੋਂ ਮੀਆਂ ਮੀਰ ਜੀ ਇਹ ਹਾਲਤ ਵੇਖ ਕੇ ਉਚੀ ਆਖਦੇ ਹਨ, "ਮਹਾਨ ਜ਼ੁਲਮ! ਮਹਾਨ ਜ਼ੁਲਮ! ਘੋਰ ਜ਼ੁਲਮ! ਇਹ ਹਕੂਮਤ ਇਸ ਜ਼ੁਲਮ ਦੇ ਭਾਰ ਨਾਲ ਟੁੱਟ ਕੇ ਟੁਕੜੇ-ਟੁਕੜੇ ਹੋ ਜਾਵੇਗੀ।" ਉਸ ਵੇਲੇ ਗੁਰੂ ਮਹਾਰਾਜ ਜੀ ਪੀਰ ਮੀਆਂ ਮੀਰ ਨੂੰ ਵੀ ਰੋਕ ਦਿੰਦੇ ਹਨ ਕਿ ਪੀਰ ਜੀ! ਦੇਖਿਓ ਕੋਈ ਬਚਨ ਨਾ ਕਰ ਦਿਓ, ਬਦ-ਦੁਆ ਨਾ ਦੇ ਦੇਣੀ। ਪੀਰ ਕਹਿਣ ਲੱਗਿਆ ਕਿ ਮਹਾਰਾਜ! ਤੁਸੀਂ ਐਤਨਾ ਜ਼ੁਲਮ ਕਿਉਂ ਸਹਿਨ ਕਰ ਰਹੇ ਹੋ? ਤੁਹਾਡੀ ਇਕ ਨਿਗ੍ਹਾ ਇਸ ਸਾਰੇ ਬ੍ਰਹਿਮੰਡ ਨੂੰ ਸਮੇਟ ਸਕਦੀ ਹੈ, ਫਿਰ ਤੁਸੀਂ ਕਿਉਂ ਨਹੀਂ ਕਹਿ ਰਹੇ? ਮਹਾਰਾਜ ਕਹਿਣ ਲੱਗੇ ਕਿ ਮੀਆਂ ਮੀਰ! ਕਿਸ ਨੂੰ ਸਰਾਪ ਦੇਈਏ? ਐਥੇ ਤਾਂ ਵਾਹਿਗੁਰੂ ਜੀ ਤੋਂ ਬਗੈਰ ਹੋਰ ਹੈ ਹੀ ਕੋਈ ਨਹੀਂ। ਕਿਤਨੀ ਸ਼ਾਂਤੀ ਤਨ ਤੇ ਮਨ ਦੇ ਅੰਦਰ ਹੈ। ਗੁਰੂ ਮਹਾਰਾਜ ਜੀ ਨੇ ਪ੍ਰਤੱਖ ਰੂਪ ਵਿਚ ਜਣਾ ਦਿਤਾ ਕਿ ਅਸਾੜ ਦੀ ਤਪਸ਼, ਨਾਮ ਵਿਹੂਣਿਆਂ ਨੂੰ ਹੋਇਆ ਕਰਦੀ ਹੈ, ਜਿਹੜੇ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ, ਪੰਜਾਂ ਤੱਤਾਂ ਦੀ ਬਣੀ ਹੋਈ ਦੇਹ ਮੰਨਦੇ ਹਨ। ਜਿਨ੍ਹਾਂ ਦੀ ਸਥਿਤੀ ਆਤਮ ਸਰੂਪ ਵਿਚ ਹੋ ਚੁੱਕੀ ਹੈ, ਉਥੇ ਸਦੀਵ ਖੇੜਾ ਹੀ ਖੇੜਾ, ਅਨੰਦ ਹੀ ਅਨੰਦ ਹੈ; ਐਨੀ ਠੰਢਕ ਹੈ ਕਿ ਸਾਰੀ ਦੁਨੀਆਂ ਦੀ ਤਪਸ਼ ਦੂਰ ਕਰਨ ਦੇ ਸਮਰੱਥ ਹੋਇਆ ਕਰਦੀ ਹੈ। ਨਾਮ ਤੋਂ ਵਿਹੂਣਾ air conditioned ਠੰਢੇ ਕਮਰਿਆਂ ਦੇ ਅੰਦਰ ਬੈਠਾ ਵੀ ਮਨ ਦੀ ਤਪਸ਼ ਦੇ ਕਾਰਨ ਬੇਚੈਨੀ (frustration) 'ਚ ਹੋਇਆ ਕਰਦਾ ਹੈ, ਉਸ ਨੂੰ ਸੁੰਦਰ ਸੇਜਾਂ, ਅਨੇਕ ਸੁਖ, ਸੁਗੰਧੀਆਂ; ਸੁਖ ਨਹੀਂ ਦੇ ਸਕਦੀਆਂ। ਵਾਹਿਗੁਰੂ ਜੀ ਦੀ ਪਛਾਣ ਤੋਂ ਬਿਨਾਂ, ਜੋ ਇਸੇ ਸਰੀਰ ਵਿਚ ਆਪਣਾ ਆਸਣ ਲਾਈਂ ਸਭ ਕੁਝ ਕਰ ਰਹੇ ਹਨ, ਵਿਸ਼ਟਾ ਦੇ ਕੀੜੇ ਵਾਂਗੂੰ ਕੁਰਬਲ-ਕੁਰਬਲ ਕਰਦਾ, ਰਹਿੰਦਾ ਹੈ ਜਦ ਕਿ ਪਦਾਰਥਾਂ ਵਿਚ ਅੰਸ ਮਾਤਰ ਵੀ ਸੁਖ ਨਹੀਂ ਹੋਇਆ ਕਰਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ*
*ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ॥ ਅੰਗ - ੭੦੭*

ਵਾਹਿਗੁਰੂ ਜੀ ਨੂੰ ਛੱਡ ਕੇ, ਜੋ ਦੁਨੀਆਂ ਦੇ ਕਿਸੇ ਮਨੁੱਖ ਦੀ ਆਸ ਵਿਚ ਰਹਿੰਦੇ ਹਨ, ਉਹ ਸੁਖ ਨਹੀਂ ਮਾਣ ਸਕਿਆ ਕਰਦੇ -

*ਜਗਜੀਵਨ ਪੁਰਖੁ ਤਿਆਗਿ ਕੈ*
*ਮਾਣਸ ਸੰਦੀ ਆਸ॥ ਅੰਗ-੧੩੪*

ਕਿਉਂਕਿ ਜਿਸ ਮਨੁੱਖ ਦੀ ਉਹ ਆਸ ਰੱਖਦੇ ਹਨ, ਉਹ ਮਨੁੱਖ ਤਾਂ ਆਪ ਹੀ ਦੁਖਾਂ ਨਾਲ ਭਰਿਆ ਪਿਆ ਹੈ, ਉਹ ਕਿਸੇ ਨੂੰ ਕੀ ਸੁਖ ਦੇ ਸਕਦਾ ਹੈ। ਗੁਰੂ ਮਹਾਰਾਜ ਜੀ ਦਸਦੇ ਹਨ ਕਿ ਐ ਮਨੁੱਖ! ਜੇ ਤੂੰ ਆਸ ਕਰਨੀ ਹੈ ਤਾਂ ਇਕ ਵਾਹਿਗੁਰੂ ਜੀ ਦੀ ਆਸ ਰੱਖ, ਜਿਸ ਦੇ ਘਰ ਸਭ ਕੁਝ ਹੈ, ਜੋ ਤੇਰੇ ਸਾਰੇ ਦੁਖਾਂ ਦਾ ਇਲਾਜ ਕਰ ਸਕਦਾ ਹੈ। ਉਸ ਨੇ ਤੇਰੀਆਂ ਕਮੀਆਂ ਨੂੰ ਦੇਖ ਕੇ ਤੇਰੇ ਅੰਦਰ ਪਹਿਲਾਂ ਹੀ ਸੁਖਾਂ ਦਾ ਰਤਨ ਰੂਪੀ ਨਾਮ, ਸਰੀਰ ਵਿਚ ਰੱਖ ਦਿਤਾ ਹੈ -

*ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਅੰਗ - ੨੯੩*

*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥*
*ਅੰਗ - ੨੫੯*

ਇਹ ਦਵਾਈ ਸਮਰੱਥ ਗੁਰੂ ਦੀ ਦੱਸੀ ਹੋਈ ਜੁਗਤ ਦੇ ਮੁਤਾਬਿਕ ਅੰਦਰੋਂ ਪ੍ਰਾਪਤ ਹੋ ਸਕਦੀ ਹੈ। ਇਸ ਕਰਕੇ ਤੂੰ ਮਾਨਸ ਦੀ ਆਸ ਛੱਡ ਕੇ ਵਾਹਿਗੁਰੂ ਜੀ ਦੀ ਆਸ ਵਿਚ ਰਹਿ, ਜੋ ਤੇਰੇ ਘਟ-ਘਟ ਵਿਚ ਵਿਆਪਕ ਹੈ। ਉਹ ਆਪ ਹੀ ਆਪਣੀ ਮੌਜ ਵਿਚ ਕ੍ਰਿਆ ਕਰ ਰਿਹਾ ਹੈ, ਇਕ ਅਗੰਮੀ ਖੇਲ੍ਹ ਖੇਡ ਰਿਹਾ ਹੈ, ਉਸ ਅਗੋਚਰ ਨੂੰ ਪਛਾਣ ਅਤੇ ਜੋ ਤੇਰੇ ਅੰਦਰ ਮੈਂ ਭਾਵ ਹੈ, ਉਹ ਇਕ ਪ੍ਰਛਾਵਾਂ ਹੈ, ਝੂਠਾ ਹੈ, ਉਹ ਅਣਹੋਣੀ ਚੀਜ਼ ਹੈ, ਜਿਸਨੂੰ ਅਗਿਆਨ ਦਾ ਭਰਮ ਭੁਲਾਵਾ ਆਖਿਆ ਜਾਂਦਾ ਹੈ। ਤੂੰ ਆਪਣੇ ਆਪ ਨੂੰ ਵਾਹਿਗੁਰੂ ਤੋਂ

ਵਖਰਾ ਮੰਨ ਕੇ ਜਨਮ ਮਰਨ ਦੇ ਚੱਕਰ ਵਿਚ ਪਿਆ ਹੋਇਆ ਹੈਂ ਅਤੇ ਜਮਾਂ ਦੀ ਫਾਹੀ ਖਰਬਾਂ-ਖਰਬਾਂ ਸਾਲ ਦੀ ਤੇਰੇ ਗਲ ਵਿਚ ਪੈ ਚੁੱਕੀ ਹੈ ਪਰ ਤੂੰ ਪੂਰੇ ਸਤਿਗੁਰੂ ਨੂੰ ਮਿਲ ਕੇ ਇਸ ਝੂਠੇ ਅਧਿਆਸ ਦੇ ਜਾਲ ਵਿਚੋਂ ਬਾਹਰ ਨਹੀਂ ਨਿਕਲ ਸਕਿਆ। ਪਹਿਲਾਂ ਤਾਂ ਤੂੰ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨਦਾ ਹੈਂ, ਫੇਰ ਤੂੰ ਆਪਣੇ ਆਪ ਨੂੰ ਸੂਖਸ਼ਮ ਸਰੀਰ ਮੰਨਣ ਲਗ ਜਾਂਦਾ ਹੈਂ, ਕਾਰਨ ਸਰੀਰ ਮੰਨਦਾ ਹੈਂ ਅਤੇ ਇਸ ਤੋਂ ਵੀ ਉਪਰ ਜੇ ਸੁਰਤ ਉਚੀ ਹੋ ਜਾਵੇ ਤਾਂ ਤੂੰ ਆਪਣੇ ਆਪ ਨੂੰ ਜੀਵ ਮੰਨਦਾ ਰਹਿੰਦਾ ਹੈਂ ਪਰ ਹਨੇਰ੍ਹੇ ਵਿਚ ਭੁੱਲਿਆ ਹੋਇਆ ਤੂੰ ਨਹੀਂ ਜਾਣਦਾ ਕਿ ਤੇਰਾ ਸਰੂਪ 'ਆਤਮਾ' ਹੈ; ਤੇਰੇ ਅਤੇ ਵਾਹਿਗੁਰੂ ਵਿਚ ਕੋਈ ਵੀ ਫਰਕ ਨਹੀਂ ਹੈ। ਇਸ ਪ੍ਰਕਾਸ਼ ਤੋਂ ਹੀਣਾ ਰਹਿ ਕੇ ਤੂੰ ਜਮਾਂ ਦੀ ਫਾਸੀ ਗਲ ਵਿਚ ਪਾਈ ਹੋਈ ਹੈ-

*ਦੂਯੈ ਭਾਇ ਵਿਗੁਚੀਐ*
*ਗਲਿ ਪਈਸੁ ਜਮ ਕੀ ਫਾਸ॥ ਅੰਗ - ੧੩੪*

ਇਹ ਤੇਰੇ ਹੀ ਕੀਤੇ ਹੋਏ ਕਰਮਾਂ ਦਾ ਫਲ ਹੈ ਜੋ ਤੈਨੂੰ ਭੋਗਣੇ ਪੈ ਰਹੇ ਹਨ -

*ਜੇਹਾ ਬੀਜੈ ਸੁ ਲੁਣੈ ਮਥੈ ਜੋ ਲਿਖਿਆਸੁ॥*
*ਅੰਗ - ੧੩੪*

ਕੀਤੇ ਹੋਏ ਕਰਮਾਂ ਦਾ ਫਲ ਐਥੇ ਵੀ ਭੁਗਤਣਾ ਪੈਂਦਾ ਹੈ, ਦਰਗਾਹ ਵਿਚ ਜਾ ਕੇ ਵੀ ਭੋਗਦਾ ਹੈ। ਮਾੜੇ ਕਰਮਾਂ ਦੇ ਫਲ ਕਰਕੇ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਾਧਾਣੀਆ*
*ਤਿਉ ਮਥੇ ਧ੍ਰਮ ਰਾਇ॥ ਅੰਗ - ੧੪੨੫*

ਕਰਮ ਹਮੇਸ਼ਾਂ ਹਉਮੈ ਨੂੰ ਭੋਗਣੇ ਪੈਂਦੇ ਹਨ। ਹਉਮੈ ਇਕ ਜਜ਼ਬਾ ਹੈ ਜਿਸ ਦੇ ਅਧੀਨ ਹੋਈ ਚੇਤਨ ਸੁਰਤ ਆਪਣੇ ਆਪ ਨੂੰ ਵਾਹਿਗੁਰੂ ਜੀ ਤੋਂ ਵਖਰੀ ਮੰਨਦੀ ਹੈ। ਸਤਿਸੰਗ, ਮਹਾਂਪੁਰਸ਼ਾਂ ਦੀ ਸੰਗਤ ਤੋਂ ਹੀਣਾ ਰਹਿ ਕੇ ਪੁਰਸ਼ ਮਾਇਆ ਦੇ ਰਸਾਂ-ਕਸਾਂ ਵਿਚ ਉਲਝ ਜਾਂਦਾ ਹੈ ਅਤੇ ਮੇਰੀ ਹੀ ਮੇਰੀ ਕਰਕੇ ਜਨਮ ਬਿਰਥਾ ਗੁਆ ਲੈਂਦਾ ਹੈ। ਇਹ ਉਮਰ ਰੂਪੀ ਰੈਣ ਲੰਘ ਜਾਂਦੀ ਹੈ, ਪਛਤਾਵਾ ਪੱਲੇ ਰਹਿ ਜਾਂਦਾ ਹੈ; ਆਇਆ ਤਾਂ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸੀ। ਵਾਹਿਗੁਰੂ ਜੀ ਇਸ ਦੇ ਅੰਦਰ ਆਸਣ ਲਾਈ ਇਸ ਦਾ ਇੰਤਜ਼ਾਰ ਕਰ ਰਹੇ ਹਨ। ਸੰਤ, ਮਹਾਂਪੁਰਸ਼ ਹਾਕਾਂ ਮਾਰ-ਮਾਰ ਕੇ ਇਸਨੂੰ ਖਬਰਦਾਰ ਕਰਦੇ ਹਨ, ਯਾਦ ਕਰਾਉਂਦੇ ਹਨ ਕਿ ਤੂੰ ਮਾਤਾ ਦੇ ਉਦਰ ਵਿਚ ਸਵਾਸ-ਸਵਾਸ ਨਾਮ ਧੁਨ ਵਿਚ ਮਸਤ ਸੀ, ਉਸ ਨਾਮ ਧੁਨ ਕਰਕੇ ਤੇਰੇ ਅੰਦਰ ਪ੍ਰਕਾਸ਼ ਸੀ। ਇਕ ਸਮਾਧੀ ਦੀ ਅਵਸਥਾ ਵਿਚ ਲੀਨ ਹੋਇਆ ਗਰਭ ਅਗਨ ਤੋਂ ਬਚ ਕੇ ਸੰਸਾਰ ਵਿਚ ਆਇਆ। ਪਰ ਫਿਰ ਮਾਇਆ ਦੇ ਅਸਰ ਵਿਚ ਫਸ ਕੇ ਉਸ ਪ੍ਰਭੂ ਨੂੰ ਭੁੱਲ ਕੇ ਫਿਰ ਉਨ੍ਹਾਂ ਕੰਮਾਂ ਵਿਚ ਲਗ ਗਿਆ ਜਿਨ੍ਹਾਂ ਨਾਲ ਅਨੇਕਾਂ ਵਾਰੀ ਜਨਮ ਮਰਨ ਦੇ ਦੁਖ ਕੱਟ ਚੁਕਿਆ ਹੈ -

*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥*
*ਉਰਝਿ ਪਰੇ ਜੋ ਛੋਡਿ ਛਡਾਨਾ॥*
*ਦੇਵਨਹਾਰੁ ਮਨਹਿ ਬਿਸਰਾਨਾ॥ ਅੰਗ - ੨੫੧*

ਇਹ ਗੱਲਾਂ ਤੇਰੇ ਚਿਤ ਚੇਤੇ ਵੀ ਨਾ ਰਹੀਆਂ ਅਤੇ ਨਾ ਹੀ ਸਤਿਪੁਰਸ਼ਾਂ ਦੀ ਸਤਿ ਦੀ ਆਵਾਜ਼ ਤੂੰ ਮੰਨੀਂ, ਸਗਵਾਂ ਇਸ ਦੇ ਵਿਪਰੀਤ, ਸਤਿਪੁਰਸ਼ਾਂ ਦੀ ਨਿੰਦਿਆ ਕਰਦਾ ਰਿਹਾ। ਫਲ ਕੀ ਹੋਇਆ ? ਸਮਾਂ ਗੁਜ਼ਰ ਗਿਆ, ਜਮ ਫੇਰ ਫੰਧਾ ਲੈ ਕੇ ਆ ਗਏ, ਗਲ ਵਿਚ ਪਾ ਲਿਆ; ਫੇਰ ਪਛਤਾਇਆ -

*ਰੈਣਿ ਵਿਹਾਣੀ ਪਛੁਤਾਣੀ*
*ਉਠਿ ਚਲੀ ਗਈ ਨਿਰਾਸ॥*
*ਜਿਨ ਕੌ ਸਾਧੂ ਭੇਟੀਐ*
*ਸੋ ਦਰਗਹ ਹੋਇ ਖਲਾਸੁ॥ ਅੰਗ - ੧੩੪*

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥ ਅੰਗ - ੪੬੪*

ਜੋ ਕੁਝ ਸੰਸਾਰ ਵਿਚ ਪਾਪਾਂ ਨਾਲ, ਮਾਇਆ ਇਕੱਠੀ ਕੀਤੀ ਸੀ, ਉਹ ਤੁਰਦਿਆਂ ਨਾਲ ਨਾ ਗਈ। ਮਾਇਆ ਦਾ ਮੋਹ ਪਰਲੋਕ ਵਿਚ ਵੀ ਇਸਨੂੰ ਜਲਾਉਂਦਾ ਹੈ। ਪਰ ਇਕਨਾਂ ਨੂੰ ਸੋਝੀ ਆ ਗਈ, ਉਸਨੇ ਸਤਿਪੁਰਸ਼ਾਂ, ਸਾਧੂਆਂ, ਸੰਤਾਂ, ਆਰਫਾਂ, ਪੀਰਾਂ, ਫਕੀਰਾਂ ਦੀ ਹੱਕ ਦੀ ਅਵਾਜ਼ ਸੁਣੀ ਅਤੇ ਸਮਰੱਥ ਗੁਰੂ ਤੋਂ ਸ਼ਬਦ ਪ੍ਰਾਪਤ ਕਰਕੇ ਘਾਲ ਕਮਾਈ ਕੀਤੀ; ਉਹ ਜਦੋਂ ਇਸ ਸੰਸਾਰ ਤੋਂ ਜਾਂਦਾ ਹੈ ਤਾਂ ਧੰਨ-ਧੰਨ ਹੁੰਦੀ ਹੈ, ਜੈ-ਜੈ ਕਾਰ ਹੁੰਦੀ ਹੈ। ਉਨ੍ਹਾਂ ਨੂੰ ਜਮਦੂਤ ਅਰੇ-ਅਰੇ ਨਹੀਂ ਕਹਿੰਦੇ, ਸਗੋਂ ਜਮ ਆਦਰ ਦਿੰਦੇ ਹਨ, ਸੇਵਾ ਕਰਦੇ ਹਨ-

*ਜਿਨ ਕੌ ਸਾਧੂ ਭੇਟੀਐ*
*ਸੋ ਦਰਗਹ ਹੋਇ ਖਲਾਸੁ॥ ਅੰਗ - ੧੩੪*

ਸਾਧੂਆਂ ਦੀ ਸੰਗਤ ਕਰਕੇ ਕੀ ਮਿਲਿਆ ਤੇ ਕੀ ਘਾਲ ਕਮਾਈ ਕੀਤੀ, ਗੁਰੂ ਜੀ ਦਾ ਫੁਰਮਾਨ ਹੈ -

*ਜਿਸੁ ਵਖਰ ਕਉ ਲੈਨਿ ਤੂ ਆਇਆ॥*
*ਰਾਮ ਨਾਮੁ ਸੰਤਨ ਘਰਿ ਪਾਇਆ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ॥*
*ਰਾਮ ਨਾਮੁ ਹਿਰਦੇ ਮਹਿ ਤੋਲਿ॥*
*ਲਾਦਿ ਖੇਪ ਸੰਤਹ ਸੰਗਿ ਚਾਲੁ॥*
*ਅਵਰ ਤਿਆਗਿ ਬਿਖਿਆ ਜੰਜਾਲ॥*
*ਧੰਨਿ ਧੰਨਿ ਕਹੈ ਸਭੁ ਕੋਇ॥* (ਬਾਕੀ ਪੰਨਾ 37 'ਤੇ)

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-17)*

ਗੁਰੂ ਮਹਾਰਾਜ ਜੀ ਐਸਾ ਵੀ ਫੁਰਮਾਨ ਕਰਦੇ ਹਨ -

***ਕਾਮੁ ਕ੍ਰੋਧੁ ਕਾਇਆ ਕਉ ਗਾਲੈ॥***
***ਜਿਉ ਕੰਚਨ ਸੋਹਾਗਾ ਢਾਲੈ॥ ਅੰਗ - ੯੩੨***

ਵਸ਼ਿਸ਼ਟ ਜੀ ਫੁਰਮਾਨ ਕਰਦੇ ਹਨ ਕਿ ਹੇ ਰਾਮ! ਜੇ ਪ੍ਰਮਾਰਥ ਨੂੰ ਸਿੱਧ ਕਰਨਾ ਹੈ ਤਾਂ ਪਰ-ਇਸਤ੍ਰੀ ਦੇ ਡੰਗ ਤੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਬਚਾ ਕੇ ਰੱਖੋ।

ਸੰਤਾਂ ਨੇ ਕਿਹਾ ਕਿ ਮੂਰਖਾ! ਤੇਰੇ ਮਨ ਵਿਚ ਇਸਤ੍ਰੀ ਦਾ ਖਿਆਲ ਕਿਉਂ ਆਇਆ? ਇਕ ਤਾਂ ਤੂੰ ਬਹੁਤ ਭਾਰੀ ਅਵਗਿਆ ਕੀਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਬਿਨਾਂ ਇਸ਼ਨਾਨ ਕੀਤੇ ਅਪਵਿੱਤਰ ਹੀ ਆ ਕੇ ਬੈਠ ਗਿਆ। ਜਿਸ ਬਾਣੀ ਦਾ ਮਹਾਨ-ਮਹਾਨ ਫਲ ਹੈ ਉਸ ਨੂੰ ਤੇਰੀ ਅਪਵਿੱਤਰਤਾ ਨੇ ਕਿੰਨਾ ਛੋਟਾ ਕਰ ਦਿਤਾ।

ਸੰਤਾਂ ਨੇ ਉਸ ਰੂਹ ਨੂੰ ਕਿਹਾ ਕਿ ਹੋਰ ਧਨ ਲਿਆ, ਫੇਰ ਪਾਠ ਕਰੀਏ। ਤਾਂ ਸੰਤਾਂ ਨੇ ਦੂਸਰਾ ਪਾਠ ਕਰਾਇਆ ਤਾਂ ਜਦੋਂ ਅਰਦਾਸ ਕੀਤੀ ਗਈ ਤਾਂ ਕੀ ਦੇਖਦੇ ਹਨ ਕਿ ਉਸ ਆਲੇ ਵਿਚ ਪ੍ਰਸ਼ਾਦ ਨਹੀਂ ਸੀ। ਬੜਾ ਭਾਰੀ ਲੰਗਰ ਚੱਲਿਆ। ਜੈ - ਜੈਕਾਰ ਹੋਈ, ਰਾਤ ਨੂੰ ਇਕਾਂਤ ਵਿਚ ਉਹ ਰੂਹ ਫੇਰ ਪ੍ਰਗਟ ਹੋਈ। ਉਸ ਨੇ ਕਿਹਾ ਕਿ ਮਹਾਰਾਜ! ਮੈਂ ਆਪ ਦਾ ਕਿਵੇਂ ਧੰਨਵਾਦ ਕਰਾਂ, ਆਪ ਨੇ ਮੈਨੂੰ ਇਸ ਮਹਾਨ ਦੁੱਖ ਵਿਚੋਂ ਛੁਟਕਾਰਾ ਦਿਵਾਇਆ ਹੈ।

ਸੋ ਇਸ ਤਰ੍ਹਾਂ ਨਾਲ ਮਾਇਆ ਦੇ ਵਿਚ ਜਿਸ ਦੀ ਬਿਰਤੀ ਰਹਿ ਜਾਵੇ, ਉਹ ਸੱਪ ਬਣ ਜਾਂਦਾ ਹੈ। ਜਿਸ ਦੀ ਬਿਰਤੀ ਜਾਇਦਾਦ ਵਿਚ ਰਹਿ ਜਾਵੇ ਤਾਂ ਉਸ ਨੂੰ ਪ੍ਰੇਤ ਬਣਨਾ ਪੈਂਦਾ ਹੈ। ਇਕ ਹੋਰ ਥਾਂ ਪੁਸਤਕਾਂ ਵਿਚ ਲਿਖਿਆ ਗਿਆ ਹੈ ਕਿ ਇਕ ਰਾਜਾ ਆਪਣੀ ਜ਼ਮੀਨ ਵਿਚ ਤਿੱਤਰ ਬਣ ਕੇ ਰਹਿ ਰਿਹਾ ਸੀ, ਜਿਸ ਦਾ ਉਧਾਰ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕੀਤਾ। ਧਨ ਦੀ ਵਾਸ਼ਨਾ ਬਹੁਤ ਹੀ ਖਤਰਨਾਕ ਹੈ।

ਜਦੋਂ ਕੁੱਤਾ ਹਲਕ ਜਾਂਦਾ ਹੈ ਤਾਂ ਉਸ ਨੂੰ ਆਪਣੇ ਪਰਾਏ ਦਾ ਕੋਈ ਵੀ ਗਿਆਨ ਨਹੀਂ ਰਹਿੰਦਾ। ਉਸ ਦੇ ਸਾਮ੍ਹਣੇ ਜੋ ਵੀ ਆਉਂਦਾ ਹੈ, ਉਸ ਨੂੰ ਵੱਢ ਖਾਂਦਾ ਹੈ। ਇਸੇ ਤਰ੍ਹਾਂ ਨਾਲ ਲੋਭ ਲਹਿਰ ਵਿਚ ਆਇਆ ਹੋਇਆ ਬੰਦਾ ਧਨ ਹਾਸਲ ਕਰਨ ਦੀਆਂ, ਹਰੇਕ ਕਿਸਮ ਦੀਆਂ ਵਾਸ਼ਨਾਵਾਂ ਦੇ ਵਿਚ ਹਰ ਸਮੇਂ ਘੁਮਿਆਰ ਦੇ ਚੱਕ ਵਾਂਗੂੰ ਘੁੰਮਦਾ ਰਹਿੰਦਾ ਹੈ ਅਤੇ ਅਨੇਕ ਕਿਸਮ ਦੀਆਂ ਵਿਉਂਤਾਂ ਧਨ ਪ੍ਰਾਪਤੀ ਦੀਆਂ ਕਰਦਾ ਹੈ। ਉਸ ਸਮੇਂ ਉਸ ਦਾ ਜੋ ਅਚਾਰ ਵਿਹਾਰ ਹੁੰਦਾ ਹੈ ਉਸ ਤੋਂ ਐਉਂ ਪ੍ਰਤੀਤ ਦਿੰਦਾ ਹੈ ਕਿ ਇਸ ਪ੍ਰਾਣੀ ਦਾ ਕੋਈ ਵੀ ਅਸੂਲ ਨਹੀਂ ਰਿਹਾ। ਧਰਮ ਇਮਾਨ ਸਭ ਚੰਗੇ ਆਚਰਣ ਦੇ ਗੁਣਾਂ ਨੂੰ ਛਿਕੇ ਤੇ ਟੰਗ ਦਿੰਦਾ ਹੈ। ਦੌੜਿਆ ਹੀ ਫਿਰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਜਿਉ ਕੂਕਰੁ ਹਰਕਾਇਆ ਧਾਵੈ***
***ਦਹ ਦਿਸ ਜਾਇ॥***
***ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥***
***ਅੰਗ - ੫੦***

ਜਦੋਂ ਇਹ ਭੱਖ ਅਭੱਖ ਖਾਵੇਗਾ ਉਸ ਵੇਲੇ ਇਸ ਨੂੰ ਅਨੇਕ ਕਿਸਮ ਦੇ ਰੋਗ ਸਰੀਰ ਵਿਚ ਪੈਦਾ ਹੋਏ ਦਿਸਣਗੇ। ਉਹ ਕਿਸੇ ਤਰ੍ਹਾਂ ਵੀ ਪ੍ਰਭੂ ਭਗਤੀ ਦੇ ਮੰਡਲ ਵਿਚ ਪ੍ਰਵੇਸ਼ ਨਹੀਂ ਕਰ ਸਕਦਾ ਕਿਉਂਕਿ ਉਸਦੇ ਖਿਆਲ ਐਨੇ ਬਿਖਰ ਜਾਂਦੇ ਹਨ ਕਿ ਜੇ ਉਹ ਭੁੱਲ ਕੇ ਵੀ ਪ੍ਰਭੂ ਦਾ ਨਾਮ ਜਪਣ ਲਗ ਜਾਵੇ ਤਾਂ ਉਸ ਦੀ ਬਿਰਤੀ ਤਾਂ ਕੀ ਟਿਕਣੀ ਹੋਈ, ਉਸ ਸਮੇਂ ਵੀ ਉਸ ਨੂੰ ਲੋਭ ਦੇ ਖਿਆਲ ਆਉਣਗੇ। ਉਹ ਪ੍ਰਮੇਸ਼ਰ ਨੂੰ ਭੁੱਲਿਆ ਰਹੇਗਾ ਅਤੇ ਕੀਮਤੀ ਜੀਵਨ ਸੰਸਾਰ ਤੋਂ ਗੁਆ ਕੇ ਪਛਤਾਉਂਦਾ ਚਲਿਆ ਜਾਵੇਗਾ। ਜਿਸ ਤਰ੍ਹਾਂ ਕਿ ਪਹਿਲਾਂ ਬਹੁਤ ਵਿਸਥਾਰ ਨਾਲ ਲਿਖਿਆ ਜਾ ਚੁਕਿਆ ਹੈ -

***ਲੋਭ ਵਿਕਾਰ ਜਿਨਾ ਮਨੁ ਲਾਗਾ***
***ਹਰਿ ਵਿਸਰਿਆ ਪੁਰਖੁ ਚੰਗੇਰਾ॥***
***ਓਇ ਮਨਮੁਖ ਮੂੜ ਅਗਿਆਨੀ ਕਹੀਅਹਿ***
***ਤਿਨ ਮਸਤਕਿ ਭਾਗੁ ਮੰਦੇਰਾ॥***

***ਅੰਗ - ੭੧੧***

ਇਸ ਸਰੀਰ ਵਾਸਤੇ, ਪਰਿਵਾਰ ਵਾਸਤੇ, ਲੋਕ ਦਿਖਾਵੇ ਵਾਸਤੇ, ਅਨੇਕ ਕਿਸਮ ਦੀਆਂ ਲੋਭ ਲਹਿਰਾਂ ਵਿਚ, ਧਨ ਜੋੜਨ ਲਈ, ਜਾਇਦਾਦ ਖਰੀਦਣ ਲਈ, ਹੀਰੇ ਜਵਾਹਰਾਤ ਹਾਸਲ ਕਰਕੇ ਘਰ ਵਿਚ ਰੱਖਣ ਲਈ ਅਨੇਕਾਂ ਉਪਦ੍ਰਵ ਕਰੇਗਾ। ਕਿਤੇ ਸਰਕਾਰ ਦੇ ਟੈਕਸ ਛੁਪਾਵੇਗਾ, ਕਿਤੇ ਬਲੈਕਾਂ ਕਰੇਗਾ, ਕਿਤੇ ਨਕਲੀ ਚੀਜ਼ਾਂ ਬਣਾ ਕੇ ਵਰਤਣ ਵਾਲਿਆਂ ਦਾ ਪੂਰੀ ਤਰ੍ਹਾਂ ਨੁਕਸਾਨ ਕਰੇਗਾ, ਕਿਤੇ ਨਕਲੀ ਦਵਾਈਆਂ ਬਣਾ ਕੇ ਬਿਮਾਰ ਪੁਰਸ਼ਾਂ ਦੀ ਜਾਨ ਨਾਲ ਖੇਡੇਗਾ ਅਤੇ ਅਨੇਕ ਕਿਸਮ ਦੀਆਂ ਭਾਰੀਆਂ ਗਠੜੀਆਂ, ਜੋ ਪਾਪਾਂ ਦੀਆਂ ਭਰੀਆਂ ਹੋਈਆਂ ਹਨ, ਉਠਾ ਕੇ ਸੰਸਾਰ ਵਿਚੋਂ ਰੋਂਦਾ

ਕੁਰਲਾਉਂਦਾ ਲੇਖੇ ਦੇਣ ਲਈ ਦਰਗਾਹ ਵਿਚ ਪੁਜ ਕੇ ਪਛਤਾਉਂਦਾ ਹੈ। ਜਿਸ ਸਰੀਰ ਵਾਸਤੇ ਇਸ ਨੇ ਐਨੇ ਘੋਰ ਪਾਪ ਕੀਤੇ ਹਨ, ਮਨ ਦੀਆਂ ਵਾਸ਼ਨਾਵਾਂ ਦੀ ਪੂਰਤੀ ਲਈ ਜਾਇਜ਼ ਨਜ਼ਾਇਜ਼ ਸਾਰੇ ਹਰਵੇ ਵਰਤੇ ਉਸ ਕਾਇਆ ਦਾ ਕੀ ਹਰਸ਼ ਹੁੰਦਾ ਹੈ। ਸਾਰਿਆਂ ਦੇ ਦੇਖਦੇ-ਦੇਖਦੇ ਇਹ ਜੀਵ ਆਤਮਾ ਸਰੀਰ ਛੱਡ ਕੇ ਚਲਿਆ ਜਾਂਦਾ ਹੈ ਅਤੇ ਪਿਛੋਂ ਇਹ ਦੇਹ ਰੁਲਦੀ ਰਹਿੰਦੀ ਹੈ। ਕੋਈ ਇਸ ਨੂੰ ਥੋੜ੍ਹਾ ਚਿਰ ਵੀ ਰੱਖਣਾ ਪਸੰਦ ਨਹੀਂ ਕਰਦਾ, ਰਿਸ਼ਤੇਦਾਰਾਂ, ਹਿਤੈਸ਼ੀਆਂ ਨੂੰ ਉਡੀਕਦੇ ਹਨ ਕਿ ਇਕੱਠੇ ਹੋ ਕੇ ਇਸ ਨੂੰ ਅਗਨ ਭੇਟ ਕਰੀਏ, ਇਹ ਕਿਤੇ ਘਰ ਵਿਚ ਪਈ ਨਾ ਰਹਿ ਜਾਵੇ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਐ ਜੀਵ! ਤੂੰ ਸਾਡਾ ਬਚਨ ਮੰਨ ਕੇ ਕੁਝ ਤਾਂ ਸਮਝ, ਕਿਉਂ ਐਨੇ ਭਾਰ ਉਠਾ ਰਿਹਾ ਹੈਂ ਕਿ ਤੈਨੂੰ ਲੇਖਾ ਦੇਣਾ ਹੀ ਔਖਾ ਹੋ ਜਾਵੇ -

***ਲਬੁ ਲੋਭੁ ਮੁਚੁ ਕੂੜੁ ਕਮਾਵਹਿ***
***ਬਹੁਤੁ ਉਠਾਵਹਿ ਭਾਰੋ॥***
***ਤੂੰ ਕਾਇਆ ਮੈ ਰੁਲਦੀ ਦੇਖੀ***
***ਜਿਉ ਧਰ ਉਪਰਿ ਛਾਰੋ॥ ਅੰਗ - ੧੫੪***

ਸੋ ਲੋਭ ਲਹਿਰ ਜਦੋਂ ਇਨਸਾਨ ਦੇ ਹਿਰਦੇ ਵਿਚ ਵਸ ਜਾਂਦੀ ਹੈ ਉਸ ਦੀ ਸਾਰੀ ਅਕਲ ਮਾਰੀ ਜਾਂਦੀ ਹੈ ਉਸ ਨੂੰ ਸੰਸਾਰ ਤੋਂ ਜਾਣਾ ਪੂਰੀ ਤਰ੍ਹਾਂ ਭੁੱਲ ਜਾਂਦਾ ਹੈ। ਤ੍ਰਿਸ਼ਨਾ ਦਾ ਰੋਗੀ ਹੋ ਜਾਂਦਾ ਹੈ। ਤ੍ਰਿਸ਼ਨਾ ਦੀ ਅਗਨ ਉਸ ਨੂੰ ਜਲਾਉਂਦੀ ਰਹਿੰਦੀ ਹੈ, ਉਹ ਕਦੇ ਵੀ ਦੋ ਘੜੀ ਸੁਰਤੀ ਨਾਲ ਬੈਠ ਨਹੀਂ ਸਕਦਾ। ਕਲੇਸ਼ ਹੀ ਕਲੇਸ਼ ਉਸਦੇ ਗਲ ਪਏ ਰਹਿੰਦੇ ਹਨ। ਗੁਰੂ ਮਹਾਰਾਜ ਜੀ ਤਾਂ ਲੋਭੀ ਨੂੰ ਹਲਕੇ ਹੋਏ ਕੁੱਤੇ ਦੀ ਤੁਲਨਾ ਦਿੰਦੇ ਹਨ। ਕਿੰਨੀ ਨੀਵੀਂ ਅਵਸਥਾ ਹੈ ਕਿ ਇਹ ਇਨਸਾਨ ਨਹੀਂ ਰਹਿੰਦਾ -

***ਲੋਭ ਲਹਰਿ ਸਭੁ ਸੁਆਨੁ ਹਲਕੁ ਹੈ***
***ਹਲਕਿਓ ਸਭਹਿ ਬਿਗਾਰੇ॥ ਅੰਗ - ੯੮੩***

ਹਲਕਿਆ ਹੋਇਆ ਕੁੱਤਾ ਜਿਸ ਨੂੰ ਕਟਦਾ ਹੈ ਉਸ ਨੂੰ ਵੀ ਹਲਕ ਹੋ ਜਾਇਆ ਕਰਦਾ ਹੈ। ਸੋ ਮਹਾਰਾਜ ਜੀ ਇਸੇ ਤੱਥ ਨੂੰ ਸਾਮ੍ਹਣੇ ਰਖਦੇ ਹੋਏ ਫੁਰਮਾਨ ਕਰਦੇ ਹਨ ਕਿ ਪਿਆਰਿਓ! ਲੋਭੀ ਦਾ ਕਦੇ ਵੀ ਵਿਸਾਹ ਨਾ ਕਰੋ। ਇਹ ਉਥੇ ਧੋਖਾ ਦਿੰਦਾ ਹੈ ਜਿਥੇ ਆਦਮੀ ਦਾ ਹੱਥ ਕਿਤੇ ਵੀ ਨਾ ਪੈ ਸਕੇ। ਇਹ ਲੋਭੀ ਜੀਵ ਪਿਆਰ ਪਾ ਕੇ ਮਾਰ ਵੀ ਦਿੰਦਾ ਹੈ, ਗੁੰਮ ਵੀ ਕਰ ਦਿੰਦਾ ਹੈ, ਕਈ ਕਿਸਮ ਦੀਆਂ ਦਵਾਈਆਂ ਖਵਾ ਕੇ ਪਾਗਲ ਵੀ ਬਣਾ ਦਿੰਦਾ ਹੈ। ਆਪਣਾ ਮਤਲਬ ਸਿੱਧਾ ਕਰਦਾ ਹੈ।

ਕਈ ਗੱਲਾਂ ਐਸੀਆਂ ਹੁੰਦੀਆਂ ਹਨ ਜੋ ਕਾਨੂੰਨੀ ਤੌਰ ਤੇ ਸਾਬਤ ਕਰਨੀਆਂ ਬਹੁਤ ਹੀ ਮੁਸ਼ਕਲ ਹੁੰਦੀਆਂ ਹਨ ਪਰ ਅੱਖਾਂ ਸਾਮ੍ਹਣੇ ਬੀਤਣ ਕਰਕੇ ਲੋਕ ਰਾਇ ਕੋਈ ਨਾ ਕੋਈ ਨਿਰਣਾ ਕੱਢ ਲਿਆ ਕਰਦੀ ਹੈ। ਮੇਰੇ ਯਾਦ ਹੈ ਕਿ 1950 ਦੇ ਨੇੜੇ-ਤੇੜੇ ਪਤਨੀ ਅਤੇ ਪਤੀ ਦਾ ਜੁਆਇੰਟ ਬੀਮਾ ਹੋਇਆ ਕਰਦਾ ਸੀ। ਇਕ ਪ੍ਰੇਮੀ ਜਿਸ ਨੇ ਬਹੁਤ ਵੱਡੀ ਰਕਮ ਦਾ ਬੀਮਾ ਕਰਾਇਆ ਹੋਇਆ ਸੀ, ਆਪਣੀ ਪਤਨੀ ਨਾਲ ਬਹੁਤ ਪਿਆਰ ਕਰਦਾ ਸੀ। ਉਸ ਨੂੰ ਪਿਕਨਿਕ ਲਈ ਸ੍ਰੀ ਨਗਰ Lake (ਝੀਲ) ਤੇ ਲੈ ਗਿਆ ਅਤੇ ਅਜਿਹੀ ਕਹਾਣੀ ਬਣਾਈ ਕਿ ਸਭ ਨੂੰ ਇਹ ਸੱਚ ਲਗਣ ਲਗ ਗਿਆ ਕਿ ਉਸਦੀ ਪਤਨੀ ਤਿਲਕ ਕੇ ਝੀਲ ਵਿਚ ਗਿਰ ਕੇ ਪ੍ਰਾਣ ਤਿਆਗ ਗਈ। ਉਸ ਦੇ ਪਤੀ ਨੇ ਵੀ ਅਜਿਹਾ ਮੂੰਹ ਬਣਾਇਆ ਕਿ ਸਾਰੇ ਹੀ ਉਸਦੇ ਪਾਸ ਅਫਸੋਸ ਕਰਨ ਜਾਂਦੇ ਸਨ। ਉਸ ਨੇ ਬੀਮਾ ਕੰਪਨੀ ਉਪਰ claim ਕਰ ਦਿਤਾ ਅਤੇ ਲੱਖਾਂ ਰੁਪਿਆ insurance (ਬੀਮਾ) ਦਾ ਹਾਸਲ ਕਰ ਲਿਆ। ਇਸ ਤਰ੍ਹਾਂ ਉਪਰਥਲੀ ਅਜਿਹੀਆਂ ਘਟਨਾਵਾਂ ਹੋਣ ਲੱਗੀਆਂ ਜਿਸ ਕਰਕੇ joint (ਸਾਂਝੇ) ਬੀਮੇ ਹੋਣੇ ਬੰਦ ਹੋ ਗਏ। ਹੁਣ ਤੁਸੀਂ ਦਸੋ ਕਿ ਲੋਭੀ ਦਾ ਕਿਵੇਂ ਵੇਸਾਹ ਕੀਤਾ ਜਾਵੇ।

***ਲੋਭੀ ਕਾ ਵੇਸਾਹੁ ਨ ਕੀਜੈ***
***ਜੇ ਕਾ ਪਾਰਿ ਵਸਾਇ॥***
***ਅੰਤਿ ਕਾਲਿ ਤਿਥੈ ਧੁਹੈ***
***ਜਿਥੈ ਹਥੁ ਨ ਪਾਇ॥***
***ਮਨਮੁਖ ਸੇਤੀ ਸੰਗੁ ਕਰੇ***
***ਮੁਹਿ ਕਾਲਖ ਦਾਗੁ ਲਗਾਇ॥***
***ਮੁਹ ਕਾਲੇ ਤਿਨਾ ਲੋਭੀਆਂ***
***ਜਾਸਨਿ ਜਨਮੁ ਗਵਾਇ॥ ਅੰਗ - ੧੪੧੭***

ਮਹਾਰਾਜ ਕਹਿੰਦੇ ਨੇ ਕਿ ਲੋਭੀਆਂ ਦਾ ਕੀ ਵੇਸਾਹ ਕਰਨਾ ਹੋਇਆ। ਉਨ੍ਹਾਂ ਦਾ ਜਦੋਂ ਹਿਤ ਹੁੰਦਾ ਹੈ ਉਹ ਬਹੁਤ ਗੱਲਾਂ ਕਰਦੇ ਹਨ। ਜਿਵੇਂ ਆਪਣਾ ਹੀ ਕੁੱਤਾ ਪਿਆਰ ਕਰਦਾ ਹੈ ਪਰ ਜਦੋਂ ਹਲਕ ਜਾਂਦਾ ਹੈ, ਫੇਰ ਉਸਦਾ ਕੀ ਵਸਾਹ ਕਿ ਕਿਹੜੇ ਵੇਲੇ ਉਹ ਚੱਕ ਵੱਢ ਕੇ ਜ਼ਹਿਰ ਆਪਣੇ ਮਾਲਕ ਦੇ ਅੰਦਰ ਦਾਖਲ ਕਰ ਦੇਵੇ। ਮਹਾਰਾਜ ਕਹਿੰਦੇ ਹਨ ਕਿ ਉਨ੍ਹਾਂ ਦਾ ਮਨ ਖੋਟੀ ਮਤ ਦੀ ਮੈਲ ਨਾਲ ਭਰ ਜਾਂਦਾ ਹੈ। ਗੱਲਾਂ-ਬਾਤਾਂ ਵਿਚ ਉਹ ਬਹੁਤ ਮਿੱਠੇ ਹੁੰਦੇ ਹਨ। ਐਉਂ ਲਗਦਾ ਹੈ ਕਿ ਇਨ੍ਹਾਂ ਵਰਗਾ ਤਾਂ ਕੋਈ ਚੰਗਾ ਬੰਦਾ ਹੋ ਹੀ ਨਹੀਂ ਸਕਦਾ।

ਮੈਂ ਆਪਣੇ ਜੀਵਨ ਵਿਚ ਗੁਰੂ ਮਹਾਰਾਜ ਦੇ ਬਚਨ ਤਾਂ ਚੰਗੀ ਤਰ੍ਹਾਂ ਜਾਣਦਾ ਸੀ ਪਰ ਮੇਰੇ ਵਿਚ ਇਕ ਬੜਾ ਭਾਰੀ ਨੁਕਸ ਸੀ ਕਿ ਮੈਂ ਕਿਸੇ ਉਪਰ ਸ਼ੱਕ ਨਹੀਂ ਸੀ ਕਰਦਾ। ਨਾ ਹੀ ਮੈਨੂੰ ਕੋਈ ਬੁਰਾ ਨਜ਼ਰ ਆਉਂਦਾ ਸੀ ਪਰ ਮੇਰੇ ਨਾਲ ਜੀਵਨ ਵਿਚ ਕਈ ਐਸੀਆਂ ਘਟਨਾਵਾਂ ਹੋਈਆਂ ਜੋ ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਜਿਨ੍ਹਾਂ ਪ੍ਰੇਮੀਆਂ ਨੇ ਬੇਵਿਸ਼ਵਾਸ਼ੀਆਂ ਕੀਤੀਆਂ, ਉਹ ਸਚਮੁੱਚ ਹੀ ਕੁੱਤੇ ਵਾਂਗੂੰ ਹਲਕੇ ਹੋਏ ਸਨ। ਉਨ੍ਹਾਂ ਨੂੰ ਮੇਰੀਆਂ ਕੀਤੀਆਂ ਹੋਈਆਂ ਨੇਕੀਆਂ ਭੁੱਲ ਗਈਆਂ ਤੇ ਇਕੋ ਗੱਲ ਦਿਮਾਗ ਵਿਚ ਆ

ਗਈ ਕਿ ਜੋ ਆਰਥਕ ਸਹਾਇਤਾ ਉਨ੍ਹਾਂ ਦੇ ਕੰਮ ਵਿਚ ਮੇਰੇ ਤੋਂ ਪ੍ਰਾਪਤ ਹੋਈ ਸੀ, ਉਹ ਕਿਸੇ ਨਾ ਕਿਸੇ ਤਰ੍ਹਾਂ ਹਤਿਆ ਲਈ ਜਾਵੇ। ਰਿਣ ਹੱਤਿਆ 96 ਕਰੋੜ ਪਾਪ ਦੇ ਬਰਾਬਰ ਗਿਣੀ ਜਾਂਦੀ ਹੈ ਪਰ ਅਜਿਹੇ ਪੁਰਸ਼ ਨੂੰ ਨਾ ਕੋਈ ਦਰਗਾਹ ਦਾ ਪਤਾ ਹੁੰਦਾ ਹੈ, ਨਾ ਦੂਸਰੇ ਦੀ ਭਾਵਨਾ ਨੂੰ ਜਾਣਦੇ ਹਨ। ਉਨ੍ਹਾਂ ਨੇ ਤਾਂ ਆਪਣਾ ਉਲੂ ਸਿੱਧਾ ਕਰਨਾ ਹੁੰਦਾ ਹੈ, ਨਾ ਚੰਗੇ ਚਰਿੱਤਰ ਦਾ ਉਨ੍ਹਾਂ ਨੂੰ ਕੋਈ ਧਿਆਨ ਹੁੰਦਾ ਹੈ, ਨਾ ਮਾੜੇ ਚਰਿੱਤਰ ਦਾ ਉਨ੍ਹਾਂ ਨੂੰ ਕੋਈ ਫਰਕ ਪੈਂਦਾ ਹੈ –

***ਸਾਕਤ ਸੁਆਨ ਕਹੀਅਹਿ ਬਹੁ ਲੋਭੀ***
***ਬਹੁ ਦੁਰਮਤਿ ਮੈਲੁ ਭਰੀਜੈ॥***
***ਆਪਨ ਸੁਆਇ ਕਰਹਿ ਬਹੁ ਬਾਤਾ***
***ਤਿਨਾ ਕਾ ਵਿਸਾਹੁ ਕਿਆ ਕੀਜੈ॥***
***ਅੰਗ – ੧੩੨੬***

ਪਰ ਲਾਲਚ ਦੇ ਵਸ ਵਿਚ ਪੈ ਕੇ ਜੋ ਜੋ ਵੀ ਕਰਮ ਆਦਮੀ ਕਰਦਾ ਹੈ, ਉਸ ਵਿਚ ਆਪ ਹੀ ਬੰਨ੍ਹਿਆ ਜਾਂਦਾ ਹੈ। ਜਦੋਂ ਪੂਰੀ ਤਰ੍ਹਾਂ ਫਸ ਜਾਂਦਾ ਹੈ ਫੇਰ ਦੌੜਿਆ ਫਿਰਦਾ ਹੈ ਕਿ ਮੈਨੂੰ ਆਹ ਸਮੱਸਿਆ ਹੋ ਗਈ, ਮੈਨੂੰ ਆਹ ਹੋ ਗਿਆ। ਉਹ ਇਸ ਕਰਕੇ ਕਿ ਉਸ ਨੇ ਲਾਲਚ ਵਿਚ ਆ ਕੇ ਅਜਿਹਾ ਕੰਮ ਕੀਤਾ ਜਿਸ ਨਾਲ ਉਹ ਲਾਲਚ ਦੀਆਂ ਕੜੀਆਂ ਵਿਚ ਬੰਨ੍ਹਿਆ ਜਾਂਦਾ ਹੈ ਅਤੇ ਫਸ ਜਾਂਦਾ ਹੈ –

***ਭੂਲਿਓ ਮਨੁ ਮਾਇਆ ਉਰਝਾਇਓ॥***
***ਜੋ ਜੋ ਕਰਮ ਕੀਓ ਲਾਲਚ ਲਗਿ***
***ਤਿਹ ਤਿਹ ਆਪੁ ਬੰਧਾਇਓ॥ ਅੰਗ – ੭੦੨***

ਗੁਰੂ ਮਹਾਰਾਜ ਜੀ ਬੜੇ ਪਿਆਰ ਦੇ ਨਾਲ ਸਮਝਾਉਂਦੇ ਹਨ ਕਿ ਲੋਭ ਦੇ ਵਿਚ ਪੈ ਕੇ ਕਿਉਂ ਤੁਸੀਂ ਆਪਣੀ ਦ੍ਰਿਸ਼ਟੀ ਅੰਨ੍ਹੀ ਕਰ ਲਈ ਅਤੇ ਫੁਰਮਾਨ ਕਰਦੇ ਹਨ –

***ਐਸਾ ਕੰਮੁ ਮੂਲੇ ਨ ਕੀਚੈ***
***ਜਿਤੁ ਅੰਤਿ ਪਛੋਤਾਈਐ॥ ਅੰਗ – ੯੧੮***

***ਜਿਤੁ ਸੇਵਿਐ ਸੁਖੁ ਪਾਈਐ***
***ਸੋ ਸਾਹਿਬੁ ਸਦਾ ਸਮ੍ਹਾਲੀਐ॥***
***ਜਿਤੁ ਕੀਤਾ ਪਾਈਐ ਆਪਣਾ***
***ਸਾ ਘਾਲ ਬੁਰੀ ਕਿਉ ਘਾਲੀਐ॥***
***ਮੰਦਾ ਮੂਲਿ ਨ ਕੀਚਈ***
***ਦੇ ਲੰਮੀ ਨਦਰਿ ਨਿਹਾਲੀਐ॥***
***ਜਿਉ ਸਾਹਿਬ ਨਾਲਿ ਨ ਹਾਰੀਐ***
***ਤੇਵੇਹਾ ਪਾਸਾ ਢਾਲੀਐ॥***
***ਕਿਛੁ ਲਾਹੇ ਉਪਰਿ ਘਾਲੀਐ॥ ਅੰਗ – ੪੭੪***

ਇਸ ਕਰਕੇ ਮਹਾਰਾਜ ਜੀ ਕਹਿੰਦੇ ਹਨ ਕਿ ਤੁਸੀਂ ਕਿਉਂ ਆਪਣੇ ਆਪ ਨੂੰ ਅੰਨ੍ਹਿਆਂ ਦੇ ਵਿਚ ਸ਼ਾਮਲ ਕਰ ਲਿਆ? ਕਿਉਂ ਨਹੀਂ ਜਾਣਦੇ ਕਿ ਲਾਲਚ ਦਾ ਦੁਖ ਬਹੁਤ ਭਾਰੀ ਹੁੰਦਾ ਹੈ? ਕਿਉਂ ਨਹੀਂ ਮੰਨਦੇ ਕਿ ਦਰਗਾਹ ਵਿਚ ਉਸ ਦੀ ਹਾਰ ਹੁੰਦੀ ਹੈ। ਆਦਮੀ ਦੇ ਅੰਦਰ ਜੋ ਪੰਜ ਚੋਰ ਵਸਦੇ ਹਨ, ਉਨ੍ਹਾਂ ਸਾਰਿਆਂ ਦਾ ਸਪਰਸ਼ ਆਦਮੀ ਨੂੰ ਬਹੁਤ ਨੀਵਾਂ ਲੈ ਜਾਂਦਾ ਹੈ ਜਿਵੇਂ ਕਾਮ ਆਦਮੀ ਦੇ ਸਭ ਕਰਮ ਧਰਮ ਨਸ਼ਟ ਕਰ ਦਿੰਦਾ ਹੈ। ਇਸੇ ਤਰ੍ਹਾਂ ਕ੍ਰੋਧ ਐਨਾ ਭਿਆਨਕ ਹੈ ਕਿ ਗੁਰੂ ਮਹਾਰਾਜ ਜੀ ਸਾਨੂੰ ਸੁਚੇਤ ਕਰਦੇ ਹਨ –

***ਓਨਾ ਪਾਸਿ ਦੁਆਸਿ ਨ ਭਿਟੀਐ***
***ਜਿਨ ਅੰਤਰਿ ਕ੍ਰੋਧੁ ਚੰਡਾਲ॥ ਅੰਗ – ੪੦***

ਮੋਹ ਦੇ ਬੰਧਨਾਂ ਵਿਚ ਬੰਨ੍ਹਿਆ ਬੰਦਾ ਬਾਰ–ਬਾਰ ਜੰਮਦਾ, ਮਰਦਾ ਹੈ। ਅਭਿਮਾਨ ਵਿਚ ਆਇਆ ਬੰਦਾ ਕਿਸੇ ਨੂੰ ਵੀ ਨਿਗ੍ਹਾ ਥੱਲੇ ਨਹੀਂ ਲਿਆਂਦਾ। ਵਾਹਿਗੁਰੂ ਜੀ ਨੂੰ ਹੰਕਾਰ ਬਿਲਕੁਲ ਹੀ ਨਹੀਂ ਭਾਉਂਦਾ। ਸਾਰੇ ਧਰਮ ਗ੍ਰੰਥ ਉਚੀ–ਉਚੀ ਬੋਲ ਕੇ ਸਮਝਾਉਂਦੇ ਹਨ –

***ਹਰਿ ਜੀਉ ਅਹੰਕਾਰੁ ਨ ਭਾਵਈ***
***ਵੇਦ ਕੂਕਿ ਸੁਣਾਵਹਿ॥ ਅੰਗ – ੧੦੮੯***

ਇਸੇ ਤਰ੍ਹਾਂ ਨਾਲ ਲਾਲਚ ਬਾਰੇ ਦਸਦੇ ਹੋਏ ਫੁਰਮਾਨ ਕਰਦੇ ਹਨ –

***ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥***
***ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ॥***
***ਅੰਗ – ੪੧੯***

ਕਿਉਂ ਤੁਸੀਂ ਇਹ ਵਿਹੁ ਦਾ ਵਪਾਰ ਕਰਦੇ ਹੋ, ਤੁਹਾਨੂੰ ਮਾਨਸ ਜਨਮ ਪ੍ਰਭੂ ਦੀ ਪ੍ਰਾਪਤੀ ਲਈ ਮਿਲਿਆ ਹੋਇਆ ਹੈ। ਤੁਸੀਂ ਇਸ ਨੂੰ ਅਜਾਈਂ ਗੁਆ ਕੇ ਕਿੱਡੀ ਵੱਡੀ ਹਾਨੀ ਆਪਣੇ ਆਪ ਨਾਲ ਕਰ ਰਹੇ ਹੋਂ। ਮੁੜ ਕੇ ਇਹ ਜਨਮ ਹੱਥ ਨਹੀਂ ਆਉਣਾ। ਪਤਾ ਨਹੀਂ ਕੀਤੇ ਕਰਮਾਂ ਦਾ ਫਲ ਭੋਗਣ ਲਈ ਕਿਸ–ਕਿਸ ਜੂਨੀ ਵਿਚ ਜਾਣਾ ਪਵੇ। ਇਸ ਨੂੰ ਹਉਮੈ ਦਾ ਰੋਗ ਲੱਗਿਆ ਹੋਇਆ ਹੈ ਜਿਸ ਕਰਕੇ ਪ੍ਰਭੂ ਸਾਰੇ ਪਰੀਪੂਰਨ ਹੁੰਦਾ ਹੋਇਆ ਵੀ ਇਸ ਨੂੰ ਨਹੀਂ ਦਿਸਦਾ। ਇਹ ਐਨਾ ਗਿਰ ਗਿਆ ਕਿ ਇਹ ਆਪਣੇ ਆਪ ਨੂੰ ਪੰਜਾਂ ਤੱਤਾਂ ਦੀ ਦੇਹ ਹੀ ਮੰਨਦਾ ਹੈ। ਭਾਵੇਂ ਪੀ ਐਚ. ਡੀ.; ਡੀ. ਲਿਟ. ਕਰ ਲਈ, ਪੰਡਤ ਦੀ ਪਦਵੀ ਪ੍ਰਾਪਤ ਕਰ ਲਈ, ਹੋਰ ਪਤਾ ਨਹੀਂ ਕੀ–ਕੀ ਪਦਵੀਆਂ ਪ੍ਰਾਪਤ ਕਰਕੇ ਦੁਨੀਆਂ ਵਿਚ ਮਸ਼ਹੂਰ ਹੋ ਗਿਆ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਪਿਆਰਿਓ! ਕਿਉਂ ਫੋਕੀਆਂ ਗੱਲਾਂ ਵਿਚ ਪਏ ਹੋਂ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੇ ਤੂੰ ਇਕ ਗੱਲ ਨਾ ਬੁੱਝੀ, ਤੁਹਾਡਾ ਦਰਜਾ ਪਸ਼ੂਆਂ ਦੇ ਬਰਾਬਰ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਤਾਂ ਧੁਰ ਦਰਗਾਹ ਦੀਆਂ ਗੱਲਾਂ ਦਸ ਰਹੇ ਹਨ। ਸਾਰੀ ਅਕਾਲ ਪੁਰਖ ਦੀ ਕ੍ਰਿਆ ਹੋ ਰਹੀ ਹੈ, ਇਹ ਬਾਣੀ ਵੀ ਧੁਰ ਦਰਗਾਹ ਤੋਂ ਆਈ ਹੋਈ ਹੈ। ਆਪ ਬਾਰ–ਬਾਰ ਇਸ ਜੀਵ ਨੂੰ ਸੁਚੇਤ ਕਰਦੇ ਹੋਏ ਫੁਰਮਾਨ ਕਰਦੇ ਹਨ

ਕਿ ਇਹ ਮਾਨਸ ਜਨਮ ਦੁਰਲਭ ਹੈ, ਇਹ ਤੁਹਾਡੇ ਇਕ ਵਾਰੀ ਹੱਥੋਂ ਨਿਕਲ ਗਿਆ, ਫੇਰ ਮੁੜ ਕੇ ਹੱਥ ਨਹੀਂ ਆਉਣਾ। ਕੀਤੇ ਕਰਮਾਂ ਦਾ ਬਦਲਾ ਦੇਣ ਲਈ ਅਸਾਨੂੰ ਨਖਿੱਧ ਜੂਨਾਂ ਵਿਚ ਜਾਣਾ ਪਵੇਗਾ। ਬਾਣੀ ਵਿਚ ਆਉਂਦਾ ਹੈ ਕਿ ਪਿਆਰਿਆ! ਜੀਭ ਦੇ ਸੁਆਦ ਲਈ ਜੀਵਾਂ ਨੂੰ ਮਾਰ-ਮਾਰ ਕੇ ਖਾਂਦਾ ਹੈ ਪਰ ਜਦੋਂ ਲੇਖਾ ਦੇਣਾ ਪੈ ਗਿਆ, ਫੇਰ ਅਕਾਲ ਪੁਰਖ ਦੇ ਨਿਯਮ ਅਨੁਸਾਰ ਤੈਨੂੰ ਵੀ ਉਸੇ ਤਰ੍ਹਾਂ ਉਹ ਖਾਵੇਗਾ ਕਿਉਂਕਿ ਕੀਤੇ ਹੋਏ ਕਰਮ ਭੋਗਣੇ ਹੀ ਪੈਂਦੇ ਹਨ -

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ॥***

ਪਰ ਅਸੀਂ ਗੁਰੂ ਮਹਾਰਾਜ ਜੀ ਦਾ ਕੋਈ ਵੀ ਹੁਕਮ ਮੰਨਣ ਵਾਸਤੇ ਤਿਆਰ ਨਹੀਂ ਹੁੰਦੇ। ਗੁਰਬਾਣੀ ਵਿਚ ਸਪਸ਼ਟ ਹੈ-

***ਕਬੀਰ ਖੂਬੁ ਖਾਨਾ ਖੀਚਰੀ***
***ਜਾ ਮਹਿ ਅੰਮ੍ਰਿਤੁ ਲੋਨੁ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥***
***ਅੰਗ - ੧੩੭੪***

ਇਹ ਕਿਥੇ ਦੀ ਅਕਲਮੰਦੀ ਹੈ ਕਿ ਗਲੇ ਕੱਟ-ਕੱਟ ਕੇ ਜੀਵਾਂ ਦਾ ਮਾਸ ਖਾ ਕੇ ਪੇਟ ਵਧਾ ਲਵੇ। ਫੇਰ ਇਨ੍ਹਾਂ ਕਰਮਾਂ ਦਾ ਲੇਖਾ ਜਦੋਂ ਦੇਣਾ ਪਿਆ ਫੇਰ ਤੇਰਾ ਕੋਈ ਨਹੀਂ ਬੇਲੀ ਹੋਣਾ।

***ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ॥***
***ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥***
***ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ॥***
***ਗੁਨ ਗੁਪਾਲ ਨ ਜਪਹਿ ਰਸਨਾ***
***ਫਿਰਿ ਕਦਹੁ ਸੇ ਦਿਹ ਆਵਹੇ॥***
***ਤਰਵਰ ਵਿਛੁੰਨੇ ਨਹ ਪਾਤ ਜੁੜਤੇ***
***ਜਮ ਮਗਿ ਗਉਨੁ ਇਕੇਲੀ।।***
***ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ***
***ਸਦਾ ਫਿਰਤ ਦੁਹੇਲੀ॥ ਅੰਗ - ੫੪੬***

ਸਰੀਰ ਨੇ ਤਾਂ ਨਾਸ ਹੋ ਹੀ ਜਾਣਾ ਹੈ। ਤਮੋ ਗੁਣੀ ਭੋਜਨ ਖਾ ਕੇ ਇਕ ਤਾਂ ਤੂੰ ਪ੍ਰਭੂ ਨੂੰ ਭੁੱਲਿਆ ਰਹਿੰਦਾ ਹੈਂ, ਅੰਦਰ ਤੇਰੇ ਪ੍ਰਭੂ ਦਾ ਵਾਸਾ ਹੈ ਜਿਸ ਦੇ ਦਰ ਤੇ ਪਹੁੰਚਣ ਨਾਲ ਸਾਰੇ ਦੁਖਾਂ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ। ਸਾਰੀ ਦੁਨੀਆਂ ਦਾ ਮਾਲਕ ਮਿਤਰ ਬਣ ਜਾਂਦਾ ਹੈ ਉਸ ਨੂੰ ਭੁੱਲ ਕੇ ਤੂੰ ਇਨ੍ਹਾਂ ਨਖਿੱਧ ਕੰਮਾਂ ਵਿਚ ਪੈ ਕੇ ਆਪਣਾ ਜੀਵਨ ਬਰਬਾਦ ਕਰ ਲੈਂਦਾ ਹੈਂ ਤੇ ਗੁਰੂ ਦੇ ਬਚਨ ਨੂੰ ਬਿਲਕੁਲ ਨਹੀਂ ਮੰਨਦਾ।

***ਲਬੁ ਅਧੇਰਾ ਬੰਦੀਖਾਨਾ***
***ਅਉਗਣ ਪੈਰਿ ਲੁਹਾਰੀ॥ ਅੰਗ - ੧੧੯੧***

ਜਦੋਂ ਲੇਖਾ ਦੇਣਾ ਪੈਂਦਾ ਹੈ ਤਾਂ ਮੋਹਲਿਆਂ ਨਾਲ ਕੁੱਟਿਆ ਜਾਂਦਾ ਹੈ। ਜਿਵੇਂ ਮੋਹਲੇ ਮਾਰ-ਮਾਰ ਕੇ ਧਾਨਾਂ ਦੀ ਛਿੱਲ ਲਾਹ ਦਿਤੀ ਜਾਂਦੀ ਹੈ ਅਤੇ ਲੱਕੜ ਦੀ ਥਾਪੀ ਮਾਰ-ਮਾਰ ਕੇ ਵਾਣ ਵੱਟਿਆ ਜਾਂਦਾ ਹੈ, ਇਸੇ ਤਰ੍ਹਾਂ ਨਾਲ ਪਾਪ ਦੁੱਖ ਰੂਪ ਹੋ ਕੇ ਦਰਗਾਹ ਵਿਚ ਇਸ ਨੂੰ ਚਿੰਬੜਦੇ ਹਨ -

***ਪੂੰਜੀ ਮਾਰ ਪਵੈ ਨਿਤ ਮੁਦਗਰ***
***ਪਾਪੁ ਕਰੇ ਕੋੁਟਵਾਰੀ॥ ਅੰਗ- ੧੧੯੧***

ਇਸ ਨੇ ਸਤਿਗੁਰੂ ਦੀ ਗੱਲ ਤਾਂ ਸੁਣੀ ਹੀ ਨਹੀਂ। ਫੁਰਮਾਨ ਆਉਂਦਾ ਹੈ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥***
***ਓਥੇ ਸਤਿਗੁਰੁ ਬੇਲੀ ਹੋਵੈ***
***ਕਢਿ ਲਏ ਅੰਤੀ ਵਾਰ॥ ਅੰਗ - ੧੨੮੧***

ਜੇ ਸਤਿਗੁਰੂ ਬਣਾਇਆ ਹੈ ਤਾਂ ਹੀ ਕੱਢੇਗਾ, ਨਿਗੁਰੇ ਦੀ ਰਾਖੀ ਕੌਣ ਕਰੇਗਾ। ਉਥੇ ਤਾਂ ਪਿਆਰਿਆ! ਤੈਨੂੰ ਕੀਤੇ ਹੋਏ ਕਰਮਾਂ ਦੀ ਸਜ਼ਾ ਭੁਗਤਣੀ ਹੀ ਪੈਣੀ ਹੈ। ਸੋ ਇਹ ਧਨ ਵਾਸ਼ਨਾ ਦੇ ਭਿਆਨਕ ਨਤੀਜੇ ਹਨ ਜਿਹੜੇ ਇਸ ਜੀਵ ਨੂੰ ਬੁਰੀ ਤਰ੍ਹਾਂ ਨਾਲ ਭਟਕਾਉਂਦੇ ਰਹਿੰਦੇ ਹਨ। ਮਨ ਵਾਹਿਗੁਰੂ ਦੇ ਚਰਨਾਂ ਵਿਚ ਲੀਨ ਹੋਣ ਦੀ ਥਾਂ ਅਨੇਕ ਕਿਸਮ ਦੀਆਂ ਚਿਤਵਨੀਆਂ ਕਰਦਾ, ਉਡਾਰੀਆਂ ਮਾਰਦਾ ਰਹਿੰਦਾ ਹੈ ਅਤੇ ਫੇਰ ਦੁਖੀ ਹੁੰਦਾ ਹੈ -

***ਪੰਖੀ ਬਿਰਖ ਸੁਹਾਵੜੇ***
***ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ॥ ਅੰਗ-੬੬***

ਭੋਗਾਂ ਦੀ ਵਾਸ਼ਨਾ ਧਨ ਦੀ ਵਾਸ਼ਨਾ ਨਾਲੋਂ ਵੀ ਕਿਤੇ ਵਧ ਖਤਰਨਾਕ ਹੁੰਦੀ ਹੈ। ਆਦਮੀ ਜਦੋਂ ਭੋਗਾਂ ਵਿਚ ਗ੍ਰਸਤ ਹੁੰਦਾ ਹੈ ਤਾਂ ਉਸ ਤੋਂ ਪ੍ਰਾਪਤ ਹੋਈ ਛਿਨ ਭੰਗਰ ਖੁਸ਼ੀ ਬਾਰ-ਬਾਰ ਆਦਮੀ ਦੇ ਮਨ ਨੂੰ ਭੋਗਾਂ ਵਲ ਪ੍ਰੇਰਦੀ ਰਹਿੰਦੀ ਹੈ।

ਇਕ ਐਸੀ ਕਥਾ ਆਉਂਦੀ ਹੈ ਕਿ ਸ੍ਰੀ ਰਾਮ ਚੰਦਰ ਜੀ ਮਹਾਰਾਜ ਰੂਹਾਨੀ ਸਭਾ ਵਿਚ ਸਸ਼ੋਭਤ ਸਨ, ਵਸ਼ਿਸ਼ਟ ਜੀ ਕਥਾ ਕਰ ਰਹੇ ਸਨ। ਸ੍ਰੀ ਰਾਮ ਚੰਦਰ ਜੀ ਸਮੇਤ ਅਨੇਕ ਰਿਸ਼ੀ-ਮੁਨੀ ਉਨ੍ਹਾਂ ਮਹਾਂਪੁਰਸ਼ਾਂ ਦੇ ਬਚਨ ਸਰਵਣ ਕਰ ਰਹੇ ਸਨ। ਸ੍ਰੀ ਰਾਮ ਚੰਦਰ ਜੀ ਦਾ ਧਿਆਨ ਅਚਾਨਕ ਹੀ ਕੰਧ ਉਤੇ ਚੜ੍ਹ ਰਹੇ ਕੀੜੇ ਵਲ ਚਲਿਆ ਗਿਆ। ਆਪ ਨੇ ਉਸਦੇ ਅੰਦਰਲੇ ਫੁਰਨੇ ਜਾਣੇ ਅਤੇ ਆਪ ਤਾਲੀ ਮਾਰ ਕੇ ਉਚੀ-ਉਚੀ ਦੀ ਹਸ ਪਏ। ਇਸ ਅਚਾਨਕ ਹਾਸੇ ਨੇ ਸਾਰਿਆਂ ਦੀਆਂ ਸੁਰਤੀਆਂ ਬਿਰਤੀਆਂ ਸ੍ਰੀ ਰਾਮ ਚੰਦਰ ਜੀ ਵਲ ਕਰ ਦਿਤੀਆਂ।

ਵਸ਼ਿਸ਼ਟ ਜੀ ਨੇ ਕਥਾ ਬੰਦ ਕਰਕੇ ਸ੍ਰੀ ਰਾਮ ਚੰਦਰ ਜੀ ਨੂੰ ਕਿਹਾ। ਆਪ ਦਸੋ ਕਿ ਇਸ ਕਥਾ ਦੇ ਦੌਰਾਨ ਆਪ ਦੇ ਹਸਣ ਦਾ ਕੀ ਕਾਰਨ ਸੀ? ਉਸ ਵੇਲੇ ਸ੍ਰੀ ਰਾਮ

ਚੰਦਰ ਜੀ ਨੇ ਵਸ਼ਿਸ਼ਟ ਜੀ ਨੂੰ ਕਿਹਾ ਕਿ ਆਪ ਤਾਂ ਤ੍ਰਿਕਾਲਦਰਸ਼ੀ ਹੋਂ, ਭੂਤ, ਭਵਿੱਖਤ, ਵਰਤਮਾਨ ਆਪ ਤੋਂ ਛੁਪਿਆ ਨਹੀਂ, ਤੁਸੀਂ ਸਾਰੇ ਜੀਵ ਜੰਤੂਆਂ ਦੀ ਅੰਦਰਲੀ ਹਾਲਤ ਜਾਣਦੇ ਹੋਂ। ਉਸ ਵੇਲੇ ਵਸ਼ਿਸ਼ਟ ਜੀ ਨੇ ਕਿਹਾ ਕਿ ਆਪ ਦਾ ਸਭਾ ਵਿਚ ਜੋ ਹਸਣਾ ਹੋਇਆ ਹੈ, ਬਹੁਤ ਸਾਰੇ ਸਰੋਤੇ ਅਜੇ ਉਚੀਆਂ ਅਵਸਥਾਵਾਂ ਵਿਚ ਨਹੀਂ ਪਹੁੰਚੇ ਹੋਏ। ਉਨ੍ਹਾਂ ਦੇ ਅੰਦਰ ਜਗਿਆਸਾ ਪੈਦਾ ਹੋ ਗਈ ਕਿ ਉਹ ਆਪ ਦੇ ਹਸਣ ਦਾ ਕਾਰਨ ਜਾਨਣ। ਤਾਂ ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਮੈ ਤਾਂ ਇਸ ਕੀੜੇ ਨੂੰ ਦੇਖ ਕੇ ਹੱਸਿਆਂ ਹਾਂ। ਵਸ਼ਿਸ਼ਟ ਜੀ ਕਹਿਣ ਲੱਗੇ ਕਿ ਮਹਾਰਾਜ! ਆਪ ਆਪਣਾ ਆਸ਼ਾ ਸਪਸ਼ਟ ਕਰਕੇ ਪ੍ਰਗਟ ਕਰੋ। ਉਸ ਵੇਲੇ ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਮਹਾਰਾਜ! ਦੇਖੋ, ਇਹ ਜੋ ਕੀੜਾ ਹੈ, ਇਸ ਦੀਆਂ ਪਿਛਲੀਆਂ ਦੋ ਲੱਤਾਂ ਟੁਟੀਆਂ ਹੋਈਆਂ ਹਨ। ਕੰਧ ਉਪਰ ਚੜ੍ਹਦਾ ਹੈ, ਗਿਰ ਪੈਂਦਾ ਹੈ, ਫੇਰ ਚੜ੍ਹਦਾ ਫੇਰ ਗਿਰ ਪੈਂਦਾ ਹੈ, ਪਰ ਇਸ ਅੰਦਰ ਹੁਣ ਜੋ ਫੁਰਨਾ ਚਲ ਰਿਹਾ ਸੀ, ਉਹ ਇਹ ਹੈ ਕਿ 83 ਲੱਖ 99, 999 ਜੂਨਾਂ ਦਾ ਚੱਕਰ ਛੇਤੀ-ਛੇਤੀ ਪੂਰਾਂ ਕਰਾਂ ਅਤੇ ਮਨੁੱਖ ਦਾ ਜਾਮਾ ਪ੍ਰਾਪਤ ਕਰਾਂ। ਫੇਰ ਮੈਂ ਵਿਧੀਪੂਰਵਕ ਨਿਰਵਿਘਨਤਾ ਸਹਿਤ ਯੱਗ ਕਰਾਂ ਜਿਸ ਦੇ ਫਲ ਵਜੋਂ ਮੈਨੂੰ ਇੰਦਰ ਦਾ ਤਖਤ ਹਾਸਲ ਹੋ ਜਾਵੇ।

ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ ਪਿਆਰਿਓ! ਇਹ ਕੀੜਾ ਇਸ ਜੂਨੀ ਤੋਂ ਪਹਿਲਾਂ 14 ਵਾਰੀ ਇੰਦਰ ਦੇ ਤਖਤ ਉਪਰ ਸਵਰਗ ਦੇ ਰਾਜੇ ਦੇ ਰੂਪ ਵਿਚ ਬੈਠ ਚੁਕਿਆ ਹੈ। ਇਸ ਨੂੰ ਇੰਦਰ ਲੋਕ ਦੇ ਭੋਗਾਂ ਦੀ ਸਿਮ੍ਰਿਤੀ ਅਜੇ ਨਹੀਂ ਭੁੱਲੀ। ਇਸ ਦੇ ਕਣ-ਕਣ ਵਿਚ ਉਹ ਸਿਮ੍ਰਿਤੀ ਸਮਾਈ ਹੋਈ ਹੈ, ਇਸ ਮੂਰਖ ਦੀ ਇਸ ਗੱਲ ਨੂੰ ਦੇਖ ਕੇ ਕਿ ਇਸ ਨੂੰ ਮਾਨਸ ਜਨਮ ਪ੍ਰਾਪਤ ਕਰਕੇ ਪਰਮ ਪਦ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ ਪਰ ਭੋਗਾਂ ਦੇ ਵਸ ਵਿਚ ਆਇਆ ਹੋਇਆ ਇਹ ਇੰਦਰ ਦੀ ਪਦਵੀ ਚਾਹੁੰਦਾ ਹੈ। ਜਿਥੇ ਕਿੰਨਰ ਤੇ ਗੰਧਰਭ ਸਾਜੀ ਹਨ, ਅਨੇਕ ਸੁੰਦਰ ਅਪਛਰਾਵਾਂ ਨ੍ਰਿਤਕਾਰੀ ਕਰਦੀਆਂ ਹਨ ਅਤੇ ਇਹ ਇੰਦਰ ਦੇ ਰੂਪ ਵਿਚ ਸਦਾ ਹੀ ਭੋਗਾਂ ਵਿਚ ਗਲਤਾਨ ਰਹਿੰਦਾ ਹੈ ਜਿਸ ਦੇ ਫਲ ਵਜੋਂ ਇਹ 83 ਲੱਖ 99,999 ਜੂਨਾਂ ਦਾ ਚੱਕਰ ਭੋਗਦਾ ਹੈ, ਫੇਰ ਸੌ ਯੱਗ ਕਰਕੇ ਇੰਦਰ ਦੀ ਪਦਵੀ ਪ੍ਰਾਪਤ ਕਰਦਾ ਹੈ। ਸੋ ਇਸ ਮੂੜ੍ਹ ਦੀ ਵਾਸ਼ਨਾ ਕਰਕੇ ਮੈਨੂੰ ਹਾਸਾ ਆਇਆ। ਇਕ ਵਾਸ਼ਨਾ ਨੇ ਇਸ ਨੂੰ ਕਿੰਨੇ ਚੱਕਰ ਵਿਚ ਪਾਇਆ ਹੋਇਆ ਹੈ।

ਸੰਸਾਰ ਦੇ ਜੀਵ ਵਾਸ਼ਨਾ ਦੇ ਚੱਕਰ ਨੇ ਘੁੰਮਾਏ ਹੋਏ ਜੰਮਣ ਮਰਨ ਦੀ ਲੜੀ ਵਿਚ ਪਰੋਏ ਹੋਏ ਹਨ। ਇਕ ਜਨਮ ਧਾਰਦੇ ਹਨ, ਮਰ ਜਾਂਦੇ ਹਨ ਅਤੇ ਫੇਰ ਹੋਰ ਜਨਮ ਧਾਰਦੇ ਹਨ। ਵਾਸ਼ਨਾਵਾਂ ਫੇਰ ਜਨਮ 'ਚ ਲੈ ਆਉਂਦੀਆਂ ਹਨ ਪਰ ਫੇਰ ਵੀ ਇਸ ਨੂੰ ਇਹ ਗਿਆਨ ਨਹੀਂ ਹੁੰਦਾ ਕਿ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਨਾਮ ਦੀ ਦਾਤ ਪ੍ਰਾਪਤ ਕਰਕੇ ਉਸਦੀ ਕਮਾਈ ਕਰਾਂ ਅਤੇ ਮਹਾਂਪੁਰਸ਼ਾਂ ਦੀ ਸੰਗਤਾਂ ਵਿਚ ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਦੀਆਂ ਮੰਜ਼ਲਾਂ ਤਹਿ ਕਰਦਾ ਹੋਇਆ ਪਰਮ ਪਦ ਵਿਚ ਪਹੁੰਚ ਜਾਵਾਂ। ਪਰ ਇਹ ਖੋਟੀ ਬੁੱਧੀ ਵਾਲਾ ਜੀਵ ਇਸ ਗੱਲ ਨੂੰ ਨਹੀਂ ਜਾਣਦਾ। ਅਜਿਹੇ ਜੀਵਾਂ ਦਾ ਦਰਜਾ ਮਨੁੱਖਾਂ ਦੇ ਬਰਾਬਰ ਨਹੀਂ ਹੋਇਆ ਕਰਦਾ, ਉਹ ਤਾਂ ਪਸ਼ੂ ਤੋਂ ਵੀ ਨੀਵਾਂ ਢੋਰ ਹੋਇਆ ਕਰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਆਵਨ ਆਏ ਸ੍ਰਿਸਟਿ ਮਹਿ*
*ਬਿਨੁ ਬੂਝੈ ਪਸੁ ਢੋਰ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥*
*ਅੰਗ - ੨੫੧*

ਸੋ ਇਸ ਤਰ੍ਹਾਂ ਨਾਲ ਧਨ ਵਾਸ਼ਨਾ ਦਾ ਜ਼ਿਕਰ ਹੋ ਰਿਹਾ ਸੀ। ਇਹ ਇਕੋ ਵਾਸ਼ਨਾ ਜੀਵ ਨੂੰ ਕ੍ਰੋੜਾਂ ਜਨਮ ਵਿਚ ਘੁੰਮਾਉਣ ਦੀ ਸਮਰਥਾ ਰਖਦੀ ਹੈ। ਫੇਰ ਬਾਕੀ ਵਾਸ਼ਨਾਵਾਂ ਦਾ ਕੀ ਹਾਲ ਦਸਿਆ ਜਾਵੇ। ਭੋਗਾਂ ਦੇ ਵਿਚ ਪਿਆ ਹੋਇਆ ਆਦਮੀ ਆਪਣੇ ਕੰਚਨ ਵਰਗੇ ਸਰੀਰ ਨੂੰ ਰੋਗ ਗ੍ਰਸਤ ਕਰ ਦਿੰਦਾ ਹੈ, ਫੇਰ ਦਿਨ ਰਾਤ ਦੁਹਾਈਆਂ ਦਿੰਦਾ ਹੈ, ਇਕ ਬਿਮਾਰੀ ਹਟਦੀ ਹੈ, ਦੂਜੀ ਆ ਘੇਰਦੀ ਹੈ। ਮਨ ਵੀ ਰੋਗੀ, ਤਨ ਵੀ ਰੋਗੀ ਹੋ ਜਾਂਦਾ ਹੈ, ਫੇਰ ਪ੍ਰਭੂ ਦਾ ਨਾਮ ਕਿਵੇਂ ਜਪੇਗਾ।

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥ ਅੰਗ - ੧੨੫੬*

ਇਹ ਸਭ ਗੱਲਾਂ ਸਭ ਵਾਸ਼ਨਾਵਾਂ ਕਰਕੇ ਹੋਇਆ ਕਰਦੀਆਂ ਹਨ।

ਧਨ ਵਾਸ਼ਨਾ ਇਕ ਬਹੁਤ ਪ੍ਰਬਲ ਵਾਸ਼ਨਾ ਹੈ। ਪਹਿਲਾਂ ਤਾਂ ਧਨ ਇਕੱਠਾ ਕਰਨ ਵਾਸਤੇ ਬਹੁਤ ਪਾਪ ਕਰਮ ਕਰਨੇ ਪੈਂਦੇ ਹਨ, ਛਲ ਕਪਟ ਕਰਨੇ ਪੈਂਦੇ ਹਨ। ਜਦੋਂ ਧਨ ਇਕੱਠਾ ਹੋ ਜਾਵੇ ਤਾਂ ਫਿਰ ਇਸ ਦੀ ਰਾਖੀ ਕਰਨ ਦੀ ਹਰ ਸਮੇਂ ਚਿੰਤਾ ਰਹਿੰਦੀ ਹੈ। ਇਸ ਨੂੰ ਇਕੱਠਾ ਕਰਨ ਵਾਸਤੇ ਜੋ ਪਾਪ ਕੀਤੇ ਹਨ ਉਹ ਸਾਰੇ ਮਰਨ ਉਪਰੰਤ ਜੀਵ ਆਤਮਾ ਦੇ ਨਾਲ ਜਾਣਗੇ। ਜੋ ਧਨ ਜਾਇਦਾਦ ਇਕੱਠੀ ਕੀਤੀ ਹੈ ਉਹ ਇਥੇ ਹੀ ਰਹਿ ਜਾਵੇਗੀ, ਜਿਵੇਂ ਕਿ ਫੁਰਮਾਨ ਹੈ -

*ਕਪੜੁ ਰੂਪੁ ਸੁਹਾਵਣਾ*
*ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ*
*ਆਪੇ ਹੀ ਕੀਤਾ ਪਾਵਣਾ॥*
*ਹੁਕਮ ਕੀਏ ਮਨਿ ਭਾਵਦੇ*
*ਰਾਹਿ ਭੀੜੈ ਅਗੈ ਜਾਵਣਾ॥*
*ਨੰਗਾ ਦੋਜਕਿ ਚਾਲਿਆ*
*ਤਾ ਦਿਸੈ ਖਰਾ ਡਰਾਵਣਾ॥*
*ਕਰਿ ਅਉਗਣ ਪਛੋਤਾਵਣਾ॥ ਅੰਗ - ੪੭੧*

'ਚਲਦਾ..........।''

# ਸ਼ਹੀਦੀ - ਸ੍ਰੀ ਗੁਰੂ ਅਰਜਨ ਦੇਵ ਜੀ

## (ਮਹਾਂਪੁਰਸ਼ਾਂ ਵਲੋਂ ਅਨੁਭਵੀ ਪ੍ਰਵਚਨ)

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ -......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਲਾਡ ਲਡਾਇਆ ਤੇਰੇ ਭਰੋਸੇ ਮੈਂ।*

*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥ ੧ ॥*
*ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥ ੧ ॥*
*ਰਹਾਉ ॥*
*ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥*
*ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥ ੨ ॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ ੩ ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥ ੪॥੨੭ ॥੯੭ ॥*
*ਅੰਗ- ੫੧*

ਸਾਧਸੰਗਤ ਜੀ! ਗੱਜ ਕੇ ਬੋਲਣਾ ਜੀ ਸਤਿਨਾਮੁ ਸ੍ਰੀ ਵਾਹਿਗੁਰੂ। ਦੂਰ-ਦਰਾਜ਼ ਤੋਂ ਆਪ ਕਾਰੋਬਾਰ ਸੰਕੋਚਦੇ ਹੋਏ ਗੁਰੂ ਮਹਾਰਾਜ ਦੇ ਚਰਨਾਂ ਵਿਚ ਪਹੁੰਚੇ ਹੋਂ। ਅੱਜ ਜੋ ਦਿਨ ਹੈ ਬਹੁਤ ਹੀ ਸ਼ਰਧਾ ਤੇ ਭਾਵਨਾ ਨਾਲ ਸਿੱਖਾਂ ਵਲੋਂ ਵੀ ਤੇ ਹਿੰਦੂਆਂ ਵਲੋਂ ਵੀ ਪਿਆਰ ਨਾਲ ਮਨਾਇਆ ਜਾਂਦਾ ਹੈ। ਅੱਜ ਦਾ ਜੋ ਦਿਨ ਹੈ ਛਬੀਲ ਦਾ ਦਿਨ, ਬਹੁਤ ਸਾਰੇ ਪ੍ਰੇਮੀ ਇਹਦੇ ਨਾਲ ਪੂਰੀਆਂ, ਛੋਲੇ ਆਦਿ ਵੀ ਲੰਗਰ ਕਰਦੇ ਹਨ। ਜਿਉਂ-ਜਿਉਂ ਸਮਾਂ ਲੰਘਦਾ ਹੈ, ਤਿਉਂ-ਤਿਉਂ ਆਪਣੀਆਂ ਭਾਵਨਾਵਾਂ ਅਨੇਕਾਂ ਤਰੀਕਿਆਂ ਨਾਲ ਪ੍ਰਗਟ ਹੋ ਰਹੀਆਂ ਨੇ। ਕੋਈ ਐਸਾ ਭਾਵ ਇਸ ਦਿਨ ਦੇ ਨਾਲ ਜੁੜਿਆ ਹੋਇਆ ਹੈ ਜੋ ਸਾਲ ਤੋਂ ਬਾਅਦ ਆ ਕੇ ਸਾਨੂੰ ਕੁਛ ਪ੍ਰੇਰਨਾ ਦਿੰਦਾ ਹੈ। ਸਮਝਣ ਦੀ ਲਗਨ ਪੈਦਾ ਕਰਦਾ ਹੈ। ਕਈ ਤਰੀਕੇ ਨੇ ਇਹਦੇ। ਇਕ ਤਾਂ ਇਹ ਹੈ ਕਿ ਗੁਰੂ ਮਹਾਰਾਜ ਦੀ ਸ਼ਹੀਦੀ ਨੂੰ ਸਮਝ ਲਿਆ ਕਿ ਉਹਨਾਂ ਨੇ ਬਹੁਤ ਤਸੀਹੇ ਦਿਤੇ, ਬਹੁਤ ਬੁਰੀ ਬਾਤ ਕਰੀ। ਸਾਡੇ ਮਨ ਦੇ ਅੰਦਰ ਇਕ ਬਹੁਤ ਨਫਰਤ ਪੈਦਾ ਹੋ ਗਈ ਕਿ ਇਹ ਕੀ ਕਰਦੇ ਸੀ ਉਸ ਸਮੇਂ ਦੇ ਰਾਜੇ। ਐਡੀਆਂ ਵੱਡੀਆਂ-ਵੱਡੀਆਂ ਹਸਤੀਆਂ ਦਾ ਵੀ ਲਿਹਾਜ਼ ਨਹੀਂ ਕਰਿਆ ਇਹਨਾਂ ਲੋਕਾਂ ਨੇ। ਛੋਟਿਆਂ ਦਾ ਕੀ ਹਾਲ ਹੁੰਦਾ ਹੋਣੈ। ਦੂਸਰਾ ਇਹਦੇ ਵਿਚ ਕਈ ਪ੍ਰੇਮੀਆਂ ਨੂੰ ਇਹ ਸਮਝ ਆਉਂਦੀ ਹੈ ਕਿ ਘਰੋਗੀ ਝਗੜਾ ਸੀ, ਉਹ ਝਗੜਾ ਐਨਾ ਤੂਲ ਫੜ ਗਿਆ ਕਿ ਉਹ ਲੋਕ ਐਨੇ ਜ਼ਿਆਦਾ ਪਹੁੰਚ ਵਾਲੇ sourcefull ਸਨ ਕਿ ਉਹਨਾਂ ਨੇ ਰਾਜ ਨੂੰ ਵੀ ਗੁਮਰਾਹ ਕਰ ਦਿਤਾ। ਹੌਲੀ-ਹੌਲੀ ਗੱਲਾਂ ਕਰ-ਕਰ ਕੇ ਗੁਰੂ ਘਰ ਦੇ ਉਤੇ ਜੋ ਸ਼ਰਧਾ ਬਣੀ ਹੋਈ ਸੀ, ਮੁਗ਼ਲਾਂ ਦੇ ਪੂਰਵਜ ਦੀ, ਉਹ ਘਟਾਉਣ ਦਾ ਯਤਨ ਕਰਿਆ। ਉਹ ਉਸ ਤਰ੍ਹਾਂ ਅਣਜਾਣ ਨਹੀਂ ਸੀ, ਉਹ ਜਾਣਦੇ ਸੀ - ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੂੰ। ਇਹ ਵੀ ਉਹਨਾਂ ਨੂੰ ਪਤਾ ਸੀ ਕਿ ਸਾਨੂੰ ਜੋ ਬਖਸ਼ਿਸ਼ ਹੋਈ, ਹੈ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਹੀ ਕੀਤੀ ਹੈ। ਜਦੋਂ ਹਮਾਯੂੰ ਹਾਰ ਖਾ ਕੇ ਨੱਠਿਆ, ਉਸ ਵੇਲੇ ਉਸ ਨੂੰ ਪਤਾ ਸੀ ਕਿ ਜੇ ਕੋਈ ਮਦਦ ਕਰ ਸਕਦੈ, ਰੂਹਾਨੀ ਤੌਰ 'ਤੇ, ਤਾਂ ਉਹ ਗੁਰੂ ਅੰਗਦ ਸਾਹਿਬ ਨੇ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਾਨ-ਨਸ਼ੀਨ ਨੇ। ਅੱਧਾ ਘੰਟਾ ਜਾ ਕੇ ਦਰਬਾਰ 'ਚ ਖੜ੍ਹਦੈ, ਸਾਮ੍ਹਣੇ ਮਹਾਰਾਜ ਦੇ। ਗੁਸਤਾਖੀ ਹੋ ਗਈ ਥੋੜ੍ਹੀ ਇਸ ਤੋਂ, ਮਹਾਰਾਜ ਕਹਿੰਦੇ ਕਿ ਹੁਣੇ ਹੀ ਰਾਜ ਮਿਲ ਜਾਣਾ ਸੀ, ਪਰ ਹੁਣ ਤੂੰ 14 ਸਾਲ ਘੁੰਮਦਾ ਫਿਰ, ਕਿਉਂਕਿ ਤੂੰ ਗਲਤੀ ਕੀਤੀ ਹੈ। ਉਸ ਤੋਂ ਬਾਅਦ ਅਕਬਰ ਨੂੰ ਪੂਰੀ ਤਰ੍ਹਾਂ ਨਾਲ ਪਤਾ ਸੀ। ਭੁੱਲਿਆ ਹੋਇਆ ਨਹੀਂ ਸੀ ਕੋਈ ਵੀ। ਅਰ ਐਨਾ ਪਤਾ ਸੀ ਕਿ ਬਹੁਤ ਵੱਡਾ ਅਖਤਿਆਰ, ਕਾਨੂੰਨ ਉਹਦੀ ਜ਼ੁਬਾਨ 'ਤੇ ਹੋਇਆ ਕਰਦਾ ਸੀ। ਜੋ ਕਹਿ ਦਿਤਾ ਹੋ ਗਿਆ। ਉਹ ਵੀ ਆਪਣੇ ਆਪ ਨੂੰ ਇਹ ਸਮਝਦੇ ਸੀ ਕਿ ਅਸੀਂ ਦੈਵੀ ਹਸਤੀਆਂ (ਸੁਪਰ ਮੈਨ) ਹਾਂ। ਅੱਜ ਦਾ ਪ੍ਰਾਈਮ ਮਨਿਸਟਰ ਹੈ, ਉਹਦੇ ਕੋਲ ਉਹਦੇ ਨਾਲੋਂ ਕੁਝ ਵੀ ਅਖਤਿਆਰ ਨਹੀਂ ਹਨ।

ਉਹਨਾਂ ਨੇ ਗੁਰੂ ਅਮਰਦਾਸ ਜੀ ਮਹਾਰਾਜ ਦੇ ਚਰਨਾਂ ਵਿਚ ਭੁੰਜੇ ਬੈਠਣਾ ਤੇ ਮੰਗ ਕੇ ਪ੍ਰਸ਼ਾਦਾ ਲੈਣਾ। ਪਹਿਲਾਂ ਪੰਗਤ ਵਿਚ ਬੈਠਿਆ, ਕੋਈ ਵਿਸ਼ੇਸ਼ ਨਹੀਂ ਕੀਤਾ ਉਸ ਲਈ, ਜਿਵੇਂ ਆਮ ਪ੍ਰਸ਼ਾਦਾ ਮਿਲਦਾ ਸੀ ਉਵੇਂ ਛਕਿਆ। ਲੇਕਿਨ ਜਦੋਂ ਗੁਰੂ ਮਹਾਰਾਜ ਕੋਲ ਗਿਆ,

ਉਥੇ ਗੁਰੂ ਮਹਾਰਾਜ ਕੋਧਰਾ (ਬਾਜਰਾ) ਛਕ ਰਹੇ ਸੀ। ਇਹਦੇ ਮਨ 'ਚ ਹੋਇਆ ਕਿ ਸ਼ਾਇਦ ਇਹ ਕੁਝ ਖਾਸ ਹੋਣਾ। ਕਹਿਣ ਲੱਗਿਆ, ਗੁਰੂ ਜੀ! ਜਿਹੜਾ ਤੁਸੀਂ ਖਾ ਰਹੇ ਹੋਂ, ਇਹ ਵੀ ਸਾਨੂੰ ਦਿਓ। ਉਹਨੇ ਕੁਝ ਗ੍ਰਾਹੀਆਂ ਖਾਧੀਆਂ, ਹੈਰਾਨ ਹੋ ਗਿਆ ਕਿ ਮੈਨੂੰ ਇਹ ਪਤਾ ਹੀ ਨਹੀਂ ਲਗਦਾ ਕਿ ਇਹਦੇ ਵਿਚ ਸਵਾਦ ਕੀ ਹੈ। ਐਨਾ ਘੁਲ ਮਿਲ ਜਾਣਾ, ਐਨੀ ਨੇੜਤਾ ਪ੍ਰਾਪਤ ਕਰ ਲੈਣੀ, ਇਹ ਦਸਦੀ ਹੈ ਕਿ ਤਾਅਲੁਕਾਤ ਆਪਣ ਵਿਚ ਬਹੁਤ ਨੇੜਤਾ ਦੇ ਸੀ। ਬਾਬੇ ਕੇ ਅਰ ਬਾਬਰ ਕੇ ਇਹ ਦੋਵੇਂ ਗਿਣੇ ਜਾਂਦੇ ਸੀ। ਦੋਵਾਂ ਦਾ ਸਨਮਾਨ ਸੀਗਾ। ਜਹਾਂਗੀਰ ਦਾ ਤਖਤ 'ਤੇ ਬੈਠਣਾ। ਇਹ ਕਾਰਨ ਬਣ ਜਾਇਆ ਕਰਦੇ ਨੇ। ਇਹ ਨਹੀਂ ਕਿ ਸਾਰੀ ਦੁਨੀਆਂ ਮਹਾਂਪੁਰਸ਼ਾਂ ਨੂੰ ਮੰਨਦੀ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਅਸੀਂ ਹੁਣ ਮੰਨਦੇ ਹਾਂ। ਉਸ ਵੇਲੇ ਦੇ ਲੋਕ ਕੁਰਾਹੀਆ ਕਹਿੰਦੇ ਸੀ। ਇਥੇ ਤਕ ਵੀ ਮਹਾਰਾਜ ਨੇ ਆਖਿਐ –

*ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ ਅੰਗ- ੯੯੧*

ਬੇਤਾਲ ਇਕ ਬਹੁਤ ਵੱਡਾ ਭੂਤ ਹੁੰਦੈ ਕਿ ਇਸ ਤਰ੍ਹਾਂ ਮੈਨੂੰ ਕਹਿੰਦੇ ਨੇ। ਮੈਂ ਤਾਂ ਗਰੀਬ ਆਦਮੀ ਹਾਂ, ਮੈਂ ਤਾਂ ਪ੍ਰਮੇਸ਼ਰ ਦੇ ਪਿਆਰ ਵਿਚ ਲੀਨ ਹੋਇਆ-ਹੋਇਆ, ਆਪਣਾ ਜੀਵਨ ਬਤੀਤ ਕਰਦਾ ਹਾਂ। ਇਹਨਾਂ ਦਾ ਦ੍ਰਿਸ਼ਟੀਕੋਣ ਜਿਹੜਾ ਮੇਰੇ ਬਾਰੇ ਹੈ, ਉਹ ਭੂਤਾਂ-ਪ੍ਰੇਤਾਂ ਦਾ ਹੈ। ਮੈਨੂੰ ਵੀ ਭੂਤ-ਪ੍ਰੇਤ ਕਹਿੰਦੇ ਨੇ। ਮੁਖਾਲਫਤ ਇਹ ਨਹੀਂ ਹੋਇਆ ਕਰਦਾ ਕਿ ਬਹੁਤ ਵੱਡੀ ਹਸਤੀ ਹੈ। ਰਾਜਸੀ ਮੁਖਾਲਫ਼ਤ, ਧਰਮ ਦੀ ਕੱਟੜਤਾ ਦੇ ਕਾਰਨ, ਧਾਰਮਿਕ ਮੁਖੀਆਂ ਦੀ ਮੁਖਾਲਫਤ ਇਹ ਕੁਦਰਤੀ ਤੌਰ 'ਤੇ ਹੋਇਆ ਕਰਦੀ ਹੈ। ਹਿੰਦੁਸਤਾਨ ਦਾ ਜੋ ਪਿਛੋਕੜ ਹੈ, ਇਹਦੇ ਵਿਚ ਬਹੁਤ ਕੁਝ ਸੋਚਣ ਵਾਲਾ, ਸਮਝਣ ਵਾਲੀਆਂ ਗੱਲਾਂ ਪਈਆਂ ਨੇ। 5000 ਸਾਲ ਤੋਂ ਪਹਿਲਾਂ ਸਾਰੇ ਆਰੀਅਨ ਦੇ ਇਤਿਹਾਸ ਤੁਸੀਂ ਪੜ੍ਹ ਲਓ ਕਿਤੇ ਵੀ ਹਾਰ ਨਹੀਂ ਇਹਨਾਂ ਨੇ ਖਾਧੀ, ਜਿੱਤ ਹੀ ਜਿੱਤ ਹੋਈ ਹੈ ਕਿਉਂਕਿ ਇਹਨਾਂ ਕੋਲ ਵਿਦਿਆ ਬਹੁਤ ਜ਼ਬਰਦਸਤ ਸੀ। ਐਟਮ-ਯੁੱਧ Atomic war ਜਿਹਨੂੰ ਕਹਿੰਦੇ ਨੇ। ਇਹਨਾਂ ਕੋਲ ਮੰਤਰ ਯੁੱਧ ਸੀਗੇ ਉਸ ਵੇਲੇ। ਪਹਿਲਾਂ ਜੰਗਲਾਂ 'ਚ ਜਾ ਕੇ ਤਪ ਕਰਨਾ, ਤਪ ਕਰਕੇ ਫੇਰ ਕੋਈ ਬਹੁਤ ਵੱਡਾ ਸ਼ਸਤਰ ਹਾਸਲ ਕਰਨਾ। ਉਹਨੂੰ ਅਮੋਘ ਬਾਣ ਆਖਿਆ ਜਾਂਦਾ ਸੀ। ਜਿਹਦਾ ਵਾਰ ਕਦੇ ਖਾਲੀ ਨਹੀਂ ਸੀ ਜਾਂਦਾ। ਉਹਨੇ ਆਪਣਾ ਫਲ ਦੇਣਾ ਹੀ ਦੇਣਾ ਹੁੰਦਾ ਸੀ। ਉਸ ਵੇਲੇ ਦੋਵੇਂ ਸਾਵਧਾਨ ਹੁੰਦੇ। ਜੇ ਤਾਂ ਉਹਦੇ ਕੋਲ ਹੈ ਤਾਂ, ਤਾਂ ਬਚ ਗਿਆ, ਨਹੀਂ ਤਾਂ ਜਿਹਦੇ ਕੋਲ ਹੈਗਾ, ਉਹ ਜਿੱਤ ਗਿਆ। ਲੇਕਿਨ ਆਪਸ ਵਿਚ ਘਰੋਗੀ ਲੜਾਈ ਵਿਚ ਪੈ ਕੇ ਇਹ ਲੋਕ ਬਿਲਕੁਲ ਬਰਬਾਦ ਹੋ ਗਏ। ਜਿਸ ਯੁੱਧ ਦਾ ਨਾਉਂ ਮਹਾਂਭਾਰਤ ਦਾ ਯੁੱਧ ਹੈ। ਉਸ ਤੋਂ ਬਾਅਦ ਵਰਨ ਸ਼ੰਕਰ ਓਲਾਦ ਹੋ ਗਈ। ਪਿੱਤਰਾਂ ਦੀ ਗਤੀ ਦੇ ਵਾਸਤੇ ਪੁੱਤਰਾਂ ਦੀ ਲੋੜ ਸੀ। ਖੁਲ੍ਹ ਸੀ ਉਸ ਸਮਾਜ ਦੇ ਅੰਦਰ ਕਿ ਤੁਸੀਂ ਪੁੱਤਰ ਲੈ ਸਕਦੇ ਹੋਂ। ਮਹਾਂਭਾਰਤ ਦੇ ਅੰਦਰ ਪਾਂਡਵਾਂ ਬਾਰੇ ਹੀ ਇਹ ਗੱਲ ਆਉਂਦੀ ਹੈ। ਹੌਲੀ-ਹੌਲੀ ਸੁਸਾਇਟੀ ਦਾ ਪਤਨ ਹੋ ਗਿਆ। ਬ੍ਰਾਹਮਣ ਇਹਦਾ, ਸੁਸਾਇਟੀ ਦਾ, ਰਾਖਾ ਹੋਇਆ ਕਰਦਾ ਸੀ। ਬਿਲਕੁਲ ਸੱਚਾ ਸੁੱਚਾ ਹੁੰਦਾ। ਰਾਜੇ ਵੀ ਇਹਦਾ ਸਤਿਕਾਰ ਕਰਦੇ ਸੀ, ਉੱਠ ਕੇ ਖੜ੍ਹੇ ਹੁੰਦੇ ਸੀ। ਇਹਨਾਂ ਉਤੇ ਹਾਵੀ ਹੁੰਦੇ ਸੀ ਰਿਸ਼ੀ ਮੁਨੀ। ਰਿਸ਼ੀ-ਮੁਨੀਆਂ ਦੀ ਗੱਲ ਹਰੇਕ ਨੂੰ ਮੰਨਣੀ ਪੈਂਦੀ ਸੀ। ਸਭ ਤੋਂ ਕਾਬਲ ਬੰਦੇ ਜੋ ਮੰਨੇ ਜਾਂਦੇ ਸੀ, ਉਹ ਰਿਸ਼ੀ ਮੁਨੀ ਮੰਨੇ ਜਾਂਦੇ ਸੀ। ਉਹਨਾਂ ਦਾ ਕੰਮ ਸੀਗਾ ਅੰਦਰਲੀ ਖੋਜ ਕਰਨੀ। ਪ੍ਰਕ੍ਰਿਤੀ ਦੀ ਖੋਜ ਹੋਰ ਢੰਗ ਨਾਲ ਉਹ ਕਰਦੇ ਸੀ। ਅੱਜਕਲ੍ਹ ਅਸੀਂ ਹੋਰ ਢੰਗ ਨਾਲ ਕਰਦੇ ਹਾਂ। ਮੈਡੀਕਲ ਸਾਇੰਸ ਬਹੁਤ ਉਪਰ ਗਈ ਹੋਈ ਸੀ ਤੇ ਉਸ ਵੇਲੇ ਆਮ ਸੁਸਾਇਟੀ ਦਾ ਜੋ ਮੁਖੀ ਹੋਇਆ ਕਰਦਾ, ਗਾਈਡ ਹੋਇਆ ਕਰਦਾ, ਉਹ ਬ੍ਰਾਹਮਣ ਹੋਇਆ ਕਰਦਾ ਸੀ। ਬ੍ਰਾਹਮਣ ਕੋਈ ਪੱਕੀ ਚੀਜ਼ ਨਹੀਂ ਸੀ ਹੁੰਦੀ ਜਿਵੇਂ ਪ੍ਰੋਫੈਸਰ ਕੋਈ ਪੱਕੀ ਚੀਜ਼ ਨਹੀਂ ਹੈ ਕਿ ਪ੍ਰੋਫੈਸਰ ਹੈ, ਇਹਨਾਂ ਦਾ ਲੜਕਾ ਵੀ ਪ੍ਰੋਫੈਸਰ ਹੋਏਗਾ, ਪੋਤਾ ਵੀ ਪ੍ਰੋਫੈਸਰ ਹੋਏਗਾ ਜਾਂ ਕੋਈ ਪ੍ਰਾਈਮ ਮਨਿਸਟਰ ਹੈ, ਉਹਦਾ ਮੁੰਡਾ ਵੀ ਪ੍ਰਾਈਮ ਮਨਿਸਟਰ, ਪੋਤਾ ਵੀ, ਪੜੋਤਾ ਵੀ। ਇਸ ਤਰ੍ਹਾਂ ਨਹੀਂ ਸੀ। ਕਾਬਲ ਬੰਦੇ ਜਿਨ੍ਹਾਂ ਦੇ ਅੰਦਰ ਬ੍ਰਹਮ ਦੀ ਵਿਚਾਰ ਹੋਇਆ ਕਰਦੀ ਸੀ, ਜਿਹੜੇ ਛੇ ਕਰਮ ਭਲੀ-ਭਾਂਤ ਨਿਭਾ ਸਕਦੇ ਸੀ। ਵੇਦ ਪੜ੍ਹਨਾ ਤੇ ਵੇਦ ਪੜ੍ਹਾਉਣਾ। ਹਰ ਬੰਦਾ ਨਹੀਂ ਪੜ੍ਹਾ ਸਕਦਾ ਕਿਉਂਕਿ ਬਹੁਤ ਔਖਾ ਵਿਸ਼ਾ ਹੈ ਇਹ। ਆਦਮੀ ਦਾ ਦਿਮਾਗ ਚੱਕਰ ਖਾ ਜਾਂਦੈ। ਦੂਸਰਾ ਇਹ ਸੀਗਾ ਕਿ ਦਾਨ ਕਰਨਾ ਤੇ ਦਾਨ ਲੈਣਾ। ਸੰਤੁਲਨ ਬਰਾਬਰ ਰੱਖਣੈ। ਤੀਸਰਾ ਕੰਮ ਉਹਨਾਂ ਦਾ ਹੁੰਦਾ ਯੱਗ ਕਰਨਾ ਤੇ ਯੱਗ ਕਰਾਉਣਾ। ਆਪ ਵੀ ਯੱਗ ਕਰਦੇ ਸੀ ਤੇ ਫੇਰ ਯੱਗ ਕਰਾਉਂਦੇ ਵੀ ਸੀ। ਇਹਨੂੰ ਖੱਟ ਕਰਮ ਕਹਿੰਦੇ ਸੀ। ਖੱਟ ਕਰਮਾਂ ਦਾ ਸੰਯੁਕਤ ਜਿਹੜਾ ਹੋਇਆ ਕਰਦਾ, ਉਹਨੂੰ ਸ੍ਰੇਸ਼ਟ ਪੁਰਸ਼ ਬ੍ਰਾਹਮਣ ਕਿਹਾ ਜਾਂਦਾ ਸੀ। ਇਹਦਾ ਕੰਮ ਸੀ ਕਿ ਕੇਸਾਂ ਦੀ ਬੇਅਦਬੀ ਨਹੀਂ ਸੀ ਕਰਦਾ ਬਿਲਕੁਲ ਵੀ। ਇਕ ਰੋਮ ਵੀ ਜਿਹੜਾ ਸੀ ਨਾ ਤਾਂ ਰਿਸ਼ੀ ਗਵਾਉਂਦੇ ਸੀ, ਨਾ ਬ੍ਰਾਹਮਣ ਗਵਾਉਂਦਾ ਸੀ। ਬ੍ਰਾਹਮਣ ਤੋਂ ਜੇ ਕੋਈ ਗਲਤੀ ਹੋ ਗਈ, ਉਸ ਵੇਲੇ ਜਿਹੜਾ ਦੰਡ ਦਿੰਦੇ ਸੀ, ਬ੍ਰਾਹਮਣ ਨੂੰ ਸਜਾਏ ਮੌਤ ਨਹੀਂ ਸੀ ਮਿਲਦੀ। ਸਜਾਏ ਮੌਤ ਦਾ ਐਲਾਨ ਕੀਤਾ ਜਾਂਦਾ ਸੀ ਕਿ ਮਾਰ ਦਿਤਾ ਗਿਆ। ਲੇਕਿਨ ਮਾਰਦੇ ਕਿਵੇਂ ਸੀ ਉਹਦੇ ਕੇਸ ਕੱਟ ਲੈਂਦੇ ਸੀ, ਦਾੜ੍ਹੀ ਕੇਸ। ਜਦੋਂ ਬ੍ਰਾਹਮਣ ਦੇ ਕੇਸ ਕੱਟ ਗਏ ਤਾਂ ਇਹ ਸਮਝਦੇ ਸੀ ਕਿ ਇਹਨੂੰ ਮੌਤ ਦੰਡ ਹੋ ਗਿਆ। ਉਹ ਬਹੁਤ ਔਖਾ ਜਿਉਂਦਾ ਸੀ, ਛੇਤੀ ਹੀ ਚੜ੍ਹਾਈ ਕਰ

ਜਾਂਦਾ ਸੀ। ਕਸ਼ਤਰੀ ਜਿਹੜਾ ਸੀ ਉਹਦੇ ਤਿੰਨ-ਚਾਰ ਕਰਮ ਪਰ ਹੋਇਆ ਕਰਦੇ ਸੀ। ਪਹਿਲਾ ਹੁੰਦਾ ਵੇਦ ਪੜ੍ਹਨਾ, ਪੜ੍ਹਾਉਣਾ ਨਹੀਂ ਸੀ ਉਹਦੇ ਹਿੱਸੇ ਵਿਚ। ਦੂਸਰਾ ਸੀ ਯੱਗ ਕਰਨਾ, ਯੱਗ ਕਰਾਉਣਾ ਉਹਦੇ ਹਿੱਸੇ ਵਿਚ ਸੀ। ਤੀਸਰਾ ਸੀ ਦਾਨ ਦੇਣਾ, ਉਹ ਦੇ ਸਕਦਾ ਸੀ, ਲੈਣ ਦਾ ਅਧਿਕਾਰੀ ਨਹੀਂ ਸੀਗਾ। ਚੌਥਾ ਸੀਗਾ ਉਹਦਾ ਕਿ ਦੇਸ਼ ਦੀ ਰੱਖਿਆ ਕਰਨੀ। ਇਹ ਬ੍ਰਾਹਮਣ ਨਾਲੋਂ ਅਲਾਹਿਦਾ ਚੀਜ਼ ਸੀ। ਪੁਰਜ਼ਾ-ਪੁਰਜ਼ਾ ਕੱਟ ਜਾਵੇ, ਪਰ ਦੇਸ਼ ਦੇ ਉਤੇ ਕੋਈ ਸ਼ਤਰੂ ਨਾ ਆ ਸਕੇ। ਕੁਰਬਾਨ ਹੋ ਜਾਵੇ, ਆਪਣੀ ਜਾਨ ਕੁਰਬਾਨ ਕਰ ਦੇ। ਮਹਾਰਾਜ ਕਹਿੰਦੇ -

*ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥* *ਅੰਗ- ੧੪੧੧*

*ਖੇਤੁ ਪਛਾਣੈ ਬੀਜੈ ਦਾਨੁ ॥* *ਅੰਗ- ੧੪੧੧*

ਖੇਤ ਪਛਾਣ ਕੇ ਫੇਰ ਉਹ ਜਾਇਜ਼ ਦਾਨ ਬੀਜਿਆ ਕਰਦਾ ਸੀ ਤੇ ਉੱਚਾ ਗਿਣਿਆ ਜਾਂਦਾ ਸੀ। ਵੈਸ਼ ਜਿਹੜਾ ਖੇਤੀ ਬਾੜੀ ਕਰਨ ਵਾਲਾ, ਮਿਹਨਤ ਕਰਨ ਵਾਲਾ ਸੀ, ਉਹਦੇ ਤਿੰਨ ਕਰਮ ਹੋਇਆ ਕਰਦੇ ਸੀ। ਇਕ ਤਾਂ ਇਹ ਹੁੰਦਾ ਕਿ ਉਹਨੇ ਵੇਦ ਪੜ੍ਹਨੈ, ਪੜ੍ਹਾਉਣ ਦਾ ਉਹਦਾ ਹੱਕ ਨਹੀਂ ਸੀ। ਦੂਸਰਾ ਕਰਮ ਹੁੰਦਾ, ਦਾਨ ਦੇਣਾ ਲੈਣ ਦਾ ਹੱਕ ਨਹੀਂ ਸੀ ਹੁੰਦਾ। ਤੀਸਰਾ ਉਹਦਾ ਕਰਮ ਹੁੰਦਾ ਕਿ ਉਹਨੇ ਉਹ ਤਰੀਕੇ ਸੋਚਣੇ ਨੇ ਜਿਹਦੇ ਨਾਲ ਦੇਸ਼ ਦਾ ਧਨ ਵਧੇ। ਉਸ ਦੇ ਧਨ ਦਾ ਜੋ ਹਿੱਸਾ ਸੀ ਉਹ ਬ੍ਰਾਹਮਣ ਨੂੰ ਵੀ ਜਾਂਦਾ ਸੀ ਤੇ ਖੱਤਰੀ ਨੂੰ ਵੀ ਜਾਂਦਾ, ਰਾਜੇ ਨੂੰ ਵੀ ਜਾਂਦਾ। ਉਹ ਇਸ ਤਰ੍ਹਾਂ ਸੀ ਕਿ ਜਾਇਦਾਦ, ਮਲਕੀਅਤ ਨਹੀਂ ਸੀ ਵੈਸ਼ਾਂ ਦੀ ਹੁੰਦੀ, ਉਹਦੇ ਹਰਜ਼ਾਨੇ ਵਿਚ ਉਹਨੂੰ ਕੁਛ ਦਿੰਦੇ ਸੀ। ਚੌਥਾ ਵਰਗ ਇਥੇ ਸ਼ੂਦਰ ਗਿਣਿਆ ਜਾਂਦਾ ਸੀ। ਉਹ ਵਰਗ ਜਿਹੜਾ ਸੀ, ਉਹਦਾ ਕਰਮ ਜਿਹੜਾ ਸੀ ਨਾ ਵੇਦ ਪੜ੍ਹਨਾ, ਨਾ ਪੜ੍ਹਾਉਣਾ, ਨਾ ਦਾਨ ਦੇਣਾ, ਨਾ ਲੈਣਾ, ਨਾ ਯੱਗ ਕਰਨਾ, ਨਾ ਕਰਾਉਣਾ। ਉਹ ਕਰ ਨਹੀਂ ਸੀ ਸਕਦਾ। ਉਹਦਾ ਕੰਮ ਕੀ ਸੀ? ਉਪਰਲੀਆਂ ਤਿੰਨ ਜਿਹੜੀਆਂ ਸ਼੍ਰੇਣੀਆਂ ਨੇ ਇਹਨਾਂ ਦੀ ਸੇਵਾ ਕਰਨੀ। ਉਹਦੇ ਇਵਜ਼ਾਨੇ ਦੇ ਵਿਚ ਇਹਨੂੰ ਖਾਣ ਪੀਣ ਨੂੰ ਮਿਲਿਆ ਕਰਦਾ ਸੀ ਵੈਸ਼ ਦੇ ਪਾਸੋਂ। ਖੱਤਰੀ ਤੋਂ ਇਹ ਕੁਛ ਨਹੀਂ ਸੀ ਲੈਂਦਾ। ਵੈਸ਼ ਤੋਂ ਮਿਲਦਾ ਸੀ, ਉਹ ਕਾਨੂੰਨ ਅਨੁਸਾਰ ਮਿਲਦਾ ਸੀ। 1947 ਤਕ ਰੈਵੀਨਿਊ ਐਕਟ ਜਿਹੜਾ ਸਾਡਾ ਹੈ ਉਹਨੂੰ ਕਦੇ ਖੋਲ੍ਹ ਕੇ ਪੜ੍ਹ ਲਿਓ, ਉਹਦੇ ਵਿਚ ਕਾਨੂੰਨ ਲਿਖਿਆ ਹੋਇਐ ਕਿ ਕੀਹਦਾ ਕਿੰਨਾ ਫਸਲ ਵਿਚ ਹੱਕ ਹੈ। ਬੰਨ੍ਹੇ ਹੋਏ ਸੀ ਪਾਈਆ ਮਣ, ਅੱਧ ਪਾ ਮਣ, ਸੇਰ ਮਣ; ਉਸੇ ਹਿਸਾਬ ਨਾਲ ਦੇਣਾ ਪੈਂਦਾ ਸੀਗਾ ਉਹਨੂੰ। ਸੋ ਇਹ ਇਕ ਸਿਸਟਮ ਸੀ, ਜਦੋਂ ਬਣਾਇਆ ਉਸ ਵੇਲੇ ਤਾਂ ਬਹੁਤ ਵਧੀਆ ਸੀ ਕਿਉਂਕਿ ਵਿਸ਼ੇਸ਼ਤਾ ਲਿਆ ਦਿਤੀ ਬੰਦੇ 'ਚ। ਪੜ੍ਹਨ ਵਾਲਾ ਪੜ੍ਹੇ, ਉਹ ਯੁੱਧ ਜੰਗ ਨਾ ਕਰੇ। ਉਹ ਨਾ ਖੇਤੀ ਦੇ ਝੰਜਟ ਵਿਚ ਪਵੇ, ਨਾ ਬਿਜ਼ਨਸ ਦੇ ਪਵੇ। ਉਹ ਖੋਜ ਕਰੇ। ਫੇਰ ਦੂਸਰਾ ਉਹ ਪੱਕਾ ਨਹੀਂ ਸੀ, ਪਿਤਾ ਪੁਰਖੀ ਨਹੀਂ ਸੀ, ਉਹ ਨੀਵੀਂ ਸ੍ਰੇਣੀ ਵਿਚ (downward) ਹੋ ਜਾਂਦਾ ਸੀ, ਹੇਠਲੇ ਜਿਹੜੇ ਸੀ ਉਹ ਉੱਚੇ (upward) ਹੋ ਜਾਂਦੇ ਸੀ। ਕਿੰਨੇ ਰਿਸ਼ੀ-ਮੁਨੀ ਨੇ ਜਿਹੜੇ ਸ਼ੂਦਰ ਜਾਤ 'ਚੋਂ ਹੋਏ -

*ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ ॥* *ਅੰਗ- ੧੧੨੪*

ਬਾਲਮੀਕ ਕਿੱਡੀ ਵੱਡੀ ਪਦਵੀ ਨੂੰ ਪ੍ਰਾਪਤ ਹੋਇਆ। ਉਹ ਮਾਨਯੋਗ ਹੋ ਗਿਆ। ਪੰਡਤ ਯੱਗ ਕਰ ਰਹੇ ਨੇ। ਉਹਦੀ ਸ਼ਰਤ ਇਹ ਹੈ ਕਿ ਬਾਂਸ ਦੇ ਉਤੇ ਬੰਨ੍ਹਿਆ ਹੋਇਆ ਸੰਖ ਜਦੋਂ ਪੂਰੇ ਜ਼ੋਰ ਨਾਲ ਬੋਲੇਗਾ ਤਾਂ ਸਮਝਿਆ ਜਾਵੇਗਾ ਕਿ ਯੱਗ ਸੰਪੂਰਨ ਹੋ ਗਿਆ। ਕ੍ਰਿਸ਼ਨ ਮਹਾਰਾਜ ਕੋਲ ਬੇਨਤੀ ਕਰੀ ਕਿ ਮਹਾਰਾਜ ਸਾਡੇ ਤੋਂ ਕੀ ਭੁੱਲ ਹੋ ਗਈ ਕਿ ਸਾਡਾ ਯੱਗ ਸੰਪੂਰਨ ਨਹੀਂ ਹੁੰਦਾ। ਉਹ ਕਹਿਣ ਲੱਗੇ, ਪਿਆਰਿਓ! ਤੁਸੀਂ ਕਿਸੇ ਪਰਮ ਤੱਤ ਬੇਤਾ ਮਹਾਂਪੁਰਸ਼ ਨੂੰ ਨਿਮੰਤਰਣ ਨਹੀਂ ਦਿਤਾ। ਕਹਿੰਦੇ, ਮਹਾਰਾਜ! ਅਸੀਂ ਤਾਂ ਸਾਰੇ ਦੇ ਦਿਤਾ। ਕਹਿੰਦੇ, ਬਾਲਮੀਕ ਨੂੰ ਕਿੱਥੇ ਦਿਤਾ ਹੈ?

ਬਾਲਮੀਕ ਦੋ ਹੋਏ ਨੇ। ਇਕ ਤ੍ਰੇਤੇ ਯੁੱਗ ਦੇ ਸੀ ਜਿਹਦੇ ਕੋਲ ਲਵ, ਕੁਸ਼ ਤੇ ਸੀਤਾ ਜੀ ਰਹੇ। ਉਹਦੀ ਜਾਤੀ ਬ੍ਰਾਹਮਣ ਸੀ। ਦੂਸਰਾ ਬਾਲਮੀਕ ਹੋਇਐ, ਪੰਡਤਾਂ ਵੇਲੇ, ਕ੍ਰਿਸ਼ਨ ਮਹਾਰਾਜ ਵੇਲੇ, ਜਿਹਦੇ ਬਾਰੇ ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ ਕਿ -

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।*

*ਭਾਈ ਗੁਰਦਾਸ ਜੀ*

ਉਹਦੀ ਪਹਿਲੀ ਪਾਲਨਾ ਜਿਹੜੀ ਸੀ, ਐਸੀ ਉਜੱਡ ਸੁਸਾਇਟੀ ਵਿਚ ਸੀ ਜਿਹੜੇ ਧਰਮ ਨੂੰ ਜਾਣਦੇ ਨਹੀਂ ਸੀ ਕਿਉਂਕਿ ਉਹਨਾਂ ਨੂੰ ਨੇੜੇ ਨਹੀਂ ਆਉਣ ਦਿੰਦੇ ਆਰੀਅਨ। ਆਰੀਅਨ ਜਾਤੀ ਵਿਚ ਕੋਈ ਸ਼ੂਦਰ ਨਹੀਂ ਸੀ ਹੁੰਦਾ। ਸ਼ੂਦਰ ਇਥੇ ਦੇ ਬਸ਼ਿੰਦੇ ਜਿਹੜੇ ਫਤਹਿ ਕੀਤੇ ਗਏ ਸੀ। ਉਹਨਾਂ ਤੋਂ ਜ਼ੋਰ ਜ਼ਬਰ ਨਾਲ ਕੰਮ ਲਿਆ ਗਿਆ। ਇਕ ਵਰਗ ਸੀ ਜਿਹਨੂੰ ਅੱਡ ਹੀ ਦਸਿਆ ਗਿਐ, ਸ਼ੂਦਰ ਕਹਿ ਕੇ। ਬਾਅਦ ਵਿਚ ਇਹ ਬਦਲਦਾ ਵੀ ਚਲਿਆ ਗਿਆ। ਨਾਮਦੇਵ ਵੇਲੇ ਨਾਮਦੇਵ ਨੂੰ ਸ਼ੂਦਰ ਕਹਿੰਦੇ ਨੇ। ਕਹਿੰਦਾ, ਸੂਦ-ਸੂਦ ਕਰ ਕੇ ਮੈਨੂੰ ਉਠਾ ਦਿਤਾ। ਧੱਕੇ ਮਾਰੇ। ਪਹਿਲਾਂ ਨਹੀਂ ਸੀ ਇਹ, ਪਹਿਲਾਂ ਇਹ ਸੀ ਕਿ ਜਿੱਥੇ ਵੀ ਆਦਮੀ ਤਰੱਕੀ ਕਰ ਲਵੇ, ਉਪਰਲੇ ਥਾਂ ਚਲਿਆ ਜਾਇਆ ਕਰਦਾ ਸੀ। ਇਹੋ ਜਿਹਾ ਸਿਸਟਮ ਸੀਗਾ। ਲੇਕਿਨ ਇਹਦਾ ਪਤਨ ਆ ਗਿਆ।

ਬਹੁਤ ਚਿਰ ਪਹਿਲਾਂ ਨਹੀਂ ਸਿਰਫ 5000 ਸਾਲ ਪਹਿਲਾਂ ਦੀ ਬਾਤ ਹੈ। ਉਸ ਵੇਲੇ ਪਤਨ ਇਹ ਆਇਆ ਕਿ ਬ੍ਰਾਹਮਣਾਂ ਤੋਂ ਐਨੀਆਂ ਗਲਤੀਆਂ ਹੋ ਗਈਆਂ ਕਿ ਰਾਜਿਆਂ ਨੇ ਉਹਨਾਂ ਦੇ ਕੇਸ ਕੱਟ ਦਿਤੇ। ਨਾਸਕਤ ਮੱਤ ਚੱਲ ਪਿਆ ਇਥੇ, ਜਿਹਨੂੰ ਚਾਰਵਾਕੀਆ ਕਹਿੰਦੇ ਨੇ। ਉਹਨਾਂ ਦਾ ਜਿਹੜਾ ਸਿਧਾਂਤ ਸੀ ਉਹ ਸੀ ਕਿ ਖਾਓ, ਪੀਓ ਐਸ਼ ਕਰੋ, ਦੁਬਾਰਾ ਨਹੀਂ ਆਉਣਾ ਸੰਸਾਰ 'ਤੇ। ਐਸਾ ਸਿਧਾਂਤ ਚੱਲਣ ਦੇ ਨਾਲ ਲੋਕ ਪੈਰਾਂ ਤੋਂ ਹਿੱਲ ਗਏ ਕਿਉਂਕਿ ਵਾਮ ਮਾਰਗ ਬਹੁਤ ਵਧ ਗਿਆ। ਘੋਰ ਪੰਥੀ ਮਾਰਗ ਬਹੁਤ ਵਧ ਗਿਆ, ਨਾਸਤਕ ਮੱਤ ਪੈਦਾ ਹੋ ਗਿਆ। ਉਹਦੇ ਵਿਚ ਬ੍ਰਾਹਮਣ ਜਿਹੜਾ ਸੀ ਇਹ ਆਪਣੇ ਧਰਮ ਤੋਂ ਫਿਸਲ ਗਿਆ, ਇਹਨੇ ਬੋਦੀ ਰੱਖ ਲਈ, ਬਾਕੀ ਕੇਸ, ਦਾੜ੍ਹੀ ਮਨਾਉਣੀ ਸ਼ੁਰੂ ਕਰ ਦਿਤੀ। ਇਵੇਂ ਖੱਤਰੀਆਂ ਦਾ ਹਾਲ ਹੋਇਆ, ਇਸੇ ਤਰ੍ਹਾਂ ਵੈਸ਼ਾਂ ਦਾ ਹੋਇਆ, ਸ਼ੂਦਰ ਤਾਂ ਪਹਿਲਾਂ ਹੀ ਥੱਲੇ ਸੁੱਟੇ ਹੋਏ ਸੀਗੇ।

ਥੋੜ੍ਹੇ ਦਿਨਾਂ ਦੀ ਵੀ ਜਿਹੜੀ ਗੁਲਾਮੀ ਹੁੰਦੀ ਹੈ, ਅੰਗਰੇਜ਼ ਦੇ ਅਸੀਂ ਗੁਲਾਮ ਹੋਏ ਉਹ ਤਾਂ ਵੱਡੀ ਬਾਤ ਹੈ। ਜੇ ਕੋਈ ਦਫ਼ਤਰ ਦੇ ਵਿਚ ਨੌਕਰੀ ਕਰ ਆਵੇ, ਫੌਜ ਵਿਚ ਨੌਕਰੀ ਕਰ ਆਵੇ, ਸਾਰੀ ਜ਼ਿੰਦਗੀ ਉਹਦੇ ਉਤੋਂ ਅਫ਼ਸਰ ਨਹੀਂ ਜਾਂਦਾ। ਜੇ ਕੋਈ ਕਲਰਕ ਹੈ, ਉਹਨੂੰ ਪਤਾ ਹੀ ਨਹੀਂ ਕਿ ਸੁਤੰਤਰਤਾ ਕਿਵੇਂ ਹੁੰਦੀ ਹੈ, ਲੋਕ ਕਿਵੇਂ ਰਹਿ ਰਹੇ ਨੇ, ਉਹ ਮਾੜੀ-ਮਾੜੀ ਗੱਲ ਤੋਂ ਡਰੇਗਾ। ਸੋ ਇਸ ਤਰ੍ਹਾਂ ਦੇ ਪ੍ਰਭਾਵ ਹੋ ਜਾਇਆ ਕਰਦੇ ਨੇ। ਇਹ ਚਲਦੇ-ਚਲਦੇ ਨਾਸਤਕ ਮੱਤ ਇਥੇ ਆ ਗਿਆ। ਬ੍ਰਾਹਮਣਾਂ ਨੇ ਆਪਣਾ ਹੁਲੀਆ ਬਦਲ ਦਿਤਾ, ਕੇਸ ਮੁਨਾ ਦਿਤੇ ਤੇ ਬੋਦੀ ਰੱਖਣੀ ਸ਼ੁਰੂ ਕਰ ਦਿਤੀ। ਖੱਤਰੀਆਂ ਨੇ ਸਸ਼ਤਰ ਛੱਡ ਦਿਤੇ। ਜਿਹੜੇ ਵੈਸ਼ ਸੀ ਉਹ ਬ੍ਰਾਹਮਣ ਵਾਲਾ ਕੰਮ ਵੀ ਕਰਦੇ ਸੀ, ਜਿਹੜੇ ਸ਼ੂਦਰ ਸੀ, ਇਹਨਾਂ ਨੂੰ ਵੀ ਆਜ਼ਾਦੀ ਮਿਲ ਗਈ। ਇਹ ਵੀ ਉਪਰ ਨੂੰ ਲੰਘਣਾ ਸ਼ੁਰੂ ਹੋ ਗਏ। ਜਦੋਂ ਇਸ ਤਰ੍ਹਾਂ ਦਾ ਹੋਈ ਗਿਆ-ਹੋਈ ਗਿਆ, ਦੋ ਤਿੰਨ ਹਜ਼ਾਰ ਸਾਲ ਲੰਘ ਗਏ। ਉਸ ਵਕਤ ਇਥੇ ਸਿਕੰਦਰ ਆਇਆ। 2500 ਸਾਲ ਲੰਘਣ ਤੋਂ ਬਾਅਦ, ਮਹਾਤਮਾ ਬੁੱਧ ਹੋਏ। ਮਹਾਤਮਾ ਬੁੱਧ ਨੇ ਬੜਾ ਘੋਖ ਕੇ ਸਮਾਜ ਨੂੰ ਦੇਖਿਆ, ਉਹਨਾਂ ਨੇ ਇਕ ਨਵਾਂ ਰਾਹ ਦਿਤਾ। 8 ਪੁਆਇੰਟ (ਸਿਧਾਂਤ) ਬਣਾਏ ਉਹਨਾਂ ਨੇ। ਉਹਦੇ ਉਤੇ ਸੰਸਾਰ ਨੇ ਇਕ ਦਮ ਹੁੰਗਾਰਾ ਭਰ ਦਿਤਾ ਤੇ ਸਾਰਾ ਹੀ ਸੰਸਾਰ ਬੋਧੀ ਬਣ ਗਿਆ। ਉਹਨਾਂ ਦਾ ਇਹ ਸੀ ਕਿ ਉਹ ਕੇਸਾਂ ਨੂੰ ਮਹੱਤਤਾ ਨਹੀਂ ਸੀ ਦਿੰਦੇ। ਰੱਖਣੇ ਹੈ ਰੱਖੋ, ਨਹੀਂ ਤਾਂ ਪਹਿਲਾਂ ਹੀ ਮੁਨਾ ਦਿਓ। ਫੇਰ ਜੈਨ ਮੱਤ ਆ ਗਿਆ। ਉਹਨਾਂ ਨੇ ਵੀ ਸ਼ਕਲਾਂ ਬਦਲ ਦਿਤੀਆਂ। ਇਸੇ ਤਰ੍ਹਾਂ ਦੇ ਨਾਲ ਜਦੋਂ ਸਮਾਂ ਕਾਫੀ ਗੁਜ਼ਰ ਗਿਆ। ਸਿਕੰਦਰ ਦਾ ਹਮਲਾ ਹੋ ਗਿਆ, ਅਸੀਂ ਮੁੜ ਕੇ ਗੁਲਾਮ ਹੋ ਗਏ। ਉਸ ਤੋਂ ਬਾਅਦ ਗੁਪਤਿਆਂ ਦਾ ਸਮਾਂ ਆਇਆ। ਕੁਝ ਸਾਨੂੰ ਸੋਚਣ ਵਾਸਤੇ ਸਮਾਂ ਮਿਲਿਆ। 300 ਸਾਲ ਦਾ ਸਮਾਂ ਉਹਨੂੰ ਸਤਿਜੁਗ ਕਹਿੰਦੇ ਨੇ। ਉਸ ਤੋਂ ਬਾਅਦ ਜਿਹੜਾ ਪਤਨ ਆਇਆ ਪੰਜ-ਛੇ ਸੌ ਸਾਲ ਉਹਦੇ ਵਿਚ ਡਾਵਾਂਡੋਲ ਹੋ ਗਈ ਸੁਸਾਇਟੀ। ਉਸ ਵੇਲੇ ਬ੍ਰਾਹਮਣਾਂ ਨੇ ਬਹੁਤ ਹੀ ਕਰਮਕਾਂਡ ਦੇ ਅਸੂਲ ਬਣਾ ਕੇ, ਕਸ ਦਿਤੇ ਕਿ ਕੋਈ ਨਿਕਲ ਹੀ ਨਾ ਸਕੇ। ਇਕ ਤਰ੍ਹਾਂ ਦੀ ਹਕੂਮਤ ਹੋ ਗਈ ਦੂਜਿਆਂ ਦੇ ਜੀਵਨਾਂ 'ਤੇ। ਸੁਤੰਤਰ ਕੋਈ ਸੋਚ ਨਹੀਂ ਸੀ ਸਕਦਾ, ਸੁਤੰਤਰ ਕੋਈ ਭਜਨ ਨਹੀਂ ਸੀ ਕਰ ਸਕਦਾ। ਸਜ਼ਾਵਾਂ ਬੜੀਆਂ ਸਖਤ ਲਿਖ ਦਿਤੀਆਂ ਤੇ ਉਹਦੇ ਵਿਚ ਕਾਨੂੰਨ ਇਹੋ ਜਿਹੇ ਬਣਾ ਦਿਤੇ ਜਿਹਦੇ 'ਚ ਭਾਰਤ ਵਰਸ਼ ਜਕੜਿਆ ਗਿਆ। ਕਿਸੇ ਵਿਚ ਹਿੰਮਤ ਨਹੀਂ ਸੀ। ਉਸ ਤੋਂ ਬਾਅਦ ਜਿਹੜੀ ਫਿਲਾਸਫੀ ਵਾਲੀ ਲਾਈਨ ਸੀ ਉਹ ਕਰਮਕਾਂਡਾਂ 'ਚ ਤਬਦੀਲ ਹੋ ਗਈ ਤੇ ਨਾਲ ਪ੍ਰਮੇਸ਼ਰ ਕਿਉਂਕਿ ਨਿਰਾਕਾਰ ਸੀ, ਉਹਨੂੰ ਬਣਾ ਦਿਤਾ ਕਿ ਉਹ ਕੁਛ ਵੀ ਨਹੀਂ ਕਰਦਾ। ਉਹਨੂੰ ਕੋਈ ਫੁਰਨਾ ਹੀ ਨਹੀਂ ਆਉਂਦਾ। ਪ੍ਰਕ੍ਰਿਤੀ ਜਿਹੜੀ ਹੈ ਇਹ ਅਨਾਦੀ ਹੈ। ਇਥੇ ਜਿਹੜੇ ਅੰਤਰ ਪੈਂਦੇ ਨੇ ਉਹ ਨੋਟ ਕਰੋ ਕਿ ਪ੍ਰਕ੍ਰਿਤੀ ਅਨਾਦੀ ਹੈ, ਰੱਬ ਨੇ ਨਹੀਂ ਬਣਾਈ, ਆਪੇ ਹੀ ਹੈ। ਦੁਨੀਆਂ ਜਿਹੜੀ ਹੈ ਇਹ ਆਟੋਮੈਟਿਕ (ਆਪੇ) ਰਚੀ ਗਈ। ਚਮਕ ਪੱਥਰ ਤੁਸੀਂ ਬੰਨ੍ਹ ਦਿਓ, ਇੰਡਸਟਰੀ 'ਚ ਜਿਥੇ ਲੋਹੇ ਦੇ ਛੋਟੇ-ਛੋਟੇ ਟੁਕੜੇ ਸੁੱਟੇ ਜਾਂਦੇ ਨੇ। ਉਹਨੂੰ ਤੁਸੀਂ ਹਿਲਾ ਦਿਓ, ਉਹ ਜਦੋਂ ਹਿਲਦੈ, ਗੇੜਾ ਦਿੰਦੈ ਚਾਰੇ ਪਾਸੇ। ਫੈਕਟਰੀ 'ਚ ਕੀ ਹੁੰਦੈ, ਲੋਹੇ ਦੇ ਜਿਹੜੇ ਛੋਟੇ ਟੁਕੜੇ ਹੁੰਦੇ ਨੇ ਉਹ ਉਛਾਲ ਮਾਰ-ਮਾਰ ਕੇ ਉਪਰ ਨੂੰ ਉਭਰਦੇ ਨੇ। ਉਹ ਕਹਿੰਦੇ ਇਸੇ ਤਰ੍ਹਾਂ ਦੇ ਨਾਲ ਇਹ ਹੋਇਐ, ਜਿਵੇਂ ਚਮਕ ਪੱਥਰ ਬੰਨ੍ਹੇ ਹੋਏ ਦਾ ਕੋਈ ਫੁਰਨਾ ਨਹੀਂ ਹੁੰਦਾ, ਕੋਈ ਦਿਲਚਸਪੀ ਨਹੀਂ ਹੁੰਦੀ ਦੁਨੀਆਂ ਦੇ ਵਿਚ, ਲੇਕਿਨ ਉਥੇ ਹਿਲਜੁਲ ਸ਼ੁਰੂ ਹੋ ਗਈ। ਐਵੇਂ ਜਿਵੇਂ ਰੱਬ ਦੀ ਕੋਈ ਦਿਲਚਸਪੀ ਨਹੀਂ ਸੀ ਦੁਨੀਆਂ ਬਣਾਉਣ ਵਿਚ, ਕੇਵਲ ਉਹਦੀ ਜਿਹੜੀ ਸੱਤਾ ਹੈ, ਉਹਦਾ ਪ੍ਰਤੀਬਿੰਬ ਹੈ। ਉਹ ਜਦੋਂ ਪਿਆ ਪ੍ਰਕ੍ਰਿਤੀ ਦੇ ਉਤੇ, ਆਂਪਣੇ ਆਪ ਪ੍ਰਕ੍ਰਿਤੀ ਫੈਲ ਗਈ ਤਿੰਨ ਗੁਣਾਂ ਦੇ ਅੰਦਰ - ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ ਤੇ ਉਥੋਂ ਜਿਹੜੀ ਪ੍ਰਮੇਸ਼ਰ ਦੀ ਸੱਤਾ ਸੀ, ਦੋ ਖਿਆਲ ਹੋ ਗਏ ਇਥੇ, ਇਕ ਤਾਂ ਇਹ ਹੋ ਗਿਆ ਕਿ ਉਹਦੀ ਸੱਤਾ ਜਦੋਂ ਪ੍ਰਕ੍ਰਿਤੀ ਨਾਲ ਰਲੀ, ਇਕ ਬੁਲਬਲਾ ਪੈਦਾ ਹੋ ਗਿਆ ਤੇ ਜੀਵ ਪੈਦਾ ਹੋ ਗਿਆ। ਦੂਜਿਆਂ ਦਾ ਖਿਆਲ ਸੀ ਕਿ ਜੀਵ ਸੀਗਾ ਪਹਿਲਾਂ। ਉਹ ਫਸ ਗਿਆ ਜੀਵ ਵਿਚਾਰਾ, ਜਦੋਂ ਪ੍ਰਕ੍ਰਿਤੀ ਦੀ ਹਿਲਜੁਲ ਹੋਈ। ਉਹ ਰੱਬ ਲਾਂਭੇ ਕੱਢ ਦਿਤਾ। ਹੁਣ ਸਾਨੂੰ ਲੋੜ ਪਈ ਰੱਬ ਦੀ ਕਿ ਸਾਡੀ ਰਾਖੀ ਕੌਣ ਕਰੇ। ਅਸੀਂ

ਤਾਂ ਪੈਰ-ਪੈਰ 'ਤੇ ਚਾਹੁੰਦੇ ਹਾਂ ਮਦਦ ਕਰ। ਉਹਦੇ ਵਾਸਤੇ ਅਸੀਂ ਤਿੰਨ ਮੁਖ ਦੇਵਤਿਆਂ ਦੀ ਕਲਪਨਾ ਕਰ ਲਈ। ਉਹਨਾਂ ਨੂੰ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਆਖਦੇ ਨੇ। ਯਾਨਿ ਪ੍ਰਮੇਸ਼ਰ ਨਾਲੋਂ ਟੁੱਟ ਗਿਆ ਭਾਰਤ ਵਰਸ਼ ਪੂਰੀ ਤਰ੍ਹਾਂ ਦੇ ਨਾਲ। ਉਹਦੇ ਨਾਲ ਕੀ ਹੋਇਆ, ਪ੍ਰਮੇਸ਼ਰ ਇਕ ਹੋਵੇ ਤਾਂ ਅਸੀਂ ਸਾਰੇ ਇੱਕ ਹੋਈਏ। ਜਦੋਂ ਪ੍ਰਮੇਸ਼ਰ ਅਲੱਗ ਬੈਠਾ ਹੈ, ਕਰਦਾ ਹੀ ਕੁਛ ਨਹੀਂ। ਦੇਵਤੇ ਜਿਹੜੇ ਨੇ ਉਹ ਸਭ ਕੁਛ ਕਰ ਰਹੇ ਨੇ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥*
*ਅੰਗ- ੭*

ਉਹ ਕਰ ਰਹੇ ਨੇ। ਉਹਦੇ ਉਤੇ ਜਿਸ ਵਕਤ ਗੁਰੂ ਸਾਹਿਬ ਦਾ ਸਮਾਂ ਆਇਆ, ਦੂਸਰੇ ਪਾਸੇ ਜਿਹੜੇ ਇਸਲਾਮ ਵਾਲੇ ਸੀ, ਭਾਵੇਂ ਇਕ ਅੱਲਾਹ ਨੂੰ ਮੰਨਦੇ ਸੀ, ਪਰ ਉਹਨਾਂ ਦੀ ਸ਼ਰ੍ਹਾ ਦੇ ਸੰਗਲ ਐਨੇ ਸਖਤ ਹੋ ਗਏ ਕਿ ਜਿਹੜਾ ਸ਼ਰ੍ਹਾ 'ਚ ਨਹੀਂ ਆਇਆ ਉਹਨੂੰ ਕਾਫ਼ਰ ਕਹਿੰਦੇ ਸੀ ਤੇ ਇਹ ਵੀ ਕਹਿੰਦੇ ਸੀ ਕਿ ਕਾਫ਼ਰ ਦੀ ਕੋਈ ਗਤੀ ਨਹੀਂ ਹੋ ਸਕਦੀ। ਆਪਣੇ ਵਲੋਂ ਰਹਿਮ ਕਰਕੇ ਜ਼ੋਰ-ਜ਼ਬਰ ਕਰਦੇ ਸੀ ਕਿ ਇਹਨੂੰ ਮੁਸਲਮਾਨ ਬਣਾ ਲਈਏ ਤਾਂ ਕਿ ਇਹਦੀ ਗਤੀ ਹੋ ਜਾਵੇ। ਪਰ ਉਹ ਜਿਹੜੀ ਥਿਊਰੀ ਸੀ ਉਹਦੇ ਵਿਚ ਵੀ ਅਧੂਰਾਪਨ ਸੀਗਾ। ਇਕ ਤਾਂ ਉਹਦੇ ਵਿਚ ਕਰਾਮਾਤ ਬਹੁਤ ਜ਼ਬਰਦਸਤ ਦਿਖਾਈ ਜਾਂਦੀ ਸੀ। ਸ਼ਕਤੀਆਂ ਦਿਖਾਉਣੀਆਂ, ਕੋਈ ਵਰਜਿਆ ਨਹੀਂ ਸੀਗਾ ਸ਼ਕਤੀਆਂ ਦਿਖਾਉਣ ਵਿਚ। ਦੂਸਰਾ ਇਹਦੇ ਵਿਚ ਸੀ ਕਿ ਜਿਹਨੇ ਇਸਲਾਮ ਧਾਰਨ ਨਹੀਂ ਕਰਿਆ ਉਹ ਕਾਫ਼ਰ ਹੈ ਉਹਨੂੰ ਮਾਰ ਦੇਣਾ ਸਵਾਬ (ਪੁੰਨ) ਹੈ। ਕੁਰਾਨ ਸ਼ਰੀਫ਼ ਦੀ ਤਾਲੀਮ ਨਹੀਂ ਹੈ ਇਹ। ਇਹ ਤਾਂ ਬਹੁਤ ਨਰਮ ਹੈ। ਜਿਹੜੇ ਰਾਜੇ ਆਏ ਉਹਨਾਂ ਨੇ ਲੁੱਟ-ਕਸੁੱਟ ਨੂੰ ਜਾਇਜ਼ ਕਰਨ ਵਾਸਤੇ, ਇਹ ਥਿਊਰੀ ਕੱਢ ਲਈ ਕਿ ਰੱਬ ਦੇ ਨਾਉਂ 'ਤੇ ਜਿੰਨੇ ਮਾਰ ਦਿਓ, ਸਭ ਪੁੰਨ ਹੀ ਪੁੰਨ ਹੈ ਪਾਪ ਨਹੀਂ ਹੈਗਾ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਇਹ ਸਾਰੀਆਂ ਚੀਜ਼ਾਂ ਦੇਖੀਆਂ, ਸਾਧੂਆਂ ਦੇ ਮੱਠਾਂ 'ਤੇ ਜਾ ਕੇ ਦੇਖਿਆ, ਪੀਰਾਂ ਦੀ ਟਿਕਾਣਿਆਂ 'ਤੇ ਜਾ ਕੇ ਦੇਖਿਆ। ਸਾਰੇ ਅਧਿਐਨ ਕਰਿਆ। ਹੈਰਾਨ ਹੋ ਕੇ ਆਪ ਨੇ ਟਿੱਪਣੀਆਂ ਦਿਤੀਆਂ -

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਅੰਗ- ੧੪੫*

ਤਿੰਨ ਗੱਲਾਂ ਨੇ ਇਹਦੇ ਵਿਚ ਕਿ ਐਨਾ ਪਤਨ ਹੋ ਗਿਆ, ਕਲਜੁਗ ਦੇ ਅੰਦਰ, ਜਿਹੜੀ ਜਨਤਾ ਨੂੰ ਇਕ ਹੋਣਾ ਚਾਹੀਦਾ ਸੀ, ਉਹ ਅੱਡ-ਅੱਡ ਹੋ ਗਈ, ਟੁਕੜੇ-ਟੁਕੜੇ ਕਰ ਦਿਤੀ ਕਲਜੁਗ ਨੇ ਕੈਂਚੀ ਦੇ ਨਾਲ। ਸਮਾਜ ਬਿਖਰ ਗਿਆ। ਕੋਈ ਇਕ ਦੂਜੇ ਨੂੰ ਚੰਗਾ ਨਹੀਂ ਸਮਝਦਾ। ਨੀਚ ਸਮਝਦੇ ਨੇ। ਜੇ ਕੋਈ ਦੁਖੀ ਹੈ ਮਦਦ ਵਾਸਤੇ ਪੁਕਾਰਦਾ ਹੈ ਤਾਂ ਮਦਦ ਨਹੀਂ ਉਹਦੀ ਕਰਨੀ ਕਿ ਰੱਬ ਦੇ ਕੰਮ 'ਚ ਦਖਲ ਨਾ ਦਿਓ, ਇਹਨੇ ਪਹਿਲੇ ਜਨਮ 'ਚ ਕਰਮ ਕੀਤੇ ਨੇ ਹੁਣ ਭੋਗਣ ਦਿਓ ਇਹਨੂੰ। ਅਸੀਂ ਇਹਦੀ ਮਦਦ ਕਿਉਂ ਕਰੀਏ। ਐਸੀਆਂ ਭਾਵਨਾਵਾਂ ਨਿਕੰਮੀਆਂ ਪੈਦਾ ਹੋਈਆਂ-ਹੋਈਆਂ ਸੀਗੀਆਂ। ਦੂਸਰਾ ਸੀਗਾ ਪ੍ਰਮੇਸ਼ਰ ਬਾਰੇ, ਤੀਸਰਾ ਸੀਗਾ ਰਿਵਾਜਾਂ (ritual) ਬਾਰੇ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਵੀ ਪ੍ਰਵਾਨ ਨਾ ਕਰੀ। ਪਹਿਲਾਂ ਹੀ ਝਗੜਾ ਹੋ ਗਿਆ ਗੁਰੂ ਨਾਨਕ ਸਾਹਿਬ ਦਾ, ਛੋਟੀ ਉਮਰ ਦੇ ਵਿਚ। ਪਹਿਲਾਂ ਜਦੋਂ ਪੜ੍ਹਨ ਲਾਏ, ਗਏ ਪਾਧੇ ਦੇ ਪਾਸ, ਉਹਦੀ ਪੜ੍ਹਾਈ ਨੂੰ ਮਹਾਰਾਜ ਨੇ ਕਿਹਾ ਇਹ ਕੋਈ ਪੜ੍ਹਾਈ ਨਹੀਂ। ਕਿਉਂ ਪੜ੍ਹਾਉਂਦੈ ਤੂੰ। ਕਹਿੰਦੇ, ਨਾਨਕ ਮੈਂ ਤਾਂ ਪੜ੍ਹਾਉਂਦੈ, ਤੂੰ ਚਾਰ ਰੋਟੀਆਂ ਕਮਾਉਣ ਜੋਗਾ ਹੋ ਜਾਏਂ। ਉਹ ਕਹਿੰਦੇ, ਤੂੰ ਤਾਂ ਭੁੱਲਿਆ ਹੋਇਐਂ, ਰੋਟੀ ਤਾਂ ਪ੍ਰਮੇਸ਼ਰ ਨੇ ਦਿਤੀ ਹੈ, ਆਦਮੀ ਨੂੰ ਛੱਡ ਕੇ ਹੋਰ ਵੀ ਐਸੀ ਜੂਨ ਜਿਹੜੀ ਮਿਹਨਤਾਂ ਕਰਦੀ ਹੋਵੇ? ਇਹ ਤਾਂ ਉਹ ਦਿੰਦਾ ਹੀ ਦਿੰਦਾ ਹੈ -

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ- ੧੦*

ਪਾਧਾ ਜੀ! ਉਹ ਪੜ੍ਹਾਈ ਪੜ੍ਹੋ, ਜਿਹਦੇ ਲਈ ਸਾਨੂੰ ਮਾਨਸ ਜਨਮ ਪ੍ਰਾਪਤ ਹੋਇਐ। 83 ਲੱਖ 99 ਹਜ਼ਾਰ 999 ਜੂਨਾਂ 'ਚੋਂ ਲੰਘ ਕੇ ਹੁਣ ਨਾ ਇਸ ਨੂੰ ਬਰਬਾਦ ਕਰੋ। ਇਹ ਆਇਆ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ- ੧੨*

ਇਹ ਕੇਵਲ ਪ੍ਰਮੇਸ਼ਰ ਨੂੰ ਪ੍ਰਾਪਤ ਹੋਣ ਵਾਸਤੇ, ਮਾਨਸ ਜਨਮ ਪ੍ਰਾਪਤ ਹੋਇਐ। ਉਹ ਪੜ੍ਹਾਈ ਪੜ੍ਹੋ ਜਿਹਦੇ ਨਾਲ ਅਸੀਂ ਸਫਲ ਹੋ ਜਾਈਏ। ਕਿਉਂਕਿ ਅੱਗੇ ਦਰਗਾਹ ਹੈ, ਉਥੇ ਲੇਖੇ ਪੱਤੇ ਨੇ, ਵਡਿਆਈਆਂ ਮਿਲਣੀਆਂ ਨੇ, ਛੁਟਿਆਈਆਂ ਮਿਲਣੀਆਂ ਨੇ, ਉਥੇ ਹਿਸਾਬ ਕਿਤਾਬ ਹੋਣਾ ਹੈ। ਤੁਸੀਂ ਕਰਦੇ ਹੋਂ ਕਰਮ, ਕਰਮਾਂ ਨਾਲ ਤੁਸੀਂ ਬੰਨ੍ਹੇ ਜਾਂਦੇ ਹੋਂ। ਤੁਹਾਨੂੰ ਜਾਣਾ ਪੈਣੈ, ਦੂਜੀਆਂ ਜੂਨਾਂ ਦੇ ਅੰਦਰ। ਉਹ ਪੜ੍ਹਾਈ ਪੜ੍ਹੋ ਜਿਹਦੇ ਨਾਲ ਸਾਡਾ ਛੁਟਕਾਰਾ ਹੋ ਜਾਵੇ। ਜੇ ਬ੍ਰਾਹਮਣ ਨੂੰ ਮਿਲੇ, ਉਹ ਜਨੇਊ ਪਾਉਣ

ਲੱਗਿਆ। ਉਹਨੂੰ ਆਪ ਨੇ ਕਿਹਾ ਕਿ ਇਹ ਕਿਉਂ ਪਾ ਰਿਹੈਂ? ਕਹਿੰਦਾ, ਤੁਹਾਡਾ ਜਨਮ ਬਦਲ ਜਾਊ। ਕਹਿੰਦੇ, ਖਿਆਲ ਸਾਰੇ ਬਦਲ ਜਾਣਗੇ ਮੇਰੇ, ਖਿਆਲ ਤਾਂ ਓਹੀ ਰਹਿਣੇ ਨੇ -

*ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥*
*ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥*

*ਅੰਗ- ੪੬੭*

ਇਹ ਤਾਂ ਚੰਗਿਆਈਆਂ ਬੁਰਿਆਈਆਂ ਸਾਰੀਆਂ ਪੰਡਤ ਜੀ ਅੰਦਰ ਭਰਿਆ ਪਿਐ। ਧਾਗੇ ਨੇ ਨਹੀਂ ਕੁਛ ਕਰਨਾ ਹੈਗਾ। ਐਵੇਂ ਨਾ ਲੋਕਾਂ ਦੀ ਅਜ਼ਾਦੀ ਖਤਮ ਕਰੋ। ਜੇ ਹੈ ਤੁਹਾਡੇ ਕੋਲ ਮੈਂ ਪਹਿਨਣ ਨੂੰ ਤਿਆਰ ਹਾਂ -

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਅੰਗ- ੪੭੧*

ਇਹ ਦੇ-ਦੇ, ਇਹ ਮੈਂ ਪਹਿਨ ਲਵਾਂਗਾ। ਇਕ ਬਗਾਵਤ ਸੀ ਬੜੀ ਭਾਰੀ ਇਕ ਛੋਟੇ ਬੱਚੇ ਵਲੋਂ। ਜਿਹੜਾ ਕਰਮ ਬਹੁਤ ਸਖਤੀ ਨਾਲ ਨਿਭਾਇਆ ਜਾ ਰਿਹਾ ਸੀ, ਉਹਨੂੰ ਖੰਡਨ ਕਰ ਦਿਤਾ। ਜਦੋਂ ਬੁਨਿਆਦ ਹੀ ਰੱਖੀ ਗਈ ਤਾਂ ਅਗਾਂਹਾਂ ਜਦੋਂ ਗੁਰਸਿੱਖੀ ਨੇ ਮਾਰਚ (ਵਧਣਾ) ਕਰਨੈ ਉਹਦੇ ਵਿਚ ਇਹਨਾਂ ਖਿਆਲਾਂ ਨੇ ਪਲਪਣਾ ਹੈ। ਨਤੀਜਾ ਕੀ ਹੋਇਆ ਜੋ ਗੁਰਮਤਿ ਦਾ ਸਿਧਾਂਤ ਹੈ, ਜਿਥੇ ਅਸੀਂ ਕੇਂਦਰਤ ਹੁੰਦੇ ਹਾਂ। ਉਹ ਹੈ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਅੰਗ- ੧*

ਇਥੇ ਵਾਹਿਗੁਰੂ ਆਪ ਹੀ ਅਨੇਕਾਂ ਰੂਪ ਧਾਰ ਕੇ ਪਸਰਿਆ ਹੈ -

*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥*
*ਆਪੇ ਕਰਨ ਕਰਾਵਨ ਜੋਗੁ ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ ॥*
*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥ ਅੰਗ- ੨੭੫*

ਉਹ ਦਵੈਤਵਾਦ ਜਿਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰੀ ਤਰ੍ਹਾਂ ਨਾਲ ਖਤਮ ਕਰ ਦਿਤਾ। ਜਦੋਂ ਦਵੈਤਵਾਦ ਖਤਮ ਕੀਤੀ ਤਾਂ ਇਸਲਾਮ ਵਾਲਿਆਂ ਦੇ ਵੀ ਕਰਮਕਾਂਡ ਤੇ ਹਿੰਦੂਆਂ ਦੇ ਵੀ ਕਰਮਕਾਂਡ, ਦੋਹਾਂ ਨੂੰ ਬੜੀ ਬਾਰੀ ਸੱਟ ਲੱਗੀ। ਕਈ ਵਾਰੀ ਸ਼ਿਕਾਇਤਾਂ ਗਈਆਂ ਬਾਦਸ਼ਾਹਾਂ ਦੇ ਪਾਸ ਕਿ ਨਾ ਇਹ ਸਿੱਖ ਤੀਰਥ ਨਾਹੁੰਦੇ ਨੇ, ਨਾ ਇਹ ਪਿੱਤਰ ਪੂਜਾ ਕਰਦੇ ਨੇ, ਨਾ ਇਹ ਵਰਤ ਰਖਦੇ ਨੇ, ਨਾ ਇਹ ਸਰਾਧ ਕਰਦੇ ਨੇ, ਸਾਰੇ ਪਾਸਿਆਂ ਤੋਂ ਸ਼ਿਕਾਇਤਾਂ ਹੀ ਸ਼ਿਕਾਇਤਾਂ, ਇਸਲਾਮ ਵਾਲਿਆਂ ਨੇ ਵੀ ਕੀਤੀਆਂ। ਸਾਡੀ ਜੋ ਨਮਾਜ਼ ਪੜ੍ਹੀ ਜਾਂਦੀ ਹੈ ਉਹਦੇ ਵਿਚ ਵੀ ਦਖਲ ਦੇ ਕੇ ਕਹਿ ਦਿਤਾ -

*ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥*
*ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥*

*ਅੰਗ- ੧੪੧*

ਇਹ ਤਾਂ ਹੋਰ ਪਰਿਭਾਸ਼ਾ ਲਿਆ ਦਿਤੀ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਲ ਹੋਈ ਇਸ ਮਸਲੇ 'ਤੇ ਸਾਰੇ ਮੰਨ ਜਾਇਆ ਕਰਨ। ਕੱਟੜ ਜਿਹੜਾ ਵਰਗ ਹੁੰਦੈ ਚਾਹੇ ਸਿੱਖਾਂ ਵਿਚ ਹੁਣ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਵੇਲੇ ਹਿੰਦੂ ਸੁਸਾਇਟੀ 'ਚ, ਇਸਲਾਮ ਵਾਲੀ ਸੁਸਾਇਟੀ 'ਚ, ਇਹ ਇਸ ਤਰ੍ਹਾਂ ਸਮਝ ਲਓ ਕਿ ਅੰਨ੍ਹਿਆਂ ਨਾਲ ਵਾਹ ਪੈਂਦਾ ਹੈ। ਜਿਹੜੇ ਨਾ ਸੁਣਨ ਨੂੰ ਤਿਆਰ ਨੇ, ਨਾ ਮੰਨਣ ਨੂੰ ਤਿਆਰ ਨੇ, ਨਾ ਆਪਣੀ ਗੱਲ ਨੂੰ ਛੱਡਣ ਨੂੰ ਤਿਆਰ ਨੇ ਕਿਉਂਕਿ ਉਹਨਾਂ ਦੀ ਮਿਨਾਪਲੀ ਹੁੰਦੀ ਹੈ, ਸਰਦਾਰੀ ਹੁੰਦੀ ਹੈ ਇਹਦੇ ਵਿਚ। ਉਹ ਜੇ ਹਿੱਲ ਗਿਆ ਤਾਂ ਉਹਨਾਂ ਦੀ ਸਰਦਾਰੀ ਨਾਲ ਦੀ ਨਾਲ ਜਾਣੀ ਹੈ। ਇਕ ਕਾਰਨ ਇਹ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੌਤ ਤੇ ਜ਼ਿੰਦਗੀ ਦੇ ਵਿਚਾਲੇ ਜਿਹੜੀ ਖਾਈ ਸੀ, ਫਰਕ ਸੀਗਾ ਉਹਨੂੰ ਮਿਟਾ ਦਿਤਾ। ਮੌਤ ਦਾ ਜੋ ਡਰ ਸੀ ਉਹਨੂੰ ਚੁੱਕ ਦਿਤਾ -

*ਕਬੀਰ ਮੁਹਿ ਮਰਨੇ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ ॥ ਅੰਗ- ੧੩੬੭*

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ - ੧੩੬੫*

ਇਥੇ ਨਿਧੜਕ ਬੰਦਿਆਂ ਦੀ ਜਮਾਤ ਬਣਨੀ ਸ਼ੁਰੂ ਹੋ ਗਈ। ਉਹ ਜਿਹੜੇ ਦੂਸਰੇ ਸੀ ਉਹਨਾਂ ਨੂੰ ਪਤਾ ਸੀ ਕਿ ਇਹ ਜਿਉਂ-ਜਿਉਂ ਵਧਣਗੇ, ਇਹ ਤਾਂ ਖਤਰਨਾਕ ਕੰਮ ਹੋ ਗਿਆ। ਉਹਨਾਂ ਦੇ ਮਨ ਵਿਚ ਰਹਿੰਦਾ ਸੀ ਕਿ ਕਿਵੇਂ ਨਾ ਕਿਵੇਂ ਇਸ ਜਮਾਤ ਦਾ ਨੁਕਸਾਨ ਕਰੀਏ। ਇਹਦੇ ਜੋ ਅਚਾਰੀਆ ਨੇ ਇਹਨਾਂ ਨੂੰ ਕਿਸੇ ਨਾ ਕਿਸੇ ਰਾਜ ਦੇ ਨਾਲ ਵਿਰੋਧ (conflict) ਕਰਾ ਦੇਈਏ। ਇਹ ਸਾਰੇ ਕਾਰਨ ਸੀ। ਇਸ ਨਾਲ ਕੀ ਹੋਇਆ, ਮਨੁੱਖ ਆਜ਼ਾਦ ਹੋ ਗਿਆ, ਮਰਨ ਤੋਂ ਹਟ ਗਿਆ, ਸੱਚ ਦੇ ਉਤੇ ਪਹਿਰਾ ਦੇਣ ਲਗ ਗਿਆ ਤੇ ਉਹਦਾ ਨਤੀਜਾ ਇਹ ਹੋਇਆ ਕਿ ਜਿਹੜੇ ਡਰ ਪਾਏ ਗਏ ਸੀ ਇਹਦੇ ਉਤੇ ਬੇਅੰਤ ਕਿਸਮ ਦੇ, ਉਸ ਡਰ ਤੋਂ ਬਾਹਰ ਹੋ ਗਿਆ। ਕਿਉਂਕਿ ਵਾਹਿਗੁਰੂ ਨੇ ਕਿਹੈ ਕਿ ਉਹ ਡਰਦਾ ਨਹੀਂ ਕਿਸੇ ਤੋਂ, ਉਹ ਨਿਰਵੈਰ ਹੈ, ਨਿਰਭਉ ਹੈ -

*ਨਿਰਭਉ ਜਪੈ ਸਗਲ ਭਉ ਮਿਟੈ ॥ ਅੰਗ- ੨੯੩*

ਜਿਹੜਾ ਜਪਦੈ ਉਹਦੇ ਡਰ ਦੂਰ ਹੋ ਜਾਂਦੇ ਨੇ। ਇਹ ਨਹੀਂ ਹੈ ਕਿ ਸਿੱਖਾਂ ਨੇ ਫਤੂਰ ਪਾਏ। ਸਿੱਖਾਂ ਨੇ ਕੋਈ ਫਤੂਰ ਨਹੀਂ ਪਾਏ, ਸਭ ਤੋਂ ਚੰਗੇ ਸੀ। ਬਾਬਰ ਨੇ ਆ ਕੇ ਲਾਹੌਰ ਨੂੰ ਅੱਗ ਲਾ ਦਿਤੀ। ਸਾਰਾ ਲਾਹੌਰ

ਜਲਣ ਲੱਗ ਗਿਆ ਤੇ ਨਾਲ ਹੁਕਮ ਕਰ ਦਿਤਾ ਕਿ ਜੇ ਕੋਈ ਅੱਗ ਬੁਝਾਉਣ ਦਾ ਯਤਨ ਕਰੇ, ਉਸਨੂੰ ਵੀ ਨਾਲ ਅੱਗ ਵਿਚ ਸੁੱਟ ਦਿਓ। ਨੇੜੇ ਦੇ ਪਿੰਡ ਵਿਚ ਇਕ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਛੋਟੀ ਉਮਰ ਦਾ ਸਿੱਖ ਸੀ, ਜਦੋਂ ਉਹਨੂੰ ਪਤਾ ਲੱਗਿਆ ਕਿ ਲਾਹੌਰ ਜਲ ਰਿਹੈ, ਨਾ ਪ੍ਰਸ਼ਾਦਾ ਛਕਿਆ, ਨਾ ਇੰਤਜ਼ਾਰ ਕਰਿਆ; ਇਕ ਬਾਲਟੀ ਚੁੱਕੀ ਦੌੜ ਪਿਆ, ਮਾਂ ਨੇ ਰੋਕਿਆ, ਭੈਣ ਨੇ ਰੋਕਿਆ ਕਿ ਤੂੰ ਖਤਮ ਹੋ ਜਾਏਂਗਾ ਬੇਟਾ। ਬਹੁਤ ਸਖਤ ਹੁਕਮ ਹੈ ਬਾਬਰ ਬੜਾ ਜ਼ਾਲਮ ਹੈ। ਉਹ ਕਹਿੰਦਾ, ਠੀਕ ਹੈ ਖਤਮ ਤਾਂ ਮੈਂ ਇਕ ਦਿਨ ਹੋਣਾ ਹੈ, ਪਰ ਮੈਂ ਆਪਣੇ ਗੁਰੂ ਤੋਂ ਬੇਮੁੱਖ ਨਹੀਂ ਹੋਣਾ। ਮੇਰਾ ਗੁਰੂ ਇਹ ਕਹਿੰਦੈ ਕਿ ਜਿਥੇ ਗਰੀਬਾਂ ਦੇ ਉਤੇ ਬਿਪਤਾ ਪੈ ਜਾਵੇ, ਉਥੇ ਆਪਣਾ ਤਾਣ ਲਾ ਕੇ ਉਹਦੀ ਸਹਾਇਤਾ ਕਰੋ। ਘਰ ਜਲ ਰਹੇ ਨੇ, ਬੰਦੇ ਜਲ ਰਹੇ ਨੇ। ਮਾਤਾ! ਜਾਣਾ ਤਾਂ ਹੈ ਹੀ ਸੰਸਾਰ ਤੋਂ, ਪਰ ਇਸ ਵੇਲੇ ਮੈਂ ਨਹੀਂ ਰੁਕ ਸਕਦਾ। ਜਾ ਕੇ ਬਾਲਟੀਆਂ ਭਰ-ਭਰ ਸੁੱਟਣ ਲਗ ਗਿਆ। ਕਿਸੇ ਨੇ ਕਿਹਾ, ਓ ਬੌਰਿਆ! ਸਾਰੇ ਸ਼ਹਿਰ ਦੀ ਅੱਗ ਤੇਰੀ ਇਕ ਬਾਲਟੀ ਬੁਝਾ ਦਊ? ਉਹ ਕਹਿੰਦਾ, ਅੱਗ ਦਾ ਮੈਨੂੰ ਨਹੀਂ ਪਤਾ, ਮੈਨੂੰ ਬਸ ਗੁਰੂ ਦੇ ਹੁਕਮ ਦਾ ਪਤਾ ਹੈ। ਮੈਂ ਆਪਣੇ ਗੁਰੂ ਦਾ ਹੁਕਮ ਮੰਨ ਰਿਹਾ ਹਾਂ। ਬੁਝਣਾ, ਨਾ ਬੁਝਣਾ ਮੇਰਾ ਮਤਲਬ ਨਹੀਂ ਹੈ। ਮੇਰਾ ਮਤਲਬ ਹੈ ਗੁਰੂ ਦਾ ਹੁਕਮ ਮੰਨਣਾ। ਉਹਦਾ ਫਲ ਕੀ ਹੋਇਆ ਕਿ ਹੋਰ ਬੰਦੇ ਨਿਤਰ ਆਏ, ਜਿਨ੍ਹਾਂ ਦੇ ਸਿਰ 'ਤੇ ਕਫਨ ਬੰਨ੍ਹੇ ਹੋਏ ਸੀ ਕਿ ਮਰਨਾ ਤਾਂ ਹੈ ਹੀ, ਨੇਕ ਕੰਮ ਤਾਂ ਕਰੀਏ। ਬਾਬਰ ਨੂੰ ਖਬਰ ਹੋਈ ਕਿ ਮਹਾਰਾਜ! ਤੁਹਾਡੇ ਹੁਕਮ ਦੇ ਬਾਵਜੂਦ ਬਹੁਤ ਸਾਰੇ ਬੰਦੇ ਬਾਲਟੀਆਂ ਲੈ ਕੇ ਅੱਗ ਬੁਝਾ ਰਹੇ ਨੇ ਤੇ ਇਹ ਵੀ ਉਹ ਮੁਹੱਲੇ ਵਾਲੇ ਨਹੀਂ ਹਨ। ਕੋਈ ਬਾਹਰੋਂ ਹੀ ਆ ਕੇ ਬੁਝਾ ਰਹੇ ਨੇ। ਬਾਬਰ ਕਹਿੰਦਾ, ਮੇਰੇ ਪੇਸ਼ ਕਰੋ। ਭਾਈ ਤਾਰਾ ਕਿਉਂਕਿ ਮੁਖੀ ਸੀ, ਉਹਦੇ ਸਮੇਤ ਸਾਰਿਆਂ ਨੂੰ ਪੇਸ਼ ਕਰਿਆ। ਬਾਬਰ ਨੇ ਕਿਹਾ ਕਿ ਤੈਨੂੰ ਡਰ ਨਹੀਂ ਹੈ ਮੇਰੇ ਹੁਕਮ ਦਾ? ਕਹਿੰਦਾ, ਹੈ ਬਹੁਤ ਹੈ ਮੈਨੂੰ? ਤੇ ਫੇਰ ਤੂੰ ਕਿਉਂ ਅੱਗ ਬੁਝਾਉਣ ਲੱਗਿਆ ਹੋਇਐਂ? ਉਹ ਕਹਿਣ ਲੱਗਿਆ, ਮੈਨੂੰ ਤੇਰੇ ਤੋਂ ਹਜ਼ਾਰਾਂ ਗੁਣਾਂ ਡਰ ਹੈ, ਜਿਹੜਾ ਬਾਦਸ਼ਾਹਾਂ ਨੂੰ ਬਾਦਸ਼ਾਹੀ ਬਖਸ਼ਦੈ, ਉਹਦਾ ਜੇ ਮੈਂ ਹੁਕਮ ਨਾ ਮੰਨਿਆ ਤਾਂ ਮੈਂ ਦੋਜ਼ਕ ਵਿਚ ਚਲਿਆ ਜਾਵਾਂਗਾ। ਤੂੰ ਤਾਂ ਮੈਨੂੰ ਅੱਗ ਵਿਚ ਹੀ ਸੁੱਟੇਂਗਾ। ਖਹਿੜਾ ਛੁੱਟ ਜਾਏਗਾ। ਪਰ ਜੇ ਉਹਦੀ ਨਰਾਜ਼ਗੀ ਹੋ ਗਈ ਮੇਰਾ ਦੀਨ ਵੀ ਗਿਆ, ਦੁਨੀਆਂ ਵੀ ਗਈ। ਕਹਿਣ ਲੱਗਿਆ, ਐਸਾ ਸੰਸਾਰ 'ਤੇ ਹੈ ਕੋਈ ਅੱਜ ਜਿਹਦੀ ਹੁਕਮ ਅਦੂਲੀ ਕਰਨ ਦੇ ਨਾਲ ਦੀਨ ਤੇ ਦੁਨੀਆਂ ਦੋਵੇਂ ਚਲੀਆਂ ਜਾਣ। ਕੌਣ ਹੈ ਉਹ?

ਕਹਿਣ ਲੱਗਿਆ ਕਿ ਉਹ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਇਹਦੀ ਭੇਟ ਹੋ ਚੁੱਕੀ ਸੀ। ਉਹ ਕਹਿੰਦਾ, ਮੇਰੇ ਗੁਰੂ ਨੇ ਕਿਹਾ ਹੈ ਕਿ ਨਹੀਂ ਨਜਾਇਜ਼ ਹੋਣ ਦੇਣੀ, ਨਹੀਂ ਗਰੀਬ ਮਾਰ ਹੋਣ ਦੇਣੀ। ਸਾਨੂੰ ਮਾਰ ਦੇ ਤੂੰ, ਅਸੀਂ ਜਿਉਂਦੇ ਦੇਖ ਨਹੀਂ ਸਕਦੇ ਨਜਾਇਜ਼ ਹੁੰਦਾ। ਇਹ ਦਲੇਰੀ ਸੀ ਜਿਹੜੀ ਗੁਰੂ ਮਹਾਰਾਜ ਨੇ ਭਰ ਦਿਤੀ। ਇਥੇ ਇਕ ਮਿਲਾਨ (contrast) ਹੈ, ਈਸਾ ਜੀ ਸਮਾਧੀ 'ਚ ਬੈਠੇ ਹੋਏ ਦੇਖ ਰਹੇ ਨੇ। ਕੀ ਦੇਖ ਰਹੇ ਨੇ ਕਿ ਈਥਨ ਗਰਕ ਹੋ ਰਿਹੈ, ਮਿਸਰ ਦਾ ਇਕ ਸ਼ਹਿਰ ਹੈ ਬਹੁਤ ਵੱਡਾ, ਯੂਨੀਵਰਸਿਟੀ ਸੀ ਉਥੇ। ਬਹੁਤ ਵਿਦਵਾਨ ਪੁਰਸ਼ ਉਥੇ ਰਹਿੰਦੇ ਸੀ। ਉਥੇ 4600 ਈਸਾਈ ਵੀ ਰਹਿੰਦਾ ਸੀ। ਈਸਾ ਜੀ ਨੇ ਮਰਕਬੇ ਦੇ ਵਿਚ, ਸਮਾਧੀ ਵਿਚ ਹੀ ਇਹ ਅਰਦਾਸ ਕਰੀ ਕਿ ਪ੍ਰਭੂ! 4600 ਬੰਦਾ ਹੈ ਜਿਹੜਾ ਈਸਾਈ ਹੈ, ਉਹਨਾਂ ਨੂੰ ਤਾਂ ਬਚਾ ਲਓ। ਜਵਾਬ ਨਾ ਕੋਈ ਵੀ ਆਇਆ। ਦੂਜੇ ਦਿਨ ਫੇਰ ਦੇਖਿਆ, ਫੇਰ ਅਰਦਾਸ ਕਰੀ ਕਿ ਹੇ ਪ੍ਰਭੂ! ਉਹਨਾਂ ਨੂੰ ਬਚਾ ਲੈ। ਤੀਸਰੇ ਦਿਨ ਗੜਗੜਾਹਟ ਹੋ ਕੇ ਈਥਨ ਸ਼ਹਿਰ ਧਰਤੀ ਦੇ ਵਿਚ ਗਰਕ ਹੋ ਗਿਆ, ਪੂਰੀ ਦੀ ਪੂਰੀ ਅਬਾਦੀ ਉਥੇ ਦੀ ਮਰ ਗਈ। ਉਥੇ ਇਕ ਵੀ ਬੰਦਾ ਨਾ ਬਚਿਆ। ਈਸਾ ਜੀ ਨੂੰ ਬੜਾ ਅਫਸੋਸ ਹੋਇਆ। ਤੀਸਰੇ ਦਿਨ ਜਦੋਂ ਸਮਾਧੀ 'ਚ ਗਏ ਕਿ ਹੇ ਪ੍ਰਭੂ! ਤੇਰੇ ਬੰਦੇ ਵੀ ਮਾਰੇ ਗਏ ਉਥੇ। ਅਵਾਜ਼ ਆਈ ਕਹਿੰਦੇ, ਈਸਾ! ਉਹ ਬੰਦੇ ਜਿਹੜੇ ਸੀ ਉਹ ਨੇਕ ਨਹੀਂ ਸੀਗੇ। ਕਹਿੰਦਾ, ਮਹਾਰਾਜ! ਉਹ ਤਾਂ ਕੁਛ ਵੀ ਨਹੀਂ ਸੀ ਕਰਦੇ। ਕਹਿੰਦੇ, ਬੁਰਿਆਈ ਨਾਲ ਤਾਂ ਉਹਨਾਂ ਦਾ ਸਮਝੌਤਾ ਕਰਿਆ ਹੋਇਆ ਸੀ। ਕਹਿਣ ਲੱਗੇ, ਬੁਰਿਆਈ ਤਾਂ ਉਹ ਕਰਦੇ ਨਹੀਂ ਸੀ। ਕਹਿੰਦੇ, ਕਰਦੇ ਨਹੀਂ ਸੀ ਪਰ ਬੁਰਿਆਈ ਨੂੰ ਰੋਕਣ ਵਾਸਤੇ ਉਹਨਾਂ ਦੇ ਅੰਦਰ ਕੋਈ ਵੀ ਉਤਸ਼ਾਹ ਨਹੀਂ ਸੀਗਾ। ਇਸ ਕਰਕੇ ਮੈਨੂੰ ਉਹ ਵੀ ਨਾਲ ਹੀ ਗਰਕ ਕਰਨੇ ਪਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਨੂੰ ਐਨਾ ਤਕੜਾ ਕਰ ਦਿਤਾ ਕਿ ਬੁਰਿਆਈ ਦੇਖ ਹੀ ਨਹੀਂ ਸੀ ਸਕਦਾ। ਮਾੜੀ ਗੱਲ ਦੇਖ ਹੀ ਨਹੀਂ ਸੀ ਸਕਦਾ। ਬਾਬਰ ਦੇ ਸਾਮ੍ਹਣੇ ਕਹਿ ਦਿਤਾ ਕਿ ਤੂੰ ਸਾਨੂੰ ਅੱਗ ਵਿਚ ਸੁੱਟ ਦੇ, ਸਾਡਾ ਕੁਝ ਨਹੀਂ ਵਿਗੜਦਾ। ਆਹ ਸਰੀਰ ਛੱਡ ਦੇਵਾਂਗੇ। ਲੇਕਿਨ ਜੇ ਗੁਰੂ ਦੀ ਦ੍ਰਿਸ਼ਟੀ ਸਾਡੇ 'ਤੇ ਕ੍ਰੋਪ ਵਾਲੀ ਹੋ ਗਈ ਤਾਂ ਪਿਆਰਿਆ! ਸਾਡਾ ਦੀਨ ਵੀ ਗਿਆ ਤੇ ਦੁਨੀਆਂ ਵੀ ਗਈ। ਮੰਨ ਗਿਆ, ਹੁਕਮ ਦੇ ਦਿਤਾ ਕਿ ਅੱਗ ਬੁਝਾਓ ਛੇਤੀ। ਇਕ ਗੁਰਸਿੱਖ ਨੇ ਬੁਝਾ ਦਿਤੀ।

ਇਹ ਜਿਹੜੇ ਵਾਕਏ ਸੀ ਗੁਰਸਿੱਖਾਂ ਦੇ, ਸ਼ਮੂਲੀਅਤ ਵਿਚ ਆ ਗਏ। ਇਕ ਇਨਕਲਾਬ ਆ ਗਿਆ ਇਥੇ। ਇਕ ਨਵੀਂ ਰੋਸ਼ਨੀ ਪੈਦਾ ਹੋ ਗਈ। ਉਸ ਰੋਸ਼ਨੀ ਦੇ

ਅੰਦਰ, ਜਿਸ ਤਰ੍ਹਾਂ ਉੱਲੂ ਚਾਨਣੇ ਦੇ ਵਿਚ ਦੇਖ ਨਹੀਂ ਸਕਦਾ, ਇਸ ਤਰ੍ਹਾਂ ਜਿਹੜੇ ਕੱਟੜ ਸੀ, ਉਹ ਦਬ ਗਏ। ਗਲਤ ਗੱਲਾਂ ਕਰਨ ਵਾਲੇ ਚਾਹੇ ਹਾਕਮ ਨੇ, ਚਾਹੇ ਆਮ ਜਨਤਾ ਹੈ, ਚਾਹੇ ਉਹ ਪੀਰ ਨੇ, ਚਾਹੇ ਕੋਈ ਹੈ, ਉਹਨਾਂ ਨੇ ਇਕੱਠੇ ਹੋ ਕੇ ਗੁਰੂ ਘਰ ਦੀ ਵਿਰੋਧਤਾ ਕਰ ਦਿਤੀ। ਜਿਸ ਦੇ ਕਾਰਨ ਐਸੇ ਬਣੇ ਜਿਹਦੇ ਕਰਕੇ ਸ੍ਰੀ ਗੁਰੂ ਅਰਜਨ ਪਾਤਸ਼ਾਹ ਨੂੰ ਸ਼ਹਾਦਤ ਦੇਣੀ ਪਈ। ਹੋਰ ਗੱਲਾਂ ਜਿਹੜੀਆਂ ਨੇ ਉਹਨਾਂ ਨੂੰ ਜਿਵੇਂ ਜੀਅ ਕਰਦੈ ਖੋਜ ਲਓ। ਲੇਕਿਨ ਜਿਥੇ ਜਾ ਕੇ ਗੱਲ ਖੜ੍ਹਦੀ ਹੈ, ਉਹ ਹੈ ਅੰਦਰੂਨੀ ਈਰਖਾ, ਉਹਨਾਂ ਰਸੂਖ ਵਾਲੇ ਬੰਦਿਆਂ ਦੇ ਅੰਦਰ ਜਿਹੜੇ ਇਸ ਸੱਚ ਦੇ ਮਾਰਗ ਦੇ ਨਾਲ ਸਹਿਮਤੀ ਨਹੀਂ ਸੀ ਰਖਦੇ। ਉਹ ਹਨ੍ਹੇਰਾ ਪਾ ਕੇ ਰੱਖਣਾ ਚਾਹੁੰਦੇ ਸੀ। ਅੱਜ ਵੀ ਇਸੇ ਤਰ੍ਹਾਂ ਹੈ। ਕਰਕੇ ਦੇਖ ਲਓ। ਸੱਚ ਬੋਲ ਕੇ ਦੇਖ ਲਓ, ਹੁਣੇ ਹੀ ਆਲੋਚਨਾ ਸ਼ੁਰੂ ਹੋ ਜਾਏਗੀ। ਮੈਨੂੰ ਕਈ ਕਹਿੰਦੇ ਨੇ ਕਿ ਇਸ ਤਰ੍ਹਾਂ ਚੱਲੋ। ਮੈਂ ਕਿਹਾ, ਨਾ ਅਸੀਂ ਤਾਂ ਬਚ ਕੇ ਚੱਲਣਾ ਹੈ। ਸਾਡੇ ਕੋਲ ਐਨਾ ਸਮਾਂ ਨਹੀਂ ਕਿ ਲੋਕਾਂ ਨਾਲ ਲੜਨ ਲੱਗ ਜਾਈਏ। ਜਦੋਂ ਆਤਮਕ ਸੋਝੀ ਆਏਗੀ ਆਪਣੇ ਆਪ ਹੀ ਸਭ ਕੁਝ ਹੋ ਜਾਏਗਾ ਠੀਕ।

ਜਿਹੜਾ ਸ਼ੇਖ ਸੀਗਾ, ਉਹ ਬਹੁਤ ਲਗਦਾ ਸੀ, ਕੱਟੜ ਸੀ। ਸਾਡੇ ਵੀ ਕੱਟੜ ਹੁੰਦੇ ਨੇ, ਕਿਸੇ ਨੂੰ ਬਰਦਾਸ਼ਤ ਹੀ ਨਹੀਂ ਕਰਦੇ। ਜਿਹੜਾ ਕੁਝ ਉਹਨਾਂ ਨੇ ਸਮਝ ਲਿਆ ਇਸ ਤੋਂ ਅਗਾਂਹਾਂ ਕਹਿੰਦੇ ਕੁਛ ਹੈ ਹੀ ਨਹੀਂ। ਇਹਨੂੰ ਖੂਹ ਦੇ ਡੱਡੂ ਦੀ ਬਿਰਤੀ ਕਹਿੰਦੇ ਨੇ, ਉਹ ਹੰਸ ਦੀ ਉਡਾਰੀ ਨੂੰ ਜਾਣਦੇ ਨਹੀਂ। ਉਹਨਾਂ ਨੇ ਤਾਂ ਬੁਰਾ ਕਹਿਣਾ ਹੀ ਕਹਿਣਾ ਹੈ। ਸੋ ਗੁਰੂ ਅਰਜਨ ਪਾਤਸ਼ਾਹ ਤਕ ਪਹੁੰਚਦੇ-ਪਹੁੰਚਦੇ ਗੱਲ ਇਥੇ ਤੱਕ ਜਾ ਪਹੁੰਚੀ ਸੀ ਕਿ ਜਹਾਂਗੀਰ ਨੂੰ ਗੁਮਰਾਹ (misguide) ਕੀਤਾ ਗਿਆ, ਉਹ ਦਿਲੋਂ ਨਹੀਂ ਸੀ ਐਸਾ। ਜਿਹੜੇ ਵਿਚ ਵਧਾਏ ਗਏ ਨੇ। ਅੱਖਰ, ਉਹ ਅੱਖਰ ਵੀ ਜਾਣ ਕੇ ਵਧਾਏ ਗਏ ਨੇ ਕਿਉਂਕਿ ਉਹਦੇ ਵਿਚ ਇਹ ਹੁੰਦੈ ਕਿ ਗੁਰੂ ਦਾ ਘਰ ਜ਼ਬਤ ਕਰ ਲਓ। ਕਰੋੜਾਂ ਰੁਪਏ ਦੀ ਜਾਇਦਾਦ ਸੀ ਅੰਮ੍ਰਿਤਸਰ ਦੀ, ਲੇਕਿਨ ਕਿਸੇ ਨੇ ਜ਼ਬਤ ਕਰੀ ਨਹੀਂ, ਨਾ ਕੋਈ ਹੈ ਜ਼ਬਤ ਕਰਨ ਵਾਸਤੇ। ਉਹ ਮੁਰਤਜ਼ਾ ਖਾਨ ਜੋ ਸੀ ਉਹ ਸਿੱਖਾਂ ਦੇ ਖਿਲਾਫ ਸੀ ਕਿਉਂਕਿ ਉਹ ਸ਼ੇਖ ਦਾ ਮੁਰੀਦ ਸੀਗਾ। ਉਹਨੂੰ ਜੇ ਸ਼ਿਕਾਇਤ ਕੀਤੀ ਜਾਂਦੀ, ਉਹਨੇ ਸਕਿੰਟ ਨਹੀਂ ਸੀ ਲਾਉਣਾ, ਸਾਰੇ ਬਾਲ ਬੱਚਿਆਂ ਨੂੰ ਗ੍ਰਿਫਤਾਰ ਕਰ ਲੈਣਾ ਸੀ, ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲੈਣਾ ਸੀ। ਪਰ ਉਥੇ ਦੇ ਇਤਿਹਾਸ 'ਚ ਆਉਂਦਾ ਹੀ ਨਹੀਂ ਹੈ, ਕਿਸੇ ਨੇ ਕਬਜ਼ਾ ਕੀਤਾ ਹੀ ਨਹੀਂ ਹੈ। ਕੋਈ ਕੋਸ਼ਿਸ਼ (attempt) ਹੀ ਨਹੀਂ ਹੋਈ, ਨਾ ਇਹ ਘਬਰਾਏ ਨੇ ਕਿ ਗੁਰੂ ਸਾਹਿਬ ਦੀ ਸ਼ਹੀਦੀ ਹੋ ਗਈ। ਪਤਾ ਨਹੀਂ ਕੀ ਇਨਕਲਾਬ ਆ ਜਾਏਗਾ। ਪੰਜਾਬ ਵਿਗੜ ਜਾਏਗਾ। ਬਿਲਕੁਲ ਹੀ ਨਹੀਂ, ਪ੍ਰਤੀਕਰਮ (re-action) ਹੋਇਆ ਹੀ ਨਹੀਂ ਕਿਸੇ ਕਿਸਮ ਦਾ। ਉਹ ਜਿਹੜੀ ਬਾਤ ਹੈ ਕਿ ਹਾਂ ਜੀ ਉਹਨਾਂ ਦੇ ਬਾਲ-ਬੱਚਿਆਂ ਨੂੰ ਕੈਦ ਕਰ ਲਓ। ਸਾਨੂੰ ਕੀ ਪਤਾ, 400 ਸਾਲ ਲੰਘ ਗਏ ਇਹਨਾਂ ਗੱਲਾਂ ਨੂੰ। ਕਿਤਾਬਾਂ ਦੇ ਵਿਚ ਘਟ ਵੀ ਜਾਂਦੈ, ਵਧ ਵੀ ਜਾਂਦੈ। ਕਾਰਨ ਜ਼ਰੂਰ ਬਣ ਜਾਂਦੈ ਕਿ ਹਾਂ ਇਹ ਗੱਲ ਸੀ।

ਜਹਾਂਗੀਰ ਜਦੋਂ ਗੁਰੂ ਛੇਵੇਂ ਪਾਤਸ਼ਾਹ ਨੂੰ ਮਿਲਦਾ ਹੈ, ਉਸ ਵੇਲੇ ਸਿਰਫ ਇਹ ਦੇਖਣ ਵਾਸਤੇ ਮਿਲਦਾ ਹੈ ਕਿ ਇਹਨਾਂ ਦੇ ਮਨ ਦੀ ਹਾਲਤ ਕੀ ਹੈ? ਜਦੋਂ ਪਹਿਲੀ ਹੀ ਮੁਲਾਕਾਤ ਹੁੰਦੀ ਹੈ, ਉਹਨੂੰ ਉਸੇ ਵੇਲੇ ਪਤਾ ਲਗ ਜਾਂਦੈ ਕਿ ਗੁਰੂ ਦੇ ਮਨ ਵਿਚ ਜਿੰਨਾਂ ਪਿਆਰ ਹੈ, ਐਨਾ ਪਿਆਰ ਨਹੀਂ ਦੇਖਿਆ। ਉਹ ਤਾਂ ਨਿਰਾ ਹੀ ਪਿਆਰ ਨੇ। ਇਹ ਤਾਂ ਪੂਰਨ ਗਿਆਨ ਹੈ। ਇਹਦੇ ਦਿਲ ਵਿਚ ਤਾਂ ਨਫ਼ਰਤ ਹੀ ਨਹੀਂ ਹੈ ਮੇਰੇ ਬਾਰੇ ਕੋਈ। ਉਸੇ ਵੇਲੇ ਮਿਲਣਾ ਜੁਲਣਾ ਸ਼ੁਰੂ ਕਰ ਦਿੰਦੈ। ਦੂਸਰਾ ਜਿਹੜਾ ਅਸੀਂ ਕਹਿੰਦੇ ਹਾਂ ਕਿ ਉਹਨੇ ਚਲਾਕੀ ਕਰਕੇ ਗਵਾਲੀਅਰ ਦੇ ਕਿਲੇ ਵਿਚ ਜਾਣ ਕੇ ਬੰਦ ਕਰਿਆ ਸੀ। ਫੇਰ ਉਹਨੂੰ ਕਿਹੜਾ ਜ਼ਰੂਰੀ ਸੀ ਕਿ ਬਾਅਦ ਵਿਚ ਗੁਰੂ ਸਾਹਿਬ ਨੂੰ ਛੱਡ ਵੀ ਦਿੰਦਾ। ਐਨਾ ਮਜਬੂਰ ਹੋ ਜਾਂਦਾ ਕਿ 52 ਰਾਜੇ ਵੀ ਨਾਲ ਛੱਡਣੇ ਪਏ ਉਸ ਨੂੰ। ਉਹ ਰਾਜੇ ਜਿਨ੍ਹਾਂ ਨੂੰ ਫੜਨ ਵਾਸਤੇ ਲੱਖਾਂ ਬੰਦੇ ਮਰੇ। ਇਹ ਅਘੜੀਆਂ-ਦੁਘੜੀਆਂ ਗੱਲਾਂ ਨੇ ਜਿਨ੍ਹਾਂ ਨੂੰ ਅਸੀਂ ਮੰਨ ਨਹੀਂ ਸਕਦੇ। ਸੋ ਉਹ ਜੋ ਵਾਕਏ ਹੋਇਆ, ਨਿਜੀ ਗੱਲਬਾਤ ਸੀ। ਇਹ ਜ਼ਰੂਰ ਹੋਇਆ ਕਿ ਇਥੇ ਤਕ ਉਹ ਕਾਮਯਾਬ ਹੋ ਗਏ। ਗੁਰੂ ਮਹਾਰਾਜ ਨੇ ਖੁਦ ਉਹਦੇ ਹੱਕ ਵਿਚ ਅਰਦਾਸ ਕੀਤੀ ਹੈ। ਅਰਦਾਸ ਕਰਦੇ ਵੀ ਨਹੀਂ ਕਰਦੇ। ਸਾਧੂ ਮਹਾਂਪੁਰਸ਼ ਕਿਸੇ ਦੇ ਹੱਕ ਵਿਚ ਨਹੀਂ ਅਰਦਾਸ ਕਰਿਆ ਕਰਦੇ। ਨਾ ਕਦੇ ਤਿਲਕ ਲਾਉਂਦੇ ਨੇ ਕਿਉਂਕਿ ਉਹਨਾਂ ਵਿਚ ਤਾਂ ਉਵੇਂ ਹੀ ਸੱਤਾ ਹੁੰਦੀ ਹੈ ਜੇ ਉਹ ਕਹਿ ਦੇਣ ਜਾਹ ਬਣ ਜਾ ਰਾਜਾ। ਕੌਣ ਹੈ ਦੁਨੀਆਂ ਦੇ ਵਿਚ ਜਿਹੜਾ ਉਹਨਾਂ ਦੇ ਬਚਨ ਨੂੰ ਰੋਕ ਲਵੇਗਾ। ਕਿਸੇ 'ਚ ਹੈ ਸ਼ਕਤੀ? ਗੁਰੂ ਮਹਾਰਾਜ ਅਰਦਾਸ ਵਾਸਤੇ ਖੜ੍ਹਦੇ, ਕੀਹਦੇ ਅੱਗੇ ਹੁੰਦੇ ਨੇ? ਗੁਰੂ ਮਹਾਰਾਜ ਨੂੰ ਕੀ ਸਮਝਿਆ ਜਾਂਦੈ? ਗੁਰਬਾਣੀ ਜਿਹੜੀ ਹੈ ਉਹ ਇਸ ਤਰ੍ਹਾਂ ਨਾਲ ਦਸਦੀ ਹੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨਾ ਭਾਈ।*

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* *ਅੰਗ - ੪੪੨*

ਗੁਰੂ ਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਹੈ। ਉਹ ਜਿਹੜਾ ਕਹਿੰਦੇ ਨੇ ਕਿ ਉਹਨਾਂ ਨੇ ਅਰਦਾਸ ਕਰੀ, ਉਹਦੇ ਹੱਕ ਵਿਚ ਦੁਆ ਕੀਤੀ। ਫੇਰ ਤਿਲਕ ਲਾਇਆ, ਫੇਰ ਪੈਸੇ ਦਿਤੇ। ਇਹ ਸਾਜਿਸ਼ ਕਰਨ ਵਾਲੇ ਬੰਦਿਆਂ ਦੀ ਮਨੋਕਲਪਨਾ ਸੀ। ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਭੇਤ ਨਹੀਂ ਹੁੰਦਾ, ਉਹ ਸੰਗਤ ਨੂੰ ਤਾਂ ਜੁਗਤੀ ਦਸ ਦਿੰਦੇ ਨੇ ਕਿ ਇਸ ਤਰ੍ਹਾਂ ਅਰਦਾਸ ਤੁਸੀਂ ਕਰੋ। ਲੇਕਿਨ ਜਿਥੇ ਉਹਨਾਂ ਦਾ ਹੁਕਮ ਚੱਲਣਾ ਹੈ, ਉਹ ਅਰਦਾਸ ਨਾਲ ਨਹੀਂ ਚਲਦਾ, ਉਹ ਵੈਸੇ ਹੁਕਮ ਦੇ ਦਿੰਦੇ ਨੇ ਕਿ ਜਾਹ ਹੋ ਜਾਏਗਾ। ਫੇਰ ਜੇ ਇਹ ਗੱਲ ਹੈ ਤਾਂ ਇਹਦੇ ਉਤੇ ਬੜੀ ਭਾਰੀ ਤਰਕ ਹੈ। ਬਹੁਤ ਵੱਡੀ ਤਰਕ ਹੈ, ਸੋਚਿਆ ਕਰੋ ਕਿ ਸਾਨੂੰ ਕਿੱਧਰ ਨੂੰ ਲਈ ਜਾਂਦੇ ਨੇ ਇਹ। ਉਹ ਤਰਕ ਕੀ ਹੈ ਕਿਉਂਕਿ ਅਰਦਾਸ ਦੇ ਬਾਰੇ ਐਸਾ ਫੁਰਮਾਨ ਹੈ-

*ਧਾਰਨਾ - ਜਨ ਕੀ ਅਰਦਾਸ ਜੀ,*
*ਬਿਰਥੀ ਨਾ ਹੋਵੇ ਕਬਹੂੰ।*

*ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥ ਅੰਗ- ੮੧੯*

ਇਹ ਜੋ ਬਾਤ ਗੁਰੂ ਮਹਾਰਾਜ ਦੇ ਜ਼ਿੰਮੇ ਲਾਈ ਜਾਂਦੀ ਹੈ ਕਿ ਜੀ ਉਹਨਾਂ ਨੇ ਲੰਗਰ 'ਚ ਪ੍ਰਸ਼ਾਦਾ ਛਕਾਇਆ। ਚਲੋ ਇਹ ਮੰਨ ਲੈਂਦੇ ਹਾਂ, ਲੰਗਰ ਸਭ ਵਾਸਤੇ ਖੁੱਲ੍ਹਾ ਹੈ। ਆਹ ਜਿਹੜੇ ਸੰਸਾਰ ਦੇ ਸੰਤਾਪ ਦਾ ਸਮਾਂ ਲੰਘਿਆ ਹੈ 10-12 ਸਾਲ। 24 ਘੰਟੇ ਲੰਗਰ ਚਲਦਾ ਸੀ। ਜਦੋਂ ਕੋਈ ਆਏ, ਪ੍ਰਸ਼ਾਦਾ ਤਿਆਰ। ਪ੍ਰਸ਼ਾਦਾ ਛਕਾਉਣ ਵੇਲੇ ਅਸੀਂ ਕਿਸੇ ਨੂੰ ਇਸ ਤਰ੍ਹਾਂ ਨਹੀਂ ਪੁੱਛਦੇ ਕਿੱਥੋਂ ਆਇਐਂ, ਕੌਣ ਹੈਂ, ਤੇਰੀ ਕੀ ਜਾਤ ਹੈ। ਤੂੰ ਰਾਤ ਦੇ 1 ਵਜੇ ਆ ਕੇ ਕਿਉਂ ਪ੍ਰਸ਼ਾਦਾ ਮੰਗ ਰਿਹੈਂ? ਉਹਨੇ ਕਿਹਾ, ਮੈਂ ਭੁੱਖਾ ਹਾਂ। ਸਿੰਘ ਕਹਿ ਦਿੰਦੇ ਨੇ, ਵਾਹਿਗੁਰੂ ਦਾਲਾ, ਵਾਹਿਗੁਰੂ ਪ੍ਰਸ਼ਾਦਾ। ਇਹ ਮੁੱਢ ਤੋਂ ਹੀ ਚਲੀ ਆਈ ਹੈ ਰੀਤ। ਕੋਈ ਆ ਜਾਓ। ਗੁਰੂ ਘਰ ਦੇ ਲੰਗਰ ਦੇ ਅੰਦਰ ਵਿਤਕਰਾ ਨਹੀਂ ਹੋਇਆ ਕਰਦਾ ਕਿ ਤੈਨੂੰ ਨਹੀਂ ਅਸੀਂ ਪ੍ਰਸ਼ਾਦਾ ਛਕਾਉਣਾ, ਵੱਡੀਆਂ-ਵੱਡੀਆਂ ਕੁਰਬਾਨੀਆਂ ਅਸੂਲ ਦੇ ਤਹਿਤ ਦਿਤੀਆਂ। ਸੋ ਉਹ ਜਿਹੜਾ ਕਹਿੰਦੇ ਨੇ ਕਿ ਆਹ ਦੋਸ਼ ਲਾਇਆ ਗੁਰੂ ਸਾਹਿਬ 'ਤੇ। ਉਹ ਦੋਸ਼ ਐਵੇਂ ਹੀ ਸੀ ਕਿ ਅਰਦਾਸ ਕੀਤੀ ਹੈ। ਗੁਰੂ ਖੁਦ ਭਾਣੇ ਦਾ ਮਾਲਕ ਹੈ। ਸਾਨੂੰ ਦੱਸਣ ਵਾਸਤੇ, ਜਿਵੇਂ ਪੀ.ਟੀ ਕਰਾਉਣਾ ਵਾਲਾ ਇਨਸਕਟਰ ਹੁੰਦੈ, ਜਾਚ ਦੱਸਣ ਵਾਸਤੇ ਉਹ ਅਰਦਾਸ ਕਰ ਦੇਣ ਤਾਂ ਕਰ ਦੇਣ। ਲੇਕਿਨ ਉਹ ਤਾਂ ਆਪ ਹੀ ਭਾਣੇ ਦੇ ਮਾਲਕ ਹੁੰਦੇ ਨੇ। ਗੁਰੂ ਤੇ ਪ੍ਰਮੇਸ਼ਰ ਦੇ ਵਿਚ ਕੋਈ ਫਰਕ ਨਹੀਂ ਹੁੰਦਾ। ਸੋ ਗੁਰੂ ਵਾਹਿਗੁਰੂ ਦਾ ਆਪ ਹੀ ਸਾਕਾਰ ਰੂਪ ਹੁੰਦੈ। ਬਹੁਤ ਸਾਰਿਆਂ ਨੂੰ ਮੈਂ ਦੇਖਦਾਂ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾਂਦੀ ਹੈ, 'ਪ੍ਰਿਥਮ ਭਗਉਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਏ' ਇਥੋਂ ਅਰਦਾਸ ਕਰਨ ਲਗ ਜਾਂਦੇ ਨੇ, ਕਹਿੰਦੇ ਕੀ ਨੇ, ਕਿ ਸੱਚੇ ਪਾਤਸ਼ਾਹ! ਰਾਹ ਦੇ ਵਿਚ ਸਹਾਇਤਾ ਕਰੀਂ। ਇਹ ਗੱਲ ਸਾਡੇ ਭਰੋਸੇ ਨੂੰ ਠੇਸ ਪਹੁੰਚਾਉਂਦੀ ਹੈ। ਅਰਦਾਸ ਤਾਂ ਇਹ ਹੈ ਕਿ ਸੱਚੇ ਪਾਤਸ਼ਾਹ! ਸਮਾਗਮ ਤੁਹਾਡੀ ਕ੍ਰਿਪਾ ਦੇ ਨਾਲ ਸਿਰੇ ਚੜ੍ਹ ਗਿਆ। ਹੁਣ ਤੁਸੀਂ ਆਪਣੇ ਨਿੱਜ ਅਸਥਾਨ 'ਤੇ ਜਾਣੈ, ਤਿਆਰੀ ਹੋ ਚੁੱਕੀ ਹੈ ਤੇ ਸਿੰਘਾਂ ਨੂੰ ਬਲ ਬਖਸ਼ੋ ਕਿ ਪੂਰੀ ਸੇਵਾ ਨਿਭਾ ਦੇਣ। ਇਹ ਤਾਂ ਨਹੀਂ ਹੈ ਕਿ ਕੌਣ ਰੱਖਿਆ ਕਰੇਗਾ, ਗੁਰੂ ਗ੍ਰੰਥ ਸਾਹਿਬ ਦੀ ਜਿਹੜਾ ਰੱਖਿਆ ਕਰਕੇ ਲੰਘਾਏਗਾ। ਇਸ ਤਰ੍ਹਾਂ ਸਾਡੇ ਦਿਮਾਗ ਦੇ ਅੰਦਰ ਬਹੁਤ ਸਾਰੀਆਂ ਉਲਟੀਆਂ-ਫੁਲਟੀਆਂ ਗੱਲਾਂ ਸਮਾਈਆਂ ਪਈਆਂ ਨੇ।

ਜਦੋਂ ਮੈਂ ਇੰਗਲੈਂਡ ਗਿਆ, ਉਥੇ ਆਵਾਜ਼-ਏ-ਕੌਮ ਇਕ ਅਖਬਾਰ ਨਿਕਲਦੈ। ਉਹ ਮੇਰੇ ਕੋਲ ਆ ਗਿਆ, ਇੰਟਰਵਿਊ ਲੈਣੀ ਹੈ। ਚਾਰ ਵੱਡੇ ਪੇਜ ਵੱਡੇ ਸਾਈਜ਼ ਦੇ ਦੋਹੀਂ ਪਾਸੀਂ ਲਿਖੇ ਹੋਏ ਉਹਨੇ, ਪਤਾ ਨਹੀਂ ਕਿੰਨਾ ਕੁ ਚਿਰ ਲਾਇਆ ਉਹਨਾਂ ਨੂੰ ਲਿਖਦੇ ਹੋਏ। ਕਹਿੰਦਾ, ਜੀ ਤਿੰਨ ਘੰਟੇ ਲੱਗਣਗੇ। ਮੈਂ ਕਿਹਾ ਚਲੋ ਕੋਈ ਨੀਂ ਪੁਛ ਲੈ ਜਿਹੜਾ ਕੁਛ ਪੁੱਛਣੈ। ਉਹ ਕਹਿੰਦਾ ਬਈ ਖਡੂਰ ਸਾਹਿਬ, ਅਨੰਦਪੁਰ ਸਾਹਿਬ, ਚਮਕੌਰ ਸਾਹਿਬ, ਅੰਮ੍ਰਿਤਸਰ ਸਾਹਿਬ ਇਹ ਚਲੋ ਸਾਹਿਬ ਹੋ ਗਏ। ਰਤਵਾੜਾ ਸਾਹਿਬ, ਸਾਹਿਬ ਕਿਵੇਂ ਬਣ ਗਿਆ? ਮੈਂ ਪੁੱਛਿਆ ਉਹ ਕਿਵੇਂ ਹੋ ਗਏ? ਕਹਿੰਦਾ, ਉਥੇ ਗੁਰੂ ਆਏ ਨੇ। ਕਿਤੇ ਦੋ ਘੰਟੇ ਠਹਿਰੇ ਨੇ, ਗੁਰੂ ਸਾਹਿਬ ਨੇ ਘੋੜਾ ਬੰਨ੍ਹਿਆ ਰੇਰੂ ਸਾਹਿਬ, ਉਹ ਰੇਰੂ ਸਾਹਿਬ ਬਣ ਗਿਆ। ਜਿਥੇ ਜਾ ਕੇ ਮਾੜਾ ਜਿਹਾ ਦਮ ਲਿਆ। ਉਹ ਦਮਦਮਾ ਸਾਹਿਬ ਬਣ ਗਿਆ। ਤੂੰ ਗੱਲ ਛੇੜ ਤਾਂ ਲਈ, ਹੁਣ ਪਿੱਛੇ ਨੂੰ ਨਾ ਜਾਈਂ। ਤੁਸੀਂ ਇਹ ਕਹਿੰਦੇ ਹੋਂ ਕਿ ਗੁਰੂ ਸ਼ਬਦ ਹੁੰਦੈ, ਸਾਰੇ ਕਹਿੰਦੇ ਨੇ। ਗੁਰੂ ਦੇਹ ਨਹੀਂ ਹੁੰਦੀ। ਦੋ ਪਾਸੇ ਅਸੀਂ ਸਪੱਸ਼ਟ ਨਹੀਂ ਹਾਂ। ਇਕ ਤਾਂ ਦੇਹ ਨੂੰ ਐਨਾ ਮੰਨਦੇ ਹਾਂ ਕਿ ਸਿਰਾ ਹੀ ਹੈ, ਉਹੀ ਬੰਦਾ ਜਿਹੜਾ ਇਹ ਗੱਲ ਕਹਿ ਰਿਹੈ। ਜਿਥੇ ਗੁਰੂ ਦੀ ਦੇਹ ਆ ਗਈ, ਉਹਨੇ ਆ ਕੇ ਦੋ ਘੰਟੇ ਆਰਾਮ ਕਰਿਐ, ਚਾਰ ਘੰਟੇ ਆਰਾਮ ਕਰਿਐ, ਜਲ ਪੀਤੈ, ਇਸ਼ਨਾਨ ਕਰਿਐ, ਉਹ ਜਗ੍ਹਾ ਤਾਂ ਹੋਈ ਪੂਜਣ ਵਾਲੀ। ਜਿਥੇ ਸ਼ਬਦ ਗੁਰੂ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਮੈਂ ਕਿਹਾ, ਤੁਸੀਂ ਇਸ ਤਰ੍ਹਾਂ ਦੱਸੋ ਕਿ ਸਭ ਤੋਂ ਵੱਡਾ ਗੁਰੂ ਕਿਹੜਾ ਹੈ। ਚੁੱਪ ਕਰ ਰਿਹਾ। ਮੈਂ ਕਿਹਾ, ਸ੍ਰੀ ਗੁਰੂ ਨਾਨਕ ਸਾਹਿਬ ਨੇ ਕੀਹਨੂੰ ਮੱਥਾ ਟੇਕਿਆ ਸੰਸਾਰ ਦੇ ਅੰਦਰ। ਕਿਉਂਕਿ ਪਹਿਲਾਂ ਉਹਨਾਂ ਨੇ ਇਹ ਕਿਹਾ ਸੀ -

*ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥ ਅੰਗ - ੯੩੬*

ਕੋਈ ਸੰਸਾਰ ਦੇ ਅੰਦਰ ਨਹੀਂ ਹੈ ਜਿਹੜਾ ਸਾਡੇ ਸਾਮ੍ਹਣੇ ਆਸਣ ਲਾ ਕੇ ਬੈਠੇ। ਇਸ ਕਰਕੇ ਅਸੀਂ ਨਮਸ਼ਕਾਰ ਨਹੀਂ ਕਰ ਸਕੇ ਕਿਸੇ ਨੂੰ। ਉਹਨਾਂ ਨੇ

ਨਮਸ਼ਕਾਰ ਕਿਸਨੂੰ ਕਰੀ? ਗੁਰੂ ਅੰਗਦ ਸਾਹਿਬ ਨੂੰ ਕਰੀ। ਨਮਸ਼ਕਾਰ ਕਰਨ ਦਾ ਮਤਲਬ ਹੋਇਆ ਕਿ ਉਹਨਾਂ ਅੱਗੇ ਝੁਕੇ ਗੁਰੂ ਨਾਨਕ ਸਾਹਿਬ। ਗੋਰਖਨਾਥ ਦੇਖਣ ਆਇਆ ਕਿ ਕੌਣ ਹੈ ਉਹ ਬੰਦਾ ਭਾਗਸ਼ਾਲੀ ਜਿਹਦੇ ਅੱਗੇ ਸ੍ਰੀ ਗੁਰੂ ਨਾਨਕ ਦੇਵ ਜੀ ਝੁਕ ਗਏ। ਸ੍ਰੀ ਗੁਰੂ ਅੰਗਦ ਸਾਹਿਬ ਜੀ ਸ੍ਰੀ ਗੁਰੂ ਅਮਰਦਾਸ ਜੀ ਅੱਗੇ ਝੁਕ ਗਏ। ਇਸ ਤਰ੍ਹਾਂ ਚਲਦੇ-ਚਲਦੇ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨਾਰੀਅਲ ਲੈ ਕੇ, ਪੰਜ ਪੈਸੇ ਲੈ ਕੇ, ਪੰਜ ਪ੍ਰਕਰਮਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਝੁਕ ਗਏ। ਫੇਰ ਗੁਰੂ ਵੱਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋਏ ਨਾ। ਜਿਥੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਸ਼ੋਭਤ ਹੋ ਜਾਣ, ਕੀ ਉਹ ਸਾਹਿਬ ਨਹੀਂ ਬਣਦੇ? ਜਿਥੇ ਗੁਰੂ ਸਾਹਿਬ ਵਿਚੋਂ ਦੀ ਲੰਘ ਗਏ ਉਹ ਸਾਹਿਬ ਬਣ ਗਏ। ਤੂੰ ਪਹਿਲਾਂ ਇਹਦਾ ਜਵਾਬ ਦੇ। ਚੁੱਪ ਕਰ ਗਿਆ। ਮੈਂ ਕਿਹਾ, ਸਭ ਤੋਂ ਵੱਡੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ। ਗੁਰੂ ਗ੍ਰੰਥ ਤਾਂ ਨਹੀਂ ਕਹਿੰਦੇ, ਸਾਹਿਬ ਵੀ ਨਾਲ ਕਹਿੰਦੇ ਹਾਂ, ਜਿਥੇ ਸਾਹਿਬ ਨੇ ਬਹਿਣੈ, ਉਹਦੀ ਸਾਹਿਬੀ ਉਥੇ ਕਾਇਮ ਹੋ ਜਾਣੀ ਹੈ। ਉਸ ਜਗ੍ਹਾ ਨੇ ਵੀ ਸਾਹਿਬ ਬਣ ਜਾਣੈ। ਮੈਂ ਕਿਹਾ, ਕੋਈ ਬਣਾਉਂਦੈ, ਰਤਵਾੜਾ ਸਾਹਿਬ ਪਹਿਲਾਂ ਕਿਤੇ ਨਾਉਂ ਲਿਖਿਆ ਸੀ? ਉਹ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜ ਹੈ ਉਹਨਾਂ ਨੇ ਆਪਣੀ ਸਾਹਿਬੀ ਕਾਇਮ ਕਰਕੇ, ਇਹ ਅਸਥਾਨ ਸਾਹਿਬ ਹੀ ਬਣ ਗਿਆ। ਸੋ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਗਲਤੀਆਂ ਅਸੀਂ ਕਰ ਜਾਂਦੇ ਹਾਂ।

ਅਰਦਾਸ ਨਹੀਂ ਹੈ, ਉਹ ਆਪ ਹੀ ਮਾਲਕ ਸੀਗੇ-

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ਅੰਗ- ੨੭੨*

ਉਹ ਆਪ ਹੀ ਹੈ, ਇਥੇ ਦੂਜਾ ਹੈ ਨਹੀਂ ਕੋਈ। ਸੋ ਇਸ ਕਰਕੇ ਇਹ ਜਿਹੜੇ ਚਲਦੇ ਨੇ ਸ਼ੋਸ਼ੇ ਜਿਹੇ ਇਹ ਸਾਰੇ ਨਿਰਮੂਲ ਨੇ। ਗੱਲ ਤਾਂ ਜਿਹੜੀ ਸੀ ਉਹ ਇਥੇ ਹੀ ਚਲਦੀ ਹੈ ਕਿ ਰਾਜੇ ਲੋਕ ਜਿਹੜੇ ਨੇ ਉਹ ਅਭਿਮਾਨ ਦੇ ਵਿਚ ਮੱਤੇ ਹੋਏ ਹੁੰਦੇ ਨੇ। ਦੂਸਰੇ ਪਾਸੇ ਦਰਵੇਸ਼ਾਂ ਨੂੰ ਨਹੀਂ ਜਾਣਦੇ ਕਿ ਇਹ ਕਿੱਡੇ ਨੇ। ਪਰ ਪ੍ਰਮੇਸ਼ਰ ਦੇ ਦਰ ਦੇ ਉਤੇ ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ, ਉਹਨਾਂ ਦੀ ਵਡੱਤਣ ਕਿੰਨੀ ਮੰਨੀ ਗਈ ਹੈ। ਬਾਣੀ ਦੇ ਵਿਚ ਇਸ ਤਰ੍ਹਾਂ ਫੁਰਮਾਨ ਆਉਂਦੈ -

*ਧਾਰਨਾ - ਸੱਚੇ ਓ ਪਾਤਸ਼ਾਹ,*
*ਸੱਚੇ ਨਾਲ ਰੱਤੇ ਜਿਹੜੇ।*

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ- ੫*

*ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥ ਅੰਗ- ੧੪੧੩*

*ਪੰਡਿਤ ਸੂਰ ਛਤ੍ਰਪਤਿ ਰਾਜਾ*
*ਭਗਤ ਬਰਾਬਰਿ ਅਉਰੁ ਨ ਕੋਇ ॥ ਅੰਗ- ੮੫੮*

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥ ਅੰਗ- ੭੦੭*

ਉਹਦਾ ਕਹਿਣ ਕਿੰਨਾ ਚਲਦੈ, ਕੁਦਰਤ ਵੀ ਕਹਿਣਾ ਮੰਨਦੀ ਹੈ -

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥ ਅੰਗ- ੪੬੪*

ਸਾਰੇ ਮੰਨਦੇ ਨੇ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ- ੧੮੬*

ਫੇਰ ਸਤਿਪੁਰਸ਼ਾਂ ਨੂੰ ਸਾਰੀ ਗੱਲ ਦਾ ਪਤਾ ਹੁੰਦੈ। ਇਹ ਨਹੀਂ ਹੈ ਕਿ ਗੁਰੂ ਸਾਹਿਬ ਨੂੰ ਪਤਾ ਨਹੀਂ ਸੀ। ਉਹਨਾਂ ਨੇ ਉਸੇ ਵੇਲੇ ਕਹਿ ਦਿਤਾ ਸੀ ਕਿ ਜਿਥੇ ਅਸੀਂ ਜਾ ਰਹੇ ਹਾਂ, ਉਥੇ ਸਾਡਾ ਸੀਸ ਲੱਗਣੈ ਤੇ ਗੁਰੂ ਛੇਵੇਂ ਪਾਤਸ਼ਾਹ ਨੂੰ ਆਪ ਨੇ ਉਸ ਵੇਲੇ ਗੁਰਿਆਈ ਦੇ ਦਿਤੀ ਸੀ ਤੇ ਇਤਿਹਾਸ ਨੇ ਇਹ ਨਹੀਂ ਲਿਖਿਐ ਕਿ ਸਾਡਾ ਸੀਸ ਲੱਗੇਗਾ। ਇਹ ਨਿਸ਼ਚਾ ਨਾ ਆਇਆ। ਇਤਿਹਾਸ ਵਾਲਿਆਂ ਦੀ ਮਰਜ਼ੀ ਹੈ, ਕੁਛ ਨਾ ਕੁਛ ਲਿਖਣਾ ਹੀ ਹੈ, ਆਪਣੀ ਜਿਹੋ ਜਿਹੀ ਬੁੱਧੀ ਦਿਤੀ ਹੈ, ਉਹੋ ਜਿਹੀਆਂ ਗੱਲਾਂ ਲਿਖ ਦਿੰਦੇ ਨੇ। ਲੇਕਿਨ ਜਦੋਂ ਵਿਸ਼ਵਾਸ਼ ਵਾਲੇ ਦੀ ਤੱਕੜੀ 'ਤੇ ਤੁਲਦੀਆਂ ਨੇ ਉਸ ਵੇਲੇ ਸਾਰੀਆਂ ਤਰਕ ਵਿਚ ਆ ਜਾਇਆ ਕਰਦੀਆਂ ਨੇ। ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ ਸਾਡਾ ਸੀਸ ਲੱਗੇਗਾ ਤੇ ਅਸੀਂ ਗੁਰਿਆਈ ਦੇ ਦਿਤੀ।

ਸੋ ਦੂਜੀ ਬਹੁਤ ਵੱਡੀ ਗੱਲ ਇਹ ਸੀ ਕਿ ਜਿਹੜੇ ਪਹਿਲਾਂ ਰੂਹਾਨੀ ਬੰਦੇ ਤਕੜੇ ਹੁੰਦੇ, ਉਹ ਸ਼ਕਤੀਆਂ ਦਿਖਾਉਂਦੇ ਸੀ। ਮੁਸਲਮਾਨਾਂ ਦੇ ਅੰਦਰ ਹੁਕਮ ਜਿਹੜਾ ਅੱਖਰ ਹੈ, ਇਹ ਵੇਦਾਂ ਦੇ ਅੰਦਰ ਨਹੀਂ ਹੈ। ਕਿਸੇ ਸ਼ਾਸਤਰ ਦੇ ਅੰਦਰ ਨਹੀਂ ਹੈ। ਇਹ ਇਸਲਾਮ ਦੇ ਅੰਦਰ ਹੁਕਮ ਹੈ। ਹੁਕਮ ਤੇ ਰਜ਼ਾ ਦੋਵੇਂ ਅੱਖਰ ਉਹਨਾਂ ਦੇ ਨੇ। ਉਹ ਇਹ ਮੰਨਦੇ ਸੀ ਕਿ ਰੱਬ ਦਾ ਹੁਕਮ ਚੱਲ ਰਿਹਾ ਹੈ। ਰਜ਼ਾ ਚੱਲ ਰਹੀ ਹੈ, ਉਹਦੀ ਮਰਜ਼ੀ ਚੱਲ ਰਹੀ ਹੈ ਤੇ ਉਹਦੀ ਮਰਜ਼ੀ ਦੇ ਜਿਹੜਾ ਮੁਤਾਬਿਕ ਚਲਦੈ ਉਹ ਉਥੇ ਪ੍ਰਵਾਨ ਹੁੰਦੈ, ਜਿਹੜਾ ਵਿਪਰੀਤ ਹੋ ਜਾਏ, ਉਹ ਨਹੀਂ ਹੁੰਦਾ। ਇਸੇ ਕਰਕੇ ਸਭ ਤੋਂ ਪਹਿਲੀ ਜਿਹੜੀ ਸ਼ਰਤ ਰੱਖੀ ਗਈ ਸੀ ਉਹ ਇਹ ਸੀ ਕਿ -

*ਧਾਰਨਾ - ਮੁਰਦਾ ਹੋਇਕੇ, ਮੁਰੀਦ ਬਣ ਜਾਵਣਾ।*

ਸੋ ਇਥੇ ਆਮ ਸੀਗਾ ਸਾਧੂਆਂ ਦੇ ਅੰਦਰ ਸ਼ਕਤੀਆਂ ਦਿਖਾਉਣੀਆਂ ਕਿਉਂਕਿ ਯੋਗ ਦੇ ਹਿਸਾਬ ਨਾਲ ਜਦੋਂ ਸਹੰਸਰਾਰ ਦਲ ਕਮਲ ਦੇ ਵਿਚ ਸਵਾਸ ਪਹੁੰਚਦੈ, ਉਥੇ ਇਕ ਹਜ਼ਾਰ ਸ਼ਕਤੀ ਨਿਵਾਸ ਕਰਦੀ ਹੈ। ਉਹਨੂੰ ਸਿੱਧ ਕਰ ਲਓ, ਆਦਮੀ ਉਡ ਵੀ ਜਾਂਦੈ। ਬੈਠਾ-ਬੈਠਾ ਗਾਇਬ ਵੀ ਹੋ ਜਾਂਦੈ। ਬਹੁਤ ਵੱਡਾ ਬਣ ਜਾਂਦੈ, ਛੋਟੇ ਤੋਂ ਛੋਟਾ ਪ੍ਰਮਾਣੂ ਦਾ ਰੂਪ ਧਾਰਨ ਕਰ ਲੈਂਦੈ। ਸੋ ਇਹ ਆਮ ਹੀ ਸੀਗਾ। ਮਹਾਰਾਜ ਕਹਿੰਦੇ ਸੀ ਨਹੀਂ, ਇਹਦੇ ਨਾਲ ਰੱਬ ਦੀ ਰਜ਼ਾ ਦੇ ਵਿਚ ਤੁਸੀਂ ਵਿਘਨ ਪਾਉਂਦੇ ਹੋਂ। ਕਰੋ ਨਾ ਕੁਛ। ਜਦੋਂ ਤੁਸੀਂ ਕਰੋਂਗੇ ਤੁਸੀਂ ਪੂਰਨ ਪਾਸੇ ਨਹੀਂ ਪਹੁੰਚ ਸਕਦੇ। ਹਉਮੈ ਦੇ ਮੰਡਲ ਵਿਚ ਰਹਿ ਜਾਓਂਗੇ।

ਇਹ ਗੱਲ ਸਮਝਣ ਵਾਸਤੇ ਇਰਾਨ ਦਾ ਬਾਦਸ਼ਾਹ, ਉਥੇ ਮਸਲੇ ਵਿਚਾਰੇ ਜਾ ਰਹੇ ਨੇ ਕੁਰਾਨ ਸ਼ਰੀਫ ਦੇ। ਉਹਦੇ ਵਿਚ ਸ਼ਬਰ ਤੇ ਸ਼ੁਕਰ ਦਾ ਜ਼ਿਕਰ ਆ ਗਿਆ। ਉਹ ਕਹਿਣ ਲੱਗਿਆ, ਇਹਦਾ ਕੀ ਮਤਲਬ ਹੈ ਸਮਝ 'ਚ ਨਹੀਂ ਆਉਂਦਾ, ਅਕਲ ਤਾਂ ਸਮਝਦੀ ਹੈ, ਬੁੱਝਣਾ ਔਖਾ ਹੈ। ਬੜੇ ਮੰਤਕ ਬਣਾ ਕੇ ਉਲਮਾਂ ਨੇ ਦੱਸੇ, ਵਿਦਵਾਨਾਂ ਨੇ ਦੱਸੇ, ਮੁਲਾਣਿਆਂ ਨੇ ਦੱਸੇ ਪਰ ਉਹ ਕਹਿਣ ਲੱਗਿਆ, ਨਾ ਮੈਂ ਨਹੀਂ ਮੰਨਦਾ। ਅਰਥ ਕੋਈ ਹੋਰ ਹੈ ਇਹਨਾਂ ਦਾ। ਉਸ ਵੇਲੇ ਇਕ ਪੀਰ ਸੀ ਉਥੇ, ਉਹ ਕਹਿਣ ਲੱਗਿਆ, ਬਾਦਸ਼ਾਹ ਸਲਾਮਤ! ਜੇ ਤੂੰ ਪ੍ਰੈਕਟੀਕਲੀ ਸਮਝਣਾ ਚਾਹੁੰਦਾ ਹੈਂ ਤਾਂ ਐਸ ਵੇਲੇ ਸੁਰਮੱਦ ਜਿਹੜਾ ਹੈ, ਉਹ ਔਰੰਗਜ਼ੇਬ ਦੀ ਕੈਦ ਵਿਚ ਹੈ। ਤੂੰ ਆਪਣੇ ਅੰਬੈਸਟਰ ਨੂੰ ਕਹਿ, ਉਹ ਤੈਨੂੰ ਇਸ ਗੱਲ ਦਾ ਅਰਥ ਲਿਆ ਕੇ ਦੇ ਦੇਵੇਗਾ। ਇਜਾਜ਼ਤ ਲਈ ਗਈ, ਇੰਤਜ਼ਾਮ ਕਰ ਲਿਆ ਗਿਆ ਤੇ ਉਹ ਸਫੀਰ ਜਿਹੜਾ ਸੀ, ਜਿਥੇ ਸੁਰਮੱਦ ਕੈਦ ਸੀ, ਉਸ ਥਾਂ 'ਤੇ ਪਹੁੰਚਦੈ। ਕੀ ਦੇਖਦੈ, ਪਹਿਰੇਦਾਰਾਂ ਨੇ ਦਸਿਆ ਕਿ ਸਰਮੱਦ ਸੱਤ ਤਾਲਿਆਂ ਦੇ ਅੰਦਰ ਬੰਦ ਹੈ। ਅਰ ਉਥੇ ਬੰਦ ਹੈ ਜਿਥੇ ਸੂਰਜ ਦੀ ਕਿਰਨ ਵੀ ਨਹੀਂ ਪਹੁੰਚਦੀ। ਹਨ੍ਹੇਰਾ ਹੀ ਹਨ੍ਹੇਰਾ ਹੈ। ਜਦੋਂ ਇਹ ਪਹਿਲੇ ਤਾਲੇ ਕੋਲ ਗਿਆ, ਤਾਲਾ ਖੁਲ੍ਹ ਗਿਆ, ਦਰਵਾਜ਼ਾ ਖੁਲ੍ਹ ਗਿਆ। ਦੂਜੇ ਕੋਲ ਗਿਆ, ਦੂਜਾ ਖੁਲ੍ਹ ਗਿਆ। ਸੱਤ ਦੇ ਸੱਤ ਦਰਵਾਜ਼ੇ ਆਪੇ ਖੁਲ੍ਹ ਗਏ। ਪਹਿਰੇਦਾਰਾਂ ਨੂੰ ਕਹਿਣ ਦੀ ਲੋੜ ਹੀ ਨਹੀਂ ਪਈ। ਅੰਦਰ ਚਲਿਆ ਗਿਆ। ਉਸ ਵੇਲੇ ਸਰਮੱਦ ਨੇ ਪੁੱਛਿਆ ਕਿ ਕਿਸ ਤਰ੍ਹਾਂ ਤੂੰ ਮੇਰੇ ਕੋਲ ਆਇਆ ਹੈਂ? ਕਹਿਣ ਲੱਗਿਆ, ਪੀਰ ਜੀ! ਮੇਰੇ ਬਾਦਸ਼ਾਹ ਨੇ ਪੁੱਛਿਆ ਹੈ ਕਿ ਸਬਰ ਤੇ ਸ਼ੁਕਰ ਕੀ ਹੁੰਦੈ। ਵੈਸੇ ਤਾਂ ਮੈਂ ਤੈਨੂੰ ਅਰਥ ਸਮਝਾ ਦਿਤੇ ਨੇ ਤੈਨੂੰ ਸਮਝ 'ਚ ਨਹੀਂ ਆਏ। ਕਹਿੰਦੇ, ਜੇ ਪ੍ਰੈਕਟੀਕਲੀ ਅਰਥ ਸਮਝਣੇ ਨੇ। ਕੱਲ੍ਹ ਨੂੰ ਇਕ ਪਾਣੀ ਦੀ ਮਸ਼ਕ ਲਿਆਈਂ, ਦੋ ਗਜ਼ ਕੱਪੜਾ ਲੈ ਕੇ, ਕਿਉਂਕਿ ਬਰੈਹਨਾ, ਕੱਪੜਾ ਨਹੀਂ ਮੈਨੂੰ ਇਹ ਪਹਿਨਣ ਦਿੰਦੇ। ਦੂਸਰੇ ਦਿਨ ਮੱਸ਼ਕ ਵੀ ਲੈ ਗਿਆ ਤੇ ਕੱਪੜਾ ਵੀ ਲੈ ਗਿਆ। ਜਾ ਕੇ ਇਸ਼ਨਾਨ ਕਰਾਇਆ, ਉਹਨੇ ਦੋ ਗਜ਼ ਕੱਪੜਾ ਤੇੜ ਬੰਨ੍ਹਿਆ। ਚਾਨਣੇ 'ਚ ਆ ਗਏ। ਅਜੇ ਬਚਨ ਸ਼ੁਰੂ ਨਹੀਂ ਹੋਇਆ, ਜਲਾਦ ਆ ਗਿਆ, 101 ਕੋਰੜਾ ਉਹਨੂੰ ਰੋਜ਼ ਲਗਦਾ ਸੀ। ਉਹ ਚੌਂਕੜਾ ਮਾਰ ਕੇ ਬੈਠ ਗਿਆ, 101 ਕੋਰੜਾ ਖਾਣਾ ਸੀ। ਜਦੋਂ 51 ਲਗ ਗਏ ਤਾਂ ਉਂਗਲੀ ਨਾਂਹ 'ਚ ਹਿਲਾਈ ਗਿਆ। ਉਹਦੀ ਸਮਝ ਵਿਚ ਕੁਛ ਨਾ ਆਇਆ ਕਿ ਕੀ ਗੱਲ ਕਰ ਰਿਹੈ। ਜਦੋਂ 51 ਲਗ ਹਟੇ, ਜਲਾਦ ਹਟ ਗਿਆ, ਥੋੜ੍ਹਾ ਆਰਾਮ ਲੈਣ ਵਾਸਤੇ। ਕਹਿਣ ਲੱਗੇ, ਤੈਨੂੰ ਸਮਝ ਆਇਆ ਕੁਛ? ਕਹਿੰਦਾ, ਨਾ ਮਹਾਰਾਜ। ਕਹਿੰਦੇ, ਅਸੀਂ ਤਾਂ ਤੈਨੂੰ ਪ੍ਰੈਕਟੀਕਲੀ ਦਸ ਰਹੇ ਹਾਂ। ਚੰਗਾ, ਹੁਣ ਤੈਨੂੰ ਅਸੀਂ ਦਿਖਾ ਹੀ ਦਿੰਦੇ ਹਾਂ। ਦੂਜੀ ਵਾਰੀ ਉਹਨਾਂ ਨੇ ਉਹਦੀ ਦਿੱਬਯ ਦ੍ਰਿਸ਼ਟੀ ਖੋਲ੍ਹ ਦਿਤੀ, ਕੀ ਦੇਖਦੈ, ਬੜੀਆਂ ਅਸਮਾਨੀ ਸ਼ਕਤੀਆਂ ਹੱਥ ਬੰਨੀਂ ਖੜ੍ਹੀਆਂ ਨੇ, ਪੀਰ ਜੀ! ਹੁਕਮ ਦੇਵੋ ਅਸੀਂ ਇਹਦਾ ਰਾਜ ਗਰਕ ਕਰ ਦੇਈਏ। ਤੁਹਾਡੀ ਬੇਹੁਰਮਤੀ ਕਰ ਰਹੇ ਨੇ। ਕੋਰੜਾ ਲੱਗੀ ਜਾਂਦੈ, ਉਂਗਲੀ ਹਿਲਾਈ ਜਾਂਦੇ ਨੇ ਕਿ ਨਹੀਂ-ਨਹੀਂ। ਜਦੋਂ ਲਗ ਹਟੇ ਤਾਂ ਕਹਿਣ ਲੱਗੇ, ਹੁਣ ਤੇਰੀ ਸਮਝ ਵਿਚ ਪਿਆ। ਕਹਿੰਦਾ, ਨਹੀਂ, ਤੁਸੀਂ ਦੱਸੋ। ਕਹਿੰਦੇ, ਹੋਰ ਇਸ ਤੋਂ ਜ਼ਿਆਦਾ ਕੀ ਦਸਣੈ, ਐਨੀਆਂ ਸ਼ਕਤੀਆਂ ਦਾ ਮਾਲਕ ਹਾਂ, ਮੈਂ ਜੇ ਇਕ ਫੁਰਨਾ ਕਰ ਦੇਵਾਂ, ਔਰੰਗਜ਼ੇਬ ਕੀ ਦਿੱਲੀ ਸਾਰੀ ਗਰਕ ਹੋ ਜਾਏਗੀ ਉਸੇ ਵੇਲੇ। ਲੇਕਿਨ ਐਨੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ, ਮੈਂ ਸਬਰ ਵਿਚ ਹਾਂ। ਜੋ ਹੋ ਰਿਹੈ, ਉਹ ਹੋ ਰਿਹੈ, ਉਹਨੂੰ ਮੈਂ ਵੀ ਦੇਖ ਰਿਹਾ ਹਾਂ, ਤੁਸੀਂ ਵੀ ਦੇਖ ਰਹੇ ਹੋਂ। ਉਸ ਤੋਂ ਬਾਅਦ ਪਾਣੀ ਪੀਣ ਲਈ ਆ ਗਿਆ। ਨਮਕ ਦੀ ਮੁੱਠੀ ਭਰ ਕੇ ਕੱਪ ਦੇ ਵਿਚ ਪਾਈ। ਕੌੜਾ ਹੋ ਗਿਆ ਪਾਣੀ, ਉਹਨੇ ਉਹ ਪੀ ਕੇ ਸ਼ੁਕਰ ਕਰਿਆ ਕਿ ਹੇ ਅੱਲਾਹ ਤਾਲਾ! ਤੂੰ ਮੈਨੂੰ ਤਾਂ ਭੇਜ ਰਿਹੈਂ, ਧੰਨਵਾਦ ਹੈ ਤੇਰਾ। ਹੱਦ ਦੀਆਂ ਗੱਲਾਂ ਹੋਇਆ ਕਰਦੀਆਂ ਨੇ ਇਹ। ਇਹ ਇਕ ਦਰਵੇਸ਼ਾਂ ਦਾ ਜੀਵਨ ਹੋਇਆ ਕਰਦੈ। ਕਹਿਣ ਲੱਗੇ, ਹੁਣ ਤੇਰੀ ਸਮਝ ਵਿਚ ਆਈ? ਦੇਖ, ਜਦੋਂ ਅੱਖ ਖੋਲ੍ਹੀ, ਕੀ ਦੇਖਦੈ, ਅਸਮਾਨੀ ਸ਼ਕਤੀਆਂ, 36 ਪ੍ਰਕਾਰ ਦੇ ਭੋਜਨ ਲਈਂ ਖੜ੍ਹੀਆਂ ਨੇ। ਕਈ ਜਲ ਲਈਂ ਫਿਰਦੀਆਂ ਨੇ ਕਿ ਪੀਰ ਜੀ! ਇਹ ਪੀ ਲਓ। ਲੇਕਿਨ ਨਹੀਂ। ਸੋ ਇਹ ਸਬਰ, ਸ਼ੁਕਰ ਤੇ ਸਿਦਕ, ਸ਼ਹੀਦ, ਭਰਮ ਰਹਿਤ ਹੋਣਾ ਤੇ ਡਰ ਰਹਿਤ ਹੋਣਾ ਇਹ ਖ਼ੂਬੀ ਹੋਇਆ ਕਰਦੀ ਹੈ ਮੁਰੀਦ ਦੀ। ਜੇ ਸਾਨੂੰ ਸਬਕ ਦਿਤਾ ਜਾਵੇਗਾ ਤਾਂ ਹੀ ਅਸੀਂ ਉਹਨੂੰ ਮੰਨਾਂਗੇ। ਨਹੀਂ ਤਾਂ ਅਸੀਂ ਮੰਨਣ

ਨੂੰ ਤਿਆਰ ਨਹੀਂ, ਪੜ੍ਹ ਤਾਂ ਅਸੀਂ ਲੈਂਦੇ ਹਾਂ। ਪ੍ਰੈਕਟੀਕਲੀ ਇਹ ਚੀਜ਼ ਸਾਡੇ ਵਿਚ ਨਹੀਂ ਆਈ ਹਾਲੇ। ਨਾ ਅਸੀਂ ਨਿਭ ਸਕੀਏ ਇਸ 'ਤੇ। ਦੂਸਰਾ ਸੀ ਕਿ ਐਨੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਕੀ ਕੋਈ ਐਸੀ ਅਵਸਥਾ ਵੀ ਹੈ ਜਿਥੇ ਜਾ ਕੇ ਆਦਮੀ ਦੇ ਅੰਦਰੋਂ ਦੁਖ ਦਾ ਅਹਿਸਾਸ ਜਿਹੜਾ ਹੈ, ਉਹ ਖਤਮ ਹੋ ਜਾਵੇ? ਪਤਾ ਹੀ ਨਾ ਲੱਗੇ ਕਿ ਦੁਖ ਹੈ। ਮਹਾਰਾਜ ਕਹਿੰਦੇ, ਸੰਸਾਰ ਦੇ ਉਤੇ ਦੁਖ ਹੈ ਨਹੀਂ, ਸਾਰੇ ਸੁਖ ਹੀ ਸੁਖ ਹੈ।

ਗੁਰੂ ਮਹਾਰਾਜ ਜੀ ਨੂੰ ਜਦੋਂ ਤਸੀਹੇ ਦਿਤੇ ਜਾ ਰਹੇ ਨੇ। ਪਹਿਲੇ ਦਿਨ ਆਪ ਨੂੰ ਧੁੱਪੇ ਖੜ੍ਹਾ ਕੀਤਾ ਗਿਆ। ਪਾਣੀ ਨਾ ਦਿਤਾ ਗਿਆ, ਰੋਟੀ ਨਾ ਦਿਤੀ ਗਈ। ਦੂਸਰੇ ਦਿਨ ਆਪ ਨੂੰ ਦੇਗ ਦੇ ਵਿਚ ਉਬਾਲਣਾ ਸ਼ੁਰੂ ਕਰਿਆ। ਦੇਗ ਤਿਆਰ ਹੋ ਗਈ, ਉਸ ਵਕਤ ਹੁਕਮ ਦਿਤਾ ਚਾਰ ਬੰਦਿਆਂ ਨੂੰ ਕਿ ਚੁੱਕ ਕੇ ਦੋ ਬਾਹਾਂ ਤੋਂ, ਦੋ ਜਣੇ ਲੱਤਾਂ ਵਲੋਂ, ਦੇਗ ਦੇ ਵਿਚ ਸੁੱਟ ਦਿਓ। ਮਹਾਰਾਜ ਕਹਿੰਦੇ, ਤੁਸੀਂ ਕਿਉਂ ਸੁੱਟਣੈ, ਅਸੀਂ ਆਪ ਹੀ ਬਹਿ ਜਾਂਦੇ ਹਾਂ। ਦੇਗ ਦੇ ਵਿਚ ਇਸ ਤਰ੍ਹਾਂ ਬੈਠ ਗਏ ਚੌਂਕੜਾ ਲਾ ਕੇ ਜਿਵੇਂ ਦੇਗ ਦਾ ਪਾਣੀ ਗਰਮ ਹੀ ਨਹੀਂ ਹੁੰਦਾ। ਜਿਸ ਵਕਤ ਦੇਗ ਦੇ ਵਿਚੋਂ ਗੁਰੂ ਸਾਹਿਬ ਨੂੰ ਕੱਢਿਆ ਜਾਂਦੈ। ਉਸ ਵੇਲੇ ਕੁੰਢਾ ਨਹੀਂ ਫੜ ਹੁੰਦਾ, ਡੰਡੇ ਦੇ ਨਾਲ ਦੇਗ ਨੂੰ ਉਲਟਾਇਆ ਗਿਆ ਸੀ। ਅੰਦਰ ਆਪ ਨੇ ਨਾ ਕੋਈ ਟਸ, ਨਾ ਕੋਈ ਹਾਏ, ਨਾ ਕੋਈ ਹੂ, ਕੁਛ ਵੀ ਨਹੀਂ। ਜਿਸ ਤਰ੍ਹਾਂ ਦੇ ਨਾਲ ਕਦੇ ਬਹੁਤ ਅੱਛੇ ਥਾਂ ਬੈਠਦੇ ਸੀ, ਉਸੇ ਤਰ੍ਹਾਂ ਦੇ ਨਾਲ ਉਬਲਦੀ ਦੇਗ ਦੇ ਵਿਚੋਂ ਆ ਕੇ ਆਪ ਪ੍ਰਸੰਨ ਚਿੱਤ, ਮੱਥਾ ਖਿੜਿਆ ਹੋਇਆ, ਕਿਸੇ ਵਾਸਤੇ ਕੋਈ ਕਰੂਰਤਾ ਨਹੀਂ ਹੈ। ਇਹ ਇਕ ਅਵਸਥਾ ਹੈ। ਤੱਤੀ ਤਵੀ 'ਤੇ ਬਿਠਾ ਦਿਤੇ ਗਏ, ਉਸ ਵੇਲੇ ਭਾਈ ਪ੍ਰਾਣਾ ਜੀ ਸਹਿ ਨਾ ਸਕੇ। ਨਾ ਸਹਿਣ ਕਰਕੇ ਉਸ ਨੇ ਦੋਵੇਂ ਬਾਹਾਂ ਖੜ੍ਹੀਆਂ ਕਰ ਲਈਆਂ। ਜਦੋਂ ਮਹਾਰਾਜ ਚਰਨ ਚੁੱਕ ਕੇ ਰੱਖਣ ਲੱਗੇ, ਉਸ ਨੇ ਦੋਵੇਂ ਬਾਹਾਂ ਉਪਰ ਨੂੰ ਖੜ੍ਹੀਆਂ ਕਰ ਲਈਆਂ। ਮਹਾਰਾਜ ਨੇ ਉੱਚੀ ਅਵਾਜ਼ ਵਿਚ ਕਿਹਾ ਇਹ ਕੀ ਕਰਨ ਲੱਗਿਐਂ? ਕਹਿਣ ਲੱਗਿਆ, ਮਹਾਰਾਜ! ਮੈਂ ਨਹੀਂ ਦੇਖ ਸਕਦਾ। ਮਹਾਰਾਜ ਕਹਿੰਦੇ, ਕੋਈ ਨਹੀਂ ਕੁਛ ਸਾਡੇ ਨਾਲ ਕਰ ਰਿਹਾ, ਇਹ ਤਾਂ ਅਸੀਂ ਇਕ ਤਜਰਬਾ ਕਰ ਰਹੇ ਹਾਂ।

ਉਹ ਜਿਹੜੀ ਮਹਾਰਾਜ ਦੀ ਖੁਸ਼ੀ ਸੀ ਉਸ ਨੂੰ ਕੋਈ ਨਹੀਂ ਖਤਮ ਕਰ ਸਕਿਆ। ਹੁਣ ਇਹਦੇ ਬਾਰੇ ਬਾਣੀ ਕਹਿੰਦੀ ਹੈ –

*ਧਾਰਨਾ – ਗੁਰਮੁਖ ਅੰਤਰਿ ਸਹਿਜ ਹੈ,*
*ਮਨ ਚੜ੍ਹਿਆ ਦਸਵੈ ਆਕਾਸ।*

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ ॥* *ਅੰਗ– ੧੪੧੪*

ਉਹ ਜਿਹੜਾ ਥਾਂ ਹੈ ਜਿਥੇ ਸੁਰਤਿ ਚੜ੍ਹ ਗਈ ਹੈ–

*ਤਿਥੈ ਊੰਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥* *ਅੰਗ– ੧੪੧੪*

ਦੋ ਚੀਜ਼ਾਂ ਨਹੀਂ, ਨਾ ਉਥੇ ਊਂਘ ਹੈ, ਨਾ ਭੁੱਖ ਹੈ। ਉਥੇ ਅੰਮ੍ਰਿਤ ਨਾਮ ਦੀ ਕਰੰਟ ਜਿਹੜੀ ਹੈ, ਐਨਰਜੀ ਸ਼ਕਤੀ ਐਨੀ ਜ਼ਬਰਦਸਤ ਹੈ ਕਿ ਕੋਈ ਦੁਖ ਨੇੜੇ ਆਉਣ ਹੀ ਨਹੀਂ ਦਿੰਦੀ, ਉਹ ਸੁਖ ਦਾ ਵਾਸਾ ਕਰ ਦਿੰਦੀ ਹੈ। ਨਾਮ ਐਨਰਜੀ ਉਸ ਥਾਂ ਦੇ ਉਤੇ ਪੂਰਨ ਰੂਪ ਦੇ ਅੰਦਰ ਆਪਣਾ ਅਸਰ ਦਿਖਾ ਰਹੀ ਹੁੰਦੀ ਹੈ।

ਬੰਦਾ ਬਹਾਦਰ ਜਦੋਂ ਉਹਨੂੰ ਸ਼ਹੀਦ ਕੀਤਾ ਗਿਆ। ਬੜੀ ਲੰਮੀ ਸਾਖੀ ਹੈ ਇਹ। ਪਹਿਲਾਂ ਉਹਦੀਆਂ ਦੋਵੇਂ ਅੱਖਾਂ ਜੰਮੂਰ ਦੇ ਨਾਲ ਕੱਢੀਆਂ ਗਈਆਂ। ਉਸ ਤੋਂ ਬਾਅਦ ਗਰਮ ਕੀਤੇ ਹੋਏ ਜੰਬੂਰ, ਉਹਦੇ ਮਾਸ ਨਾਲ ਲਾਉਂਦੇ ਨੇ। ਝਟਕਾ ਮਾਰਦੇ ਨੇ, ਮਾਸ ਜਲ ਕੇ ਉਹਦੇ ਵਿਚ ਆਈ ਜਾਂਦੈ। ਕੱਢੀ ਜਾਂਦੇ ਨੇ ਹਰ ਥਾਂ ਤੋਂ। ਪਹਿਲਾ ਦਿਨ ਹੋਇਆ ਇਕ ਲੱਤ 'ਚੋਂ ਕੱਢਿਆ, ਦੂਜੇ ਦਿਨ ਦੂਜੀ ਲੱਤ 'ਚੋਂ। ਕਿੰਨੇ ਦਿਨ ਲਾਏ ਉਹਨੂੰ ਮਾਰਨ ਵਾਸਤੇ। ਛਾਤੀ 'ਚੋਂ ਜਦੋਂ ਕੱਢ ਰਹੇ ਸੀ, ਉਸ ਵੇਲੇ ਵਜ਼ੀਰ ਬੈਠਾ ਸੀ ਉਥੇ, ਉਹ ਕਹਿਣ ਲੱਗਿਆ, ਬੰਦਾ ਬਹਾਦਰ ਇਕ ਗੱਲ ਮੈਂ ਅਜੀਬ ਦੇਖ ਰਿਹਾਂ, ਦੇਖ ਕਿੰਨੇ ਤਸੀਹੇ ਦਿਤੇ ਜਾ ਰਹੇ ਨੇ ਤੈਨੂੰ। ਮਾਸ ਖਿਚਿਆ ਜਾ ਰਿਹੈ। ਰਾਤ ਭਰ ਤੂੰ ਬਿਪਤਾ ਵਿਚ ਰਿਹੈਂ। ਕਿੰਨਾ ਦੁਖ ਤੂੰ ਮਹਿਸੂਸ ਕਰ ਰਿਹਾ ਸੀ ਤੇ ਵਜ੍ਹਾ ਕੀ ਹੈ ਕਿ ਹਾਏ ਓ ਮਰ ਗਿਆ ਓਏ, ਮਾਰ ਦਿਤਾ ਓਏ, ਮੈਨੂੰ ਹੁਣ ਬਖਸ਼ ਦਿਓ, ਇਹੋ ਜਿਹੜੀਆਂ ਗੱਲਾਂ ਕਿਉਂ ਨਹੀਂ ਕਹਿ ਰਿਹਾ? ਉਹ ਕਹਿਣ ਲੱਗਿਆ, ਮੈਂ ਸਰੀਰ ਤਾਂ ਨਹੀਂ ਨਾ ਹਾਂ। ਮੈਂ ਤਾਂ ਸਰੀਰ 'ਚ ਰਹਿਣ ਵਾਲਾ ਸੀ ਜਦੋਂ ਕੋਠਾ ਤੁਸੀਂ ਢਾਹੁੰਣ ਲਗ ਗਏ, ਮੈਂ ਵੀ ਪਾਸੇ ਹੋ ਕੇ ਦੇਖਦਾ ਹਾਂ, ਤੁਸੀਂ ਵੀ ਦੇਖ ਰਹੇ ਹੋਂ। ਮੈਂ ਤਾਂ ਪਹਿਲਾਂ ਹੀ ਸਾਖੀ ਹਾਂ ਇਥੇ। ਮੈਂ ਸਰੀਰ ਨਹੀਂ ਹਾਂ, ਨਾ ਮੈਂ ਪੰਜ ਪ੍ਰਾਣ ਹਾਂ। ਨਾ ਮੈਂ ਮਨ ਹਾਂ, ਨਾ ਮੈਂ ਬੁੱਧੀ ਹਾਂ। ਨਾ ਮੈਂ ਚਿੱਤ ਹਾਂ, ਨਾ ਇਹਦਾ ਮੈਂ ਝੂਠਾ ਮਾਲਕ ਹਾਂ, ਮੈਂ ਤਾਂ ਸਾਖੀ ਹਾਂ ਦੇਖਣ ਵਾਲਾ, ਸੱਤਾ ਦੇਣ ਵਾਲਾ। ਹੁਣ ਇਹ ਕੋਠਾ ਢਹਿ ਰਿਹੈ ਤੇ ਮੈਂ ਦੇਖ ਰਿਹਾ ਹਾਂ ਕਿ ਹਾਂ ਢਹਿ ਰਿਹੈ। ਤੁਸੀਂ ਵੀ ਹੋਰ ਤਰ੍ਹਾਂ ਦੇਖ ਰਹੇ ਹੋਂ ਕਿ ਇਹਨੂੰ ਮਾਰਨੈ। ਮੈਂ ਤਾਂ ਨਹੀਂ ਮਰਨਾ। ਮੈਂ ਤਾਂ ਸਦਾ ਚਿਰੰਜੀਵੀ ਹਾਂ –

*ਮਰਣਹਾਰੁ ਇਹੁ ਜੀਅਰਾ ਨਾਹੀ॥* *ਅੰਗ– ੧੮੮*

ਇਹ ਜਿਹੜਾ ਅਸੀਂ ਰਹਿੰਦੇ ਹਾਂ ਨਾ ਇਹਦੇ ਵਿਚ,

ਜੇ ਤਾਂ ਅਸੀਂ ਰਹਿੰਦੇ ਹਾਂ ਹਉਮੈ ਵਾਲੇ ਮੰਡਲ 'ਚ। ਅਸੀਂ ਕਹਿੰਦੇ, ਹਾਂ ਉਹ ਤਾਂ ਜੰਮਦਾ ਮਰਦਾ ਹੈ। ਉਹਦੇ ਬਾਰੇ ਤਾਂ ਗੁਰੂ ਸਾਹਿਬ ਦਾ ਫੁਰਮਾਨ ਹੈ –

*ਧਾਰਨਾ – ਜੰਮਦਾ ਤੇ ਮਰਦਾ ਹੈ,*
*ਹਉਮੈ ਦਾ ਬੰਨ੍ਹਿਆ ਹੋਇਆ।*

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ- ੪੬੬*

ਜਿਹੜਾ ਤਾਂ ਇਹ ਕਹਿੰਦੈ ਕਿ ਮੈਂ ਸਰੀਰ ਹਾਂ, ਮੇਰਾ ਫਲਾਣਾ ਸਿੰਘ ਨਾਮ ਹੈ, ਮੇਰਾ ਪੁੱਤਰ ਫਲਾਣਾ ਹੈ, ਮੇਰੀ ਧੀ ਫਲਾਣੀ ਹੈ, ਮੇਰਾ ਪੈਸਾ; ਉਹਨੇ ਤਾਂ ਜੰਮਣਾ ਮਰਨਾ ਹਰ ਹਾਲਤ ਵਿਚ ਹੈ। ਪਰ ਜਿਹਨੂੰ ਗੁਰੂ ਦੀ ਕ੍ਰਿਪਾ ਦੇ ਨਾਲ –

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ- ੨੭੮*

ਉਹ ਤਾਂ ਜਿਹੜਾ ਉੱਚਾ ਚੜ੍ਹ ਗਿਆ, ਜਿਹਨੇ ਦੇਹ (ਸਰੀਰ) ਅਧਿਆਸ ਛੱਡ ਦਿਤਾ। ਦੇਹ ਤਾਂ ਅਸੀਂ ਸਾਰੇ ਹੀ ਮੰਨਦੇ ਹਾਂ, ਕੌਣ ਹੈ ਜਿਹੜਾ ਦੇਹ ਨਹੀਂ ਮੰਨਦਾ ਆਪਣੇ ਆਪ ਨੂੰ। ਸਾਡੇ ਤਾਂ ਪ੍ਰਚਾਰਕ ਹੀ ਕਹਿੰਦੇ ਨੇ ਕਿ ਇਕ ਦੇਹ ਹੈ, ਇਕ ਇਹਦੇ ਵਿਚ ਜੋਤ ਹੈ, ਦੋਹਾਂ ਦਾ ਜੋ ਮੇਲ ਹੈ ਇਹ ਬੰਦਾ ਬਣਿਆ ਹੋਇਆ ਹੈ। ਹੁਣ ਅਗਾਂਹਾਂ ਦੀ ਗੱਲ ਉਹ ਦਸਦੇ ਨੇ ਕਿ ਦੇਹ ਤਾਂ ਬਿਨਸਨਹਾਰ ਹੈ, ਇਹਦੇ ਵਿਚ ਤਾਂ ਤਿੰਨ ਅਵਸਥਾ ਹੁੰਦੀਆਂ ਨੇ –

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥*
*ਅੰਗ- ੧੪੨੮*

ਉਹ ਜਿਹੜਾ ਆਤਮਾ ਹੈ ਨਾ ਉਹ ਬਾਲ ਹੈ, ਨਾ ਬੁੱਢਾ ਹੈ, ਨਾ ਕਦੇ ਉਹ ਮਰਿਆ ਹੈ। ਕੌਣ ਹੈ ਇਸ ਦੇਹੀ 'ਚ –

*ਇਆ ਮੰਦਰ ਮਹਿ ਕੌਨ ਬਸਾਈ ॥ ਅੰਗ- ੮੭੧*

ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਖੋਲ੍ਹ-ਖੋਲ੍ਹ ਕੇ ਦਸਿਆ ਹੈ। ਉਹ ਜਿਹੜੀ ਆਤਮਾ ਹੈ, ਦੁਖ ਸੁਖ ਨਹੀਂ ਉਥੇ ਵਿਆਪਿਆ ਕਰਦਾ –

*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥ ਅੰਗ- ੧੪੧੪*

ਇਹ ਕੋਈ ਕਵਿਤਾ ਨਹੀਂ ਜੁੜੀ ਹੋਈ। ਇਹ ਪ੍ਰਤੱਖ ਕੀਤੀਆਂ ਹੋਈਆਂ ਨੇ ਮਹਾਂਪੁਰਸ਼ਾਂ ਨੇ। ਹੁਣ ਗੁਰੂਆਂ ਦਾ ਤਾਂ ਅਸੀਂ ਕਹਿਣਾ ਹੀ ਕੀ ਹੈ। ਸੰਤਾਂ ਦੀਆਂ ਗੱਲਾਂ ਨੇ ਇਹ ਤਾਂ। ਸੋ ਬੰਦਾ ਬਹਾਦਰ ਕਹਿਣ ਲੱਗਿਆ ਕਿ ਮੈਂ ਸਾਖੀ ਰੂਪ ਹਾਂ। ਇਹ ਮੇਰੇ ਆਸਰੇ ਮੇਰੀ ਦੇਹ ਚਲਦੀ ਸੀ, ਮੇਰੀ ਸੱਤਾ ਦੇ ਨਾਲ। ਆਹ ਤੁਸੀਂ ਹੁਣ ਹੋਰ ਤੋੜ ਭੰਨ ਦੇਣੈ, ਸੱਤਾ ਨੇ ਪਰ੍ਹੇ ਹਟ ਜਾਣੈ। ਮੈਨੂੰ ਤੁਸੀਂ ਕਿਵੇਂ ਮਾਰ ਦੇਵੋਂਗੇ। ਮੈਨੂੰ ਕੋਈ ਸ਼ਸਤਰ ਨਾ ਕੱਟ ਸਕਦੈ, ਨਾ ਵੱਢ ਸਕਦੈ। ਨਾ ਮੈਨੂੰ ਅੱਗ ਜਾਲ ਸਕਦੀ ਹੈ, ਨਾ ਪਾਣੀ ਡੋਬ ਸਕਦੈ। ਨਾ ਮੈਨੂੰ ਸੂਰਜ ਸੇਕ ਪਹੁੰਚਾ ਸਕਦੈ। ਮੈਂ ਤਾਂ ਅਮਰ ਹਾਂ ਸਦਾ।

*ਓਹੁ ਅਬਿਨਾਸੀ ਬਿਨਸਤ ਨਾਹੀ ॥*
*ਨਾ ਕੋ ਆਵੈ ਨਾ ਕੋ ਜਾਹੀ ॥ ਅੰਗ- ੨੩੬*

ਬਿਨਸਣਾ ਸਰੀਰ ਦਾ ਹੋਇਆ ਕਰਦੈ। ਜਿਹਦਾ ਦੇਹ ਅਧਿਆਸ ਟੁੱਟ ਚੁੱਕਿਐ। ਇਸ ਅਵਸਥਾ 'ਤੇ ਪਹੁੰਚ ਗਿਆ, ਮਹਾਰਾਜ ਕਹਿੰਦੇ, ਉਥੇ ਦੁਖ ਸੁਖ ਵਿਆਪਦਾ ਹੀ ਨਹੀਂ।

ਗੁਰੂ ਅਰਜਨ ਦੇਵ ਜੀ ਨੂੰ ਦੇਖ ਕੇ ਮੀਆਂ ਮੀਰ ਘਬਰਾ ਗਿਆ। ਦੋਵੇਂ ਬਾਹਾਂ ਉਪਰ ਕਰ ਲਈਆਂ। ਗੁਰੂ ਮਹਾਰਾਜ ਨੇ ਕਿਹਾ, ਕੀ ਗੱਲ ਪੀਰ ਜੀ? ਕਹਿੰਦੇ, ਇਹ ਸ਼ਹਿਰ ਗਰਕ ਕਰਨ ਵਾਲਾ ਹੈ। ਕਹਿੰਦੇ, ਕੀਹਨੂੰ ਗਰਕ ਕਰੋਂਗੇ, ਇਥੇ ਦੱਸੋ ਰੱਬ ਤੋਂ ਬਗੈਰ ਹੈ ਕੋਈ? ਤੁਸੀਂ ਮੇਰੇ ਨਾਲ ਬਚਨ ਕਰਦੇ ਹੁੰਦੇ। ਆਪਾਂ ਬਚਨ ਕਰਦੇ ਹੋਏ ਵਿਚਾਰ ਕਰਦੇ ਸੀ।

*ਧਾਰਨਾ – ਆਪੇ ਇਕ ਤੋਂ ਅਨੇਕ ਰੂਪ ਧਾਰ ਕੇ,*
*ਆਪੇ ਖੇਲ੍ਹੇ ਖੇਲ੍ਹ ਆਪਣੀ।*

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥ ਜਾਪੁ ਸਾਹਿਬ*

*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥*
*ਆਪੇ ਕਰਨ ਕਰਾਵਨ ਜੋਗੁ ॥ ਪ੍ਰਭ ਭਾਵੈ ਸੋਈ ਫੁਨਿ ਹੋਗੁ ॥*
*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥ ਅੰਗ- ੨੭੫*

ਕਿਉਂ ਪੀਰ ਜੀ! ਇਥੇ ਹੈ ਕੋਈ ਦੂਜਾ? –

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ- ੧੨੯੧*

ਕੀਹਨੂੰ ਸਰਾਪ ਦਿਓਂਗੇ? ਸਮਝ ਆ ਗਈ।

ਮਹਾਰਾਜ! ਅੱਜ ਤਕ ਸਿਧਾਂਤਕ ਰੂਪ 'ਚ ਮੈਂ ਸਮਝਦਾ ਸੀ। ਮਨ ਨਾਲ ਬਾਤ ਸਮਝੀ ਸੀ, ਬੁੱਝੀ ਨਹੀਂ ਸੀ। ਅੱਜ ਸੱਚੇ ਪਾਤਸ਼ਾਹ! ਤੁਸੀਂ ਬੁਝਾ ਦਿਤੀ। ਉਹ ਅਵਸਥਾ ਹੁੰਦੀ ਹੈ, ਕੁਦਰਤੀ ਹੈ, ਨਾਮ ਦੀ ਕਰੰਟ, ਮਹਾਰਾਜ ਕਹਿੰਦੇ ਨਾਮ ਠੰਡਾ ਠਾਰ ਕਰਦੈ। ਉਥੇ ਕੋਈ ਚੀਜ਼ ਨੇੜੇ ਨਹੀਂ ਆ ਸਕਦੀ ਉਹਦੇ। ਉਹਨੂੰ ਭਾਸਦਾ ਹੀ ਨਹੀਂ ਦੁੱਖ ਤੇ ਸੁੱਖ।

ਉਸ ਅਵਸਥਾ ਦੇ ਵਿਚ ਮਹਾਰਾਜ ਤੱਤੀ ਤਵੀ 'ਤੇ ਬੈਠੇ ਨੇ। ਉਹਦੇ ਵਿਚ ਹੀ ਉਹਨਾਂ ਨੇ ਉਬਾਲੇ ਖਾਧੇ ਦੇਗਾਂ 'ਚ, ਉਸੇ ਤਰ੍ਹਾਂ ਦੇ ਨਾਲ ਆਪ ਨੇ ਸੀਸ ਵਿਚ ਰੇਤ ਪੁਆਇਆ। ਪਰ ਜਿਹਨੂੰ ਸਬਰ ਕਹਿੰਦੇ ਨੇ ਉਹ ਸਬਕ ਸਿਖਾਇਆ ਆਪ ਨੇ। ਸਿੰਘ ਸ਼ਕਤੀ ਦਿਖਾਉਣਾ ਚਾਹੁੰਦੇ ਨੇ ਆਪ ਵਰਜ ਦਿੰਦੇ ਨੇ। ਜੇ ਭਾਈ ਮਤੀ ਦਾਸ ਜੀ ਨੇ ਕਿਹਾ ਕਿ ਮੈਂ ਲਾਹੌਰ ਤੇ ਦਿੱਲੀ ਦੇ ਛੈਣੇ ਵਜਾ ਦੇਣੇ ਨੇ, ਮਹਾਰਾਜ ਨੇ ਸ਼ਕਤੀ ਖਿੱਚ ਲਈ। ਉਹ ਸ਼ਕਤੀ ਦੇ ਦਿਤੀ ਜਿਹਦੇ ਨਾਲ ਆਰੇ ਨਾਲ ਚੀਰਿਆ ਜਾ ਕੇ ਜਪੁਜੀ ਸਾਹਿਬ ਪੜ੍ਹ ਸਕੇ। ਦੋ ਫਾੜ ਹੋਏ ਨੇ। ਐਸਾ ਲਿਖਿਆ ਹੋਇਐ ਆਖਰ ਜਿਥੇ ਜਾ ਕੇ ਰੀੜ੍ਹ ਦੀ ਹੱਡੀ 'ਚੋਂ ਕੱਟਦੈ, ਉਥੇ ਤਕ ਜਾਂਦੇ ਜਪੁਜੀ ਸਾਹਿਬ ਪੂਰਾ ਹੋ ਗਿਆ। ਉਧਰੋਂ ਆਪ 'ਕੇਤੀ ਛੁਟੀ ਨਾਲਿ' ਕਹਿੰਦੇ ਨੇ, ਓਧਰੋਂ ਦੋ ਫਾੜ ਹੋ ਗਏ। ਸ਼ਕਤੀ ਤਾਂ ਦੇ ਦਿਤੀ ਮਹਾਰਾਜ ਨੇ। ਪਰ destructive (ਵਿਨਾਸ਼ਕਾਰੀ) ਜਿਹੜੀ ਸੀ ਉਹਨੂੰ ਮਹਾਰਾਜ ਨੇ ਪਸੰਦ ਨਹੀਂ ਕਰਿਆ। ਨਹੀਂ ਤਾਂ ਕਿਸੇ ਦੀ ਹਿੰਮਤ ਹੀ ਨਹੀਂ ਹੈ ਮਹਾਤਮਾ ਨੂੰ ਕੋਈ ਛੇੜ ਕੇ ਤਾਂ ਦਿਖਾਵੇ -

*ਸੰਤਨ ਸੇਤੀ ਮਸਕਰੀ ਇਹ ਡੂਬਨ ਕੀ ਰੀਤ।*

ਪਰ ਗੁਰੂ ਮਹਾਰਾਜ ਨੇ ਇਕ ਬਹੁਤ ਉੱਚਾ ਸਿਧਾਂਤ ਦਿਤਾ। ਨਾ ਤਾਂ ਕਿਤੇ ਗਏ।

ਜਦੋਂ ਬਾਬਾ ਰਾਮ ਸਿੰਘ ਜੀ ਗ੍ਰਿਫ਼ਤਾਰ ਹੋ ਗਏ। ਮਾਂਡਲੇ ਲੈ ਗਏ। ਉਸ ਵੇਲੇ ਇਕ ਗੁਰਸਿੱਖ ਸੀਗਾ। ਮੈਨੂੰ ਬਾਬਾ ਜਗਜੀਤ ਸਿੰਘ ਉਹਨਾਂ ਨੇ ਦੱਸੀ ਸੀ ਇਹ ਗੱਲ। ਕਹਿੰਦੇ, ਉਹ ਚਲਿਆ ਜਾਂਦਾ, ਓਧਰੋਂ ਖਬਰਾਂ ਲੈ ਆਉਂਦਾ ਜਾ ਕੇ। ਉਹ ਗ੍ਰਿਫ਼ਤਾਰ ਹੋ ਗਿਆ, ਕਲਕੱਤੇ ਫੜ ਲਿਆ। ਸੀ.ਆਈ.ਡੀ ਵਾਲਿਆਂ ਨੇ ਕਿਹਾ ਕਿ ਇਹ ਓਹੀ ਹੈ ਜਿਹੜਾ ਇਕ ਦਮ ਗਾਇਬ ਹੋ ਜਾਂਦੈ ਦਿਸਦਾ-ਦਿਸਦਾ। ਨਾਮਧਾਰੀ ਕਹਿੰਦੇ ਨੇ, ਕੂਕੇ ਕਹਿੰਦੇ ਨੇ ਕਿ ਜੀ ਇਹ ਤਾਂ ਖਬਰਾਂ ਲੈ ਆਉਂਦੈ ਉਥੋਂ ਜਾ ਕੇ। ਉਹ ਜਿਹੜਾ ਵੱਡਾ ਆਫੀਸਰ ਸੀ ਉਹ ਕਹਿੰਦਾ ਕਿ ਸੁਨਾ ਹੈ ਕਿ ਆਪ ਗਾਇਬ ਹੋ ਜਾਤੇ ਹੋ? ਕਹਿੰਦਾ, ਨਾ ਜੀ, ਗਾਇਬ ਕਿੱਥੇ ਹੋ ਜਾਊਂ। ਬਹੁਤ ਉਹਨੇ ਕਿਹਾ। ਉਹ ਕਹਿੰਦੇ, ਸਾਨੂੰ ਤਾਂ ਪੱਕਾ ਪਤਾ ਲੱਗਿਐ। ਜੇ ਤੇਰੇ ਵਿਚ ਇਹ ਗੱਲ ਹੈ ਤਾਂ ਦਿਖਾ। ਲੋਕਾਂ ਨੂੰ ਤੂੰ ਕਿਉਂ ਝੂਠ ਬੋਲਦੈਂ। ਉਸ ਵੇਲੇ ਜਲਾਲ 'ਚ ਆ ਗਿਆ। ਕਹਿੰਦਾ, ਲੈ ਮੈਂ ਚੱਲਿਆ, ਫੜ ਲੈ। ਤੜੱਕ ਦੇ ਕੇ ਹੱਥਕੜੀਆਂ ਗਿਰ ਗਈਆਂ, ਤੜੱਕ ਦੇ ਕੇ ਬੇੜੀਆਂ ਲਹਿ ਗਈਆਂ। ਉਹ ਸਰੀਰ ਜਿਹੜਾ ਨਜ਼ਰ ਆਉਂਦਾ ਸੀ, ਦੇਖਦੇ-ਦੇਖਦੇ ਗਾਇਬ ਹੋ ਗਿਆ। ਕਹਿੰਦਾ, ਮੈਂ ਚੱਲਿਆ ਹੁਣ ਮਾਂਡਲੇ। ਜਾਹ ਲਾ ਲੈ ਜ਼ੋਰ। ਉਥੇ ਜਦੋਂ ਗਏ, ਬਾਬਾ ਜੀ ਕਹਿਣ ਲੱਗੇ, ਸਿੰਘਾ! ਇਸ ਤਰ੍ਹਾਂ ਨਾ ਕਰਿਆ ਕਰੋ। ਮਨ੍ਹਾ ਕੀਤਾ ਹੋਇਆ ਹੈ ਗੁਰੂ ਸਾਹਿਬ ਨੇ। ਨਹੀਂ ਤਾਂ ਸਾਨੂੰ ਕਿਹੜਾ ਕੈਦ ਕਰਨ ਵਾਲੈ, ਅਸੀਂ ਆਪ ਹੀ ਚਲੇ ਜਾਈਏ। ਹੈ ਕੋਈ?

ਬਾਪੂ ਜੀ ਜਦੋਂ ਸਰੀਰ ਛੱਡਣ ਲੱਗੇ ਤਾਂ ਉਹਨਾਂ ਨੇ ਇਕ ਗੱਲ ਲਾਹੌਰ ਹਾਸਪੀਟਲ 'ਚ ਕਹੀ, ਬਾਬਾ ਲੋਹਗੜ੍ਹੀਆ, ਕਿਸ਼ਨ ਸਿੰਘ ਉਹਨਾਂ ਦਾ ਨਾਉਂ ਸੀ। ਲੋਹਗੜ੍ਹ, ਨਾਰੰਗਵਾਲ ਦੇ ਨਾਲ ਕਿ ਉਹ ਆਇਆ ਨਹੀਂ ਹੈ। ਜਦੋਂ ਬੀਬੀ ਜੀ ਉਹਨੇ ਤੇ ਇਹਨਾਂ ਦੇ ਵੱਡੇ ਭਰਾ ਸਾਰੇ ਥੱਲੇ ਉਤਰੇ ਤਾਂ ਬਾਬਾ ਜੀ ਆ ਗਏ। ਨਾਲ ਫੇਰ ਲੈ ਆਏ ਕਿ ਹਸਪਤਾਲ 'ਚ ਬੈੱਡ ਦਸ ਦੇਈਏ ਕਿ ਕਿੱਥੇ ਹੈ। ਉਹ ਜਦੋਂ ਆਏ ਤਾਂ ਬਾਪੂ ਜੀ ਨੇ ਕਿਹਾ ਕਿ ਤੁਸੀਂ ਬੜੀ ਦੇਰ ਲਾ ਕੇ ਆਏ ਹੋਂ? ਹੱਸ ਪਏ, ਕਹਿੰਦੇ, ਕੀ ਗੱਲ ਤਿਆਰੇ ਕਰ ਲਏ? ਕਹਿੰਦੇ, ਹਾਂ। ਤਿਆਰੇ ਹੋ ਗਏ ਹੁਣ ਸਾਡੇ, ਤੁਹਾਡਾ ਹੀ ਇੰਤਜ਼ਾਰ ਸੀਗਾ। ਹੁਣ ਤੁਸੀਂ ਆਏ ਕਿੱਥੋਂ, ਪਹਿਲਾਂ ਇਹ ਦੱਸੋ? ਕਹਿੰਦੇ, ਮੈਂ ਕਿੱਥੋਂ ਆਉਣਾ ਸੀ, ਜਦੋਂ ਤੁਹਾਡਾ ਸੁਨੇਹਾ ਗਿਆ, ਮੈਂ ਲਾਲਾ ਮੂਸੇ ਸੀਗਾ। ਰਾਵਲਪਿੰਡੀ। ਇਧਰ ਗੱਲ ਹੋ ਰਹੀ ਹੈ ਤੇ ਇਧਰ ਬਾਤ ਪਹੁੰਚ ਰਹੀ ਹੈ। ਰਾਵਲਪਿੰਡੀ ਤੋਂ ਇਕ ਕਦਮ ਭਰ ਕੇ, ਲਾਹੌਰ ਦੇ ਹਸਪਤਾਲ ਦੇ ਅੱਗੇ ਖੜ੍ਹੇ ਨੇ।

ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ, ਨਿਹੰਗ ਟਹਿਲ ਸਿਉਂ ਨਾਲ ਜਾ ਰਿਹੈ, ਗੜਵਾ ਉਹਦੇ ਕੋਲ ਹੈ। ਉਹ ਕਾਫੀ ਤਰਕ ਵਾਲਾ ਬੰਦਾ ਸੀ। ਮੈਂ ਵੀ ਦੇਖਿਆ ਹੈ ਉਸ ਨੂੰ, ਮਿਲਦਾ ਹੁੰਦਾ, ਉਹਨੇ ਹੀ ਮੈਨੂੰ ਸੁਣਾਈ ਸੀ ਇਹ ਗੱਲ। ਕਹਿੰਦੇ, ਅਗਾਂਹਾਂ ਚਿੱਕੜ ਆ ਗਿਆ। ਬਾਬਾ ਜੀ ਕਹਿੰਦੇ, ਓ ਨਿਹੰਗ ਸਿੰਘਾ! ਉਰ੍ਹੇ ਕਰ ਬਾਂਹ। ਬਾਂਹ ਉਰ੍ਹੇ ਕਰੀ ਮੈਂ, ਫੜ ਕੇ ਕਹਿੰਦੇ, ਮਾਰ ਛਾਲ। ਛਾਲ ਮਾਰੀ ਮੈਂ ਤਾਂ ਭਮੱਤਰ ਗਿਆ, ਪਤਾ ਹੀ ਨਾ ਲੱਗੇ ਕਿ ਕੀ ਹੋ ਗਿਆ ਇਹ। ਕਹਿੰਦਾ, ਕਾਹਲੇ-ਕਾਹਲੇ ਬਾਬਾ ਜੀ ਤੁਰੇ ਜਾਂਦੇ ਨੇ। ਮੈਂ ਕਹਿੰਦਾ, ਬੋਲਿਆ ਹੀ ਨਹੀਂ। ਸਮਝ ਨਾ ਆਵੇ ਕਿ ਆਹ ਕੀ ਭਾਣਾ ਹੋ ਗਿਆ। ਮੇਰਾ ਦਿਮਾਗ ਖਰਾਬ ਹੋ ਗਿਆ? ਕੋਈ ਵੀ ਚੀਜ਼ ਸਮਝ ਨਾ ਆਵੇ। ਅੱਗੇ ਜਾ ਕੇ ਰਾਮਗੜ੍ਹ ਉਹਨਾਂ ਦਾ ਇਕ ਪ੍ਰੇਮੀ ਸਿੱਖ ਸੀ ਕਰਤਾਰ ਸਿੰਘ ਨਾਮ ਦਾ। ਉਹਦੇ ਘਰ ਜਾ

ਕੇ, ਮੰਜੇ 'ਤੇ ਬੈਠ ਕੇ, ਉਹਦਾ ਸੀਸ ਚੁੱਕਿਆ ਤੇ ਆਪਣੇ ਪੱਟ 'ਤੇ ਰੱਖ ਕੇ ਕਹਿੰਦੇ, ਕਹੁ ਵਾਹਿਗੁਰੂ-ਕਹੁ ਵਾਹਿਗੁਰੂ। ਦਸ ਵਾਰੀ ਕਹਾਇਆ, ਉਸ ਤੋਂ ਬਾਅਦ ਉਹ ਚੜ੍ਹਾਈ ਕਰ ਗਿਆ। ਸਸਕਾਰ ਕਰਨ ਨਾਲ ਗਏ। ਕਹਿੰਦੇ, ਲਓ ਭਾਈ ਅਸੀਂ ਤਾਂ ਕੀਰਤਨ ਸੋਹਿਲਾ ਪੜ੍ਹਦੇ ਹਾਂ। ਕੀਰਤਨ ਸੋਹਿਲਾ ਪੜ੍ਹ ਲਿਆ। ਕਹਿੰਦੇ, ਜਾਓ ਤੁਸੀਂ ਹੁਣ ਗੁਰਦੁਆਰੇ ਇਸ਼ਨਾਨ ਕਰੋ। ਮਾਇਆ ਪਾ ਦਿਤੀ। ਕਿਸੇ ਨੇ ਵੀ ਨਾ ਪੁਛਿਆ ਕਿ ਬਾਬਾ ਜੀ ਤੁਸੀਂ ਕਦੋਂ ਆਵੋਂਗੇ। ਇਧਰੋਂ ਮੈਨੂੰ ਕਹਿਣ ਲੱਗੇ, ਆ ਬਈ, ਨਿਹੰਗ ਸਿੰਆਂ! ਆਪਾਂ ਚੱਲੀਏ। ਕਹਿੰਦਾ, ਓਥੋਂ ਹੀ ਮੇਰੀ ਬਾਂਹ ਫੜੀ, ਜਿਥੋਂ ਮੈਨੂੰ ਪਹਿਲਾਂ ਫੜਿਆ ਸੀ, ਉਥੇ ਹੀ ਆ ਕੇ ਛਡ ਦਿਤੀ। ਮੈਂ ਹੈਰਾਨ ਕਿ ਮੈਨੂੰ ਸੁਪਨਾ ਆਉਂਦੈ ਕਿ ਮੈਂ ਜਾਗਦਾ ਹਾਂ। ਕੀ ਹੋਇਆ ਇਹ ਭਾਣਾ? ਦੂਜੇ ਦਿਨ ਮੈਂ ਕਥਾ ਕਰਦਾ ਸੀ ਪਾਰਸਭਾਗ ਦੀ। ਉਹਦੇ ਵਿਚ ਆਇਆ ਕਿ ਮਹਾਤਮਾ ਆਪਣਾ ਬਚਨ ਪੂਰਾ ਕਰਨ ਵਾਸਤੇ ਕਦੇ-ਕਦੇ ਸ਼ਕਤੀ ਦਾ ਪ੍ਰਯੋਗ ਕਰ ਲੈਂਦੇ ਨੇ। ਉਹਨਾਂ ਨੇ ਪਾਰਸਭਾਗ ਦੀ ਕਿਤਾਬ 'ਤੇ ਹੱਥ ਰਖ ਦਿਤਾ। ਕਹਿੰਦੇ, ਕੱਲ੍ਹ ਆਹੀ ਗੱਲ ਸੀ, ਕੱਲ੍ਹ ਦਾ ਤੂੰ ਹੈਰਾਨ ਹੁੰਦੈਂ, ਅਸੀਂ ਬਚਨ ਦਿਤਾ ਹੋਇਆ ਸੀ ਕਰਤਾਰ ਸਿੰਘ ਨੂੰ ਕਿ ਅੰਤ ਦੇ ਸਮੇਂ ਅਸੀਂ ਤੇਰੇ ਕੋਲ ਹੋਵਾਂਗੇ, ਫਿਕਰ ਨਾ ਕਰ। ਹੁਣ ਕਹਿੰਦੇ, ਆਪਾਂ ਸੀਗੇ 40 ਮੇਲ 'ਤੇ। ਜੇ ਐਨੀ ਤੇਜ਼ੀ ਨਾ ਕਰਦੇ, ਬਚਨ ਤਾਂ ਝੂਠਾ ਹੋ ਜਾਂਦਾ। ਪਿਆਰਿਆ! ਬਚਨ ਪੂਰਾ ਕਰਨ ਵਾਸਤੇ ਸਾਨੂੰ ਸ਼ਕਤੀ ਵਰਤਣੀ ਪਈ।

ਇਕ ਸੰਤ ਮੋਹਨ ਸਿੰਘ ਜੀ ਸੀ। ਉਹਨੂੰ ਮਸਤਾਨਾ ਕਹਿੰਦੇ ਹੁੰਦੇ, ਨਾਮਧਾਰੀ ਸੀ ਉਹ। ਨਾਮਧਾਰੀ ਮਹਾਂਪੁਰਸ਼ ਬਾਬਾ ਪ੍ਰਤਾਪ ਸਿੰਘ ਜੀ ਗੁਰਦਾਸਪੁਰ ਗਏ ਹੋਏ ਸੀ। ਦੀਵਾਨ ਤੋਂ ਬਾਅਦ ਮਸਤਾਨਾ ਕਹਿਣ ਲੱਗਿਆ, ਸਤਿਗੁਰੂ ਮੈਨੂੰ ਨਾਲ ਲੈ ਚੱਲਿਓ। ਉਹ ਕਹਿੰਦੇ, ਸੀਟ ਤਾਂ ਹੈ ਨਹੀਂ, ਐਵੇਂ ਧੱਕੇ ਨਾਲ ਆਈ ਜਾਨੈ। ਕਹਿੰਦੇ, ਨਾ ਮਹਾਰਾਜ, ਲੈ ਚੱਲੋ, ਲੈ ਚੱਲੋ। ਇਹ ਕਹਿੰਦੇ ਸੀਟ ਨਹੀਂ ਹੈ ਮਸਤਾਨਿਆ, ਸੀਟ ਨਹੀਂ ਹੈ। ਕਹਿੰਦਾ, ਚੰਗਾ ਮਹਾਰਾਜ। ਮੇਰਾ ਫੁਰਨਾ ਸੀ ਕਿ ਮੈਂ ਜਾ ਕੇ ਭੈਣੀ ਸਾਹਿਬ ਕੀਰਤਨ ਕਰਾਂ। ਜਦੋਂ ਭੈਣੀ ਸਾਹਿਬ ਪਹੁੰਚਦੇ ਨੇ। 4 ਘੰਟੇ ਲਗ ਗਏ ਹੋਣੇ। ਹੁਣ ਤਾਂ ਕਾਰਾਂ ਤੇਜ਼ ਨੇ, ਜਦ ਤਾਂ ਐਨੀਆਂ ਤੇਜ਼ ਨਹੀਂ ਸੀ। ਉਥੇ ਜਦੋਂ ਗਏ ਤਾਂ ਦੀਵਾਨ ਲੱਗਿਆ ਹੋਇਐ, ਚੌਂਤਰਾ ਸੀਗਾ ਜਿਥੇ ਦੀਵਾਨ ਲਗਦੇ ਹੁੰਦੇ, ਪਿੱਪਲ ਖੜ੍ਹਾ ਸੀ, ਸ਼ਾਮਿਆਨਿਆਂ ਦੀ ਲੋੜ ਨਹੀਂ ਸੀ। ਆਪ ਨੇ ਪੁਛਿਆ ਕਿ ਮਸਤਨਾ ਕਦੋਂ ਦਾ ਆਇਆ ਹੋਇਐ? ਕਹਿੰਦੇ, ਜੀ ਇਹਨੂੰ ਤਾਂ ਬੜੀ ਦੇਰ ਹੋ ਗਈ। ਤਿੰਨ ਘੰਟੇ ਤਾਂ ਦੀਵਾਨ ਲੱਗੇ ਨੂੰ ਹੋ ਗਏ। ਕਹਿੰਦੇ, ਦੀਵਾਨ ਤੋਂ ਬਾਅਦ ਸਾਡੇ ਕੋਲ ਲਿਆਓ ਇਹਨੂੰ। ਉਥੇ ਗਿਆ ਤਾਂ ਮਹਾਂਪੁਰਸ਼ ਨਰਾਜ਼ ਹੋ ਗਏ। ਹੱਥ 'ਚ ਡੰਡਾ ਸੀ, ਚੰਗੇ ਕਰਾਰੇ ਡੰਡੇ ਲਾਉਣ ਲਗ ਗਏ। ਸਾਰਿਆਂ ਨੇ ਕਿਹਾ, ਮਹਾਰਾਜ! ਇਸ ਤੋਂ ਕੋਈ ਭੁੱਲ ਹੋ ਗਈ। ਕਹਿੰਦੇ, ਹਾਂ ਸਾਨੂੰ ਹੀ ਸ਼ਕਤੀਆਂ ਦਿਖਾਉਂਦੈ। ਪਹਿਲਾਂ ਕਹਿੰਦਾ ਸੀ ਮੈਨੂੰ ਨਾਲ ਲੈ ਚੱਲੋ, ਫੇਰ ਕਹਿੰਦੇ ਇਕ ਡਿੰਗ ਪੁੱਟ ਕੇ ਇਥੇ ਪਹੁੰਚ ਗਿਆ।

ਸੋ ਐਸੀਆਂ ਸ਼ਕਤੀਆਂ ਹੁੰਦੇ ਹੋਏ ਵੀ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਨਹੀਂ ਕੋਈ ਸ਼ਕਤੀ ਦਿਖਾਉਣੀ। ਸਾਮ੍ਹਣਾ ਕਰੋ। ਜਦੋਂ ਤੁਹਾਡੇ ਕੋਲ ਸ਼ਕਤੀ ਹੈ ਪ੍ਰਮੇਸ਼ਰ ਨੇ ਦਿਤੀ -

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ*
*॥ ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥* *ਅੰਗ- ੧੪੧੪*

ਤੁਸੀਂ ਤਾਂ ਦੇਹ ਅਧਿਆਸ ਤੋੜ ਕੇ ਉੱਚੇ ਹੋ ਜਾਣੈ।

ਸੋ ਇਹ ਹਾਲਾਤ ਸੀਗੇ ਜਿਹੜੇ ਅੰਦਰਖਾਤੇ ਵਰਤ ਰਹੇ ਸੀ। ਸਾਡੇ ਵਾਸਤੇ ਇਹ ਸੀ ਕਿ ਗੁਰੂ ਸਾਹਿਬ ਨੂੰ ਤਸੀਹੇ ਦਿਤੇ ਜਾ ਰਹੇ ਨੇ। ਜਿਹੜਾ ਦੁਖੀ ਹੁੰਦੈ, ਉਹ ਹਾਏ-ਹਾਏ ਕਰਦੈ। ਕਿਤੇ ਵੀ ਨਹੀਂ ਲਿਖਿਆ। ਖਿੜੇ ਮੱਥੇ ਲਿਖਿਆ ਹੋਇਐ। ਜਦੋਂ ਵੀ ਕੋਈ ਗੱਲ ਹੋਈ ਹੈ ਨਾਲ ਲਿਖਿਆ ਹੋਇਐ ਕਿ ਉਹ ਬਿਲਕੁਲ ਖਿੜੇ ਮੱਥੇ ਰਹੇ ਨੇ। ਕੋਈ ਸਰਾਪ ਨਹੀਂ ਸੀ ਦੇ ਰਹੇ। ਇਹ ਕੌਤਕ ਸੀ ਜਿਹੜਾ ਉਹਨਾਂ ਦੇ ਹਿੱਸੇ ਆਇਆ ਸੀਗਾ। ਉਹ ਪੂਰਾ ਕਰ ਰਹੇ ਸੀ।

ਜਿਸ ਵਕਤ ਆਪ ਰਾਵੀ ਦੇ ਕੰਢੇ ਜਾਂਦੇ ਨੇ। ਉਥੇ ਆਪ ਨੇ ਸਿੱਖਾਂ ਨੂੰ ਕਿਹਾ ਕਿ ਅਸੀਂ ਤਾਂ ਹੁਣ ਚਲਦੇ ਹਾਂ। ਤੁਸੀਂ ਹੁਣ ਉਥੇ ਜਾ ਕੇ ਦਸ ਦਿਓ। ਆਪ ਨੇ ਸਮਾਧੀ ਲਾ ਲਈ ਉਥੇ ਜਾ ਕੇ। ਪਾਣੀ ਦੇ ਵਿਚ ਟੁੱਭੀ ਮਾਰਦੇ ਨੇ, ਮੁੜ ਕੇ ਨਹੀਂ ਨਿਕਲੇ।

ਡਾ. ਸਵਾਮੀ ਰਾਮ ਜੀ ਦੇਹਰਾਦੂਨ ਵਾਲੇ ਲਿਖਦੇ ਨੇ ਕਿ ਮੇਰੇ ਗੁਰੂ ਨੇ ਕਿਹਾ ਕਿ ਫਲਾਣੇ ਸੰਤਾਂ ਕੋਲ ਜਾ ਕੇ ਆ ਤੂੰ। ਕਹਿੰਦੇ, ਮੈਂ ਉਥੇ ਗਿਆ ਤਾਂ ਉਹਨਾਂ ਸੰਤਾਂ ਨੇ ਪਹਿਲਾਂ ਹੀ ਦੇਖ ਲਿਆ। 9 ਮੀਲ ਪਹਿਲਾਂ ਹੀ ਮੈਨੂੰ ਪ੍ਰਸ਼ਾਦਾ ਭੇਜ ਦਿਤਾ। ਕਹਿੰਦਾ, ਮੈਂ ਹੱਸ ਪਿਆ। ਸੇਵਾਦਾਰ ਕਹਿੰਦਾ ਕਿ ਕੀ ਗੱਲ ਉਹਨਾਂ ਨੇ ਪ੍ਰਸ਼ਾਦਾ ਭੇਜਿਐ ਤੇ ਤੁਸੀਂ ਹੱਸ ਪਏ? ਕਹਿੰਦੇ, ਇਹ ਤਾਂ ਨਿੱਕੀ ਜਿਹੀ ਗੱਲ ਮੈਂ ਇਵੇਂ ਹੀ ਜਾਣਦਾ ਹਾਂ। ਮੈਨੂੰ ਵੀ ਪਤਾ ਸੀ ਕਿ ਪ੍ਰਸ਼ਾਦਾ ਭੇਜ ਰਹੇ ਨੇ ਬਣਾ ਕੇ। ਉਹ sense (ਬੁੱਝ) ਕਰ ਜਾਂਦੇ ਨੇ। ਉਥੇ ਆ ਗਏ, ਆ ਕੇ ਕਹਿਣ ਲੱਗੇ, ਮੈਂ ਤੁਹਾਡੇ ਨਾਲ ਗੱਲ ਕਰਨ ਆਇਆ ਹਾਂ। ਕਹਿੰਦੇ, Mr. You are late. ਹੁਣ ਸਮਾਂ ਨਹੀਂ ਹੈ।

ਕਹਿੰਦੇ, ਕਿਉਂ? ਕਹਿੰਦੇ, ਮੈਂ ਹੁਣ ਜਾ ਰਿਹਾ ਸਰੀਰ ਛੱਡ ਕੇ। ਸਵੇਰੇ ਛੱਡਣੈ। ਹੁਣ ਮੈਂ ਗੱਲਬਾਤ ਨਹੀਂ ਕੋਈ ਵੀ ਕਰਨੀ। ਸਵੇਰਾ ਹੋ ਗਿਆ। ਚੇਲੇ ਆ ਗਏ ਸਾਰੇ। ਸਰੀਰ ਛੱਡ ਦਿਤਾ। ਉਹਨੂੰ ਤਿੰਨ ਮੰਨਦੇ ਸੀ, ਈਸਾਈ, ਮੁਸਲਮਾਨ, ਹਿੰਦੂ। ਮੁਸਲਮਾਨ ਕਹਿੰਦੇ, ਅਸੀਂ ਤਾਂ ਦਫਨਾਉਣੈ, ਈਸਾਈ ਕਹਿਣ ਲੱਗੇ, ਇਹ ਤਾਂ ਸਾਡੇ ਸੰਤ ਨੇ, ਅਸੀਂ ਲੈ ਕੇ ਜਾਣੈ। ਹਿੰਦੂ ਕਹਿੰਦੇ, ਕਮਾਲ ਹੈ ਸਾਡੇ ਸਵਾਮੀ ਨੇ ਇਹ, ਤੁਸੀਂ ਮੱਲੋ-ਮੱਲੀ ਇਹਨਾਂ ਨੂੰ ਈਸਾਈ, ਮੁਸਲਮਾਨ ਬਣਾਈ ਜਾਂਦੇ ਹੋਂ? ਅਸੀਂ ਤਾਂ ਸਸਕਾਰ ਕਰਨੈ। ਵਿਵਾਦ ਸੁਣ ਕੇ ਇਲਾਕਾ ਇਕੱਠਾ ਹੋ ਗਿਆ। ਪੁਲਿਸ ਆ ਗਈ, ਡੀ.ਸੀ ਆ ਗਿਆ, ਐਸ.ਪੀ ਆ ਗਿਆ। ਡੀ.ਸੀ ਬਿਆਨ ਲੈਣ ਲਗ ਗਿਆ ਕਿਸੇ ਦੇ ਸੰਤੋਸ਼ਜਨਕ ਬਿਆਨ ਹੀ ਨਾ। ਕੋਈ ਜਾਣਦਾ ਹੀ ਨਹੀਂ ਸੀ ਕਿ ਇਹ ਕਿਥੇ ਦੇ ਰਹਿਣ ਵਾਲੇ ਨੇ। ਕਹਿੰਦੇ, ਮੈਨੂੰ ਕਹਿਣ ਲੱਗੇ, ਸਵਾਮੀ ਜੀ! ਤੁਸੀਂ ਦੱਸੋ? ਮੈਂ ਕਿਹਾ, ਮੈਂ ਤਾਂ ਅਜੇ ਕੱਲ੍ਹ ਆਇਆਂ ਸ਼ਾਮ ਨੂੰ। ਮੈਂ ਗੱਲ ਕਰਨੀ ਸੀ। ਇਹ ਕਹਿੰਦੇ, ਮੈਂ ਜਾਣੈ। ਫੇਰ ਮੈਂ ਗੱਲ ਹੀ ਨਹੀਂ ਕੋਈ ਕਰੀ। ਕਹਿੰਦੇ, ਮੈਂ ਕਿਹਾ, ਇਹ ਐਵੇਂ ਸਿਆਪਾ ਖੜ੍ਹਾ ਕਰ ਗਿਆ। ਇਹਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਸੀ। ਜਦੋਂ ਮੈਂ ਕਿਹਾ, ਉਠ ਕੇ ਬਹਿ ਗਿਆ ਉਸੇ ਵੇਲੇ। ਕਹਿੰਦਾ, ਕਿਹੜਾ ਸਿਆਪਾ ਖੜ੍ਹਾ ਕਰ ਗਿਆ ਮੈਂ? ਕਹਿੰਦਾ, ਚਲੋ ਈਸਾਈ ਸਾਰੇ, ਬੇਵਕੂਫ ਸਾਰੇ, ਸਾਰੀ ਜ਼ਿੰਦਗੀ ਮੇਰੇ ਬਚਨ ਸੁਣ ਕੇ ਨਿਰਾਰਥ ਕਰ ਦਿਤੇ। ਚਲੋ, ਮੁਸਲਮਾਨ ਵੀ। ਹਿੰਦੂ ਖੁਸ਼ ਹੋ ਗਏ। ਕਹਿੰਦਾ, ਸਭ ਹਿੰਦੂ ਨਿਕਲ ਜਾਓ। ਇਥੇ ਇਕ ਨਾ ਰਹੋ। ਕਹਿਣ ਲੱਗਿਆ, ਮੈਂ ਤੁਹਾਨੂੰ ਸਾਰੀ ਜ਼ਿੰਦਗੀ ਗਿਆਨ ਦਿਤੈ। ਤੁਸੀਂ ਮੇਰੀਆਂ ਵੀ ਵੰਡੀਆਂ ਪਾ ਲਈਆਂ। ਕੋਈ ਮੈਨੂੰ ਮੁਸਲਮਾਨ ਕਹਿੰਦੈ, ਕੋਈ ਈਸਾਈ ਕਹਿੰਦੈ, ਸੰਤਾਂ ਦੀ ਤਾਂ ਕੋਈ ਜਾਤ ਹੀ ਨਹੀਂ ਹੁੰਦੀ। ਜਿਵੇਂ ਰੱਬ ਦੀ ਕੋਈ ਜਾਤ ਨਹੀਂ ਹੈ, ਇਵੇਂ ਸਾਧੂਆਂ ਦੀ ਕੋਈ ਜਾਤ ਪਾਤ ਨਹੀਂ ਹੁੰਦੀ। ਉਹ ਸਾਂਝੇ ਹੁੰਦੇ ਨੇ। ਜੋਤ ਹੁੰਦੇ ਨੇ, ਜੋਤ ਦੀ ਕੀ ਜਾਤ। ਸੂਰਜ ਦੀ ਧੁੱਪ ਦੀ ਕੋਈ ਜਾਤ ਹੈ। ਖੂਹ ਦੇ ਪਾਣੀ ਦੀ ਕੋਈ ਜਾਤ ਹੈ। ਇਵੇਂ ਸੰਤਾਂ ਦੀ ਜਾਤ ਨਹੀਂ ਹੁੰਦੀ।

ਕਹਿੰਦੇ, ਲੈ ਬਈ ਸਵਾਮੀ! ਤੂੰ ਹੁਣ ਮਨ ਭਰ ਕੇ ਗੱਲ ਕਰ ਲੈ। ਮੈਂ ਚਾਰ ਦਿਨ ਹੋਰ ਠਹਿਰਾਂਗਾ। ਕਹਿੰਦੇ, ਫੇਰ ਮੈਂ ਬਹੁਤ ਗੱਲਾਂ ਕਰੀਆਂ। ਉਸ ਤੋਂ ਬਾਅਦ ਕਹਿਣ ਲੱਗੇ, ਅੱਜ ਮੈਂ ਚਲੇ ਜਾਣੈ। ਮੈਂ ਕਿਹ, ਤੁਹਾਡੇ ਚੇਲੇ? ਕਹਿੰਦੇ, ਮੈਂ ਕਿਸੇ ਦੇ ਹੱਥ ਨਹੀਂ ਆਉਣਾ। ਕਿਉਂ? ਹੱਥ ਆਊਂ ਫੇਰ ਰੌਲਾ ਪਾਉਣਗੇ। ਕੋਈ ਮੇਰੀ ਸਮਾਧ ਬਣਾਉ, ਕੋਈ ਮੜੀ ਬਣਾਉ, ਕੋਈ ਕਬਰ ਬਣਾਉ। ਸਭ ਇਹਨਾਂ ਦੇ ਖਾਣ ਪੀਣ ਦੇ ਢੰਗ ਨੇ। ਉਹ ਪੈਸੇ ਇਹਨਾਂ ਨੇ ਆਪ ਹੀ ਖਾ ਜਾਣੇ ਨੇ। ਕੁਝ ਨਹੀਂ ਮੈਂ ਬਣਨ ਦੇਣਾ। ਕਹਿੰਦੇ, ਲੈ ਆਪਾਂ ਇਸ਼ਨਾਨ ਕਰ ਆਈਏ। ਪਾਣੀ ਸੀ ਨਦੀ 'ਚ ਗੋਡੇ-ਗੋਡੇ। ਅਸੀਂ ਬੈਠੇ ਇਸ਼ਨਾਨ ਕਰਦੇ ਸੀ, ਕਹਿੰਦੇ, ਲੈ ਬਈ ਮੈਂ ਤਾਂ ਹੁਣ ਚੱਲਿਆ। ਉਹ ਲੰਮੇ ਜਿਹੇ ਪੈ ਗਏ ਪਾਣੀ 'ਚ। ਮੈਂ ਹੈਰਾਨ ਹੋ ਗਿਆ, ਮੇਰੀਆਂ ਅੱਖਾਂ ਤੋਂ ਓਹਲੇ ਹੋ ਗਏ। ਨਾ ਕਿਤੇ ਰੁੜੇ, ਨਾ ਕਿਤੇ ਗਏ। ਸਰੀਰ ਵੀ ਗੁੰਮ ਕਰ ਲਿਆ।

ਇਕ ਹੋਰ ਬੜੇ ਮਹਾਂਪੁਰਸ਼ ਹੋਏ ਨੇ ਰੋਹਤਕ ਦੇ। ਉਹਨਾਂ ਨੇ ਆਪਣੀ ਕਾਫੀ ਬਾਣੀ ਰਚੀ ਹੈ। ਉਹਨਾਂ ਦੇ ਚੇਲੇ ਇਕ ਵਾਰੀ ਲੜ ਪਏ, ਉਹਨਾਂ ਨੇ ਸਰਾਪ ਦੇ ਦਿਤਾ ਕਿ ਤੁਸੀਂ 50 ਤੋਂ ਉਤੇ ਨਹੀਂ ਵਧੋਂਗੇ। ਮਹਾਤਮਾ ਬਹੁਤ ਵੱਡੇ ਸੀ, 50 ਤੋਂ ਨਹੀਂ ਵਧੇ ਚੇਲੇ। ਜਦੋਂ ਅੰਤ ਸਮਾਂ ਆਇਆ ਤਾਂ ਕਿਹਾ ਕਿ ਤੁਸੀਂ ਮੇਰਾ ਸਰੀਰ ਆਹ ਬੋਹੜ ਦੇ ਥੱਲੇ, ਜਿਥੇ ਮੈਂ ਤਪ ਕਰਦਾ ਰਿਹਾ ਹਾਂ। ਇਹਦੇ ਥੱਲੇ ਬਿਠਾ ਦਿਓ। ਕਹਿੰਦੇ, ਮਹਾਰਾਜ! ਫੇਰ? ਕਹਿੰਦੇ, ਫੇਰ ਕੀ ਹੋਣੈ? ਤੁਹਾਡੀ ਡਿਊਟੀ ਖਤਮ। ਤੁਸੀਂ ਚਲੇ ਜਾਇਓ, ਮੁੜ ਕੇ ਪਿੱਛੇ ਨਾ ਦੇਖਿਓ। ਜਿੰਨੇ ਚੇਲੇ ਸੀ ਉਹਦੇ, ਹੋਰ ਲੋਕ ਜੋ ਇਕੱਠੇ ਹੋਏ ਸੀ, ਸਰੀਰ ਚੁੱਕਿਆ, ਜੜ੍ਹਾਂ ਦੇ ਵਿਚ ਬਿਠਾ ਦਿਤਾ। ਆਪ ਚਲੇ ਗਏ। ਜਦੋਂ ਆਗਾਂਹਾਂ ਗਏ ਤਾਂ ਕੁਝ ਸਿਆਣੇ ਬੰਦੇ ਮਿਲੇ ਉਹ ਕਹਿੰਦੇ, ਓਏ ਭੋਲਿਓ! ਸਾਰੀ ਜ਼ਿੰਦਗੀ ਤੁਸੀਂ ਉਹਨਾਂ ਨੂੰ ਗੁਰੂ ਮੰਨਿਐ ਤੇ ਹੁਣ ਕੁੱਤੇ ਬਿੱਲੇ ਤੁਹਾਡੇ ਗੁਰੂ ਦੇ ਸਰੀਰ ਨੂੰ ਧੂਹੀ ਫਿਰਨਗੇ। ਫਿਰਨਗੇ ਕਿ ਨਹੀਂ? ਗਿਲਝਾਂ ਖਾਣਗੀਆਂ। ਦੇਖ ਲਓਂਗੇ ਤੁਸੀਂ? ਕਹਿੰਦੇ, ਨਾ। ਕਹਿੰਦੇ, ਫੇਰ ਜਾਓ ਮੁੜ ਆਓ, ਸਸਕਾਰ ਕਰੋ ਜਾ ਕੇ, ਦੱਬੋ ਧਰਤੀ 'ਚ। ਕਹਿੰਦੇ, ਉਥੇ ਸਰੀਰ ਹੈ ਹੀ ਨਾ। ਗਾਇਬ ਹੋਇਆ-ਹੋਇਐ। ਉਸ ਤੋਂ ਬਾਅਦ ਹੈਰਾਨ ਹੋ ਗਏ। ਜਦੋਂ ਕੁਝ ਨਾ ਫੈਸਲਾ ਹੋਇਆ ਤਾਂ ਘਰ ਨੂੰ ਤੁਰ ਪਏ। ਬੋਹੜ ਤੋਂ ਥੋੜ੍ਹਾ ਅਗਾਂਹਾਂ ਆਏ 50-60 ਕਦਮ। ਉਹਨਾਂ ਦੀ ਜਿਹੜੀ ਵੈਰਾਗਣ ਸੀ ਉਹ ਧੜਾਕ ਦੇ ਕੇ ਉਹਨਾਂ ਦੇ ਮੂਹਰੇ ਗਿਰ ਗਈ। ਕਹਿੰਦੇ, ਆਹ ਤਾਂ ਬੈਰਾਗਣ ਹੈ ਗੁਰੂ ਜੀ ਦੀ। ਉਹ ਹਾਲੇ ਗੱਲ ਹੀ ਕਰਦੇ ਨੇ। ਉਤੋਂ ਅਸਮਾਨ ਵਿਚੋਂ ਸਾਫਾ ਉਡਿਆ ਆਉਂਦੈ, ਉਹਨਾਂ ਦੀ ਦਸਤਾਰ ਆ ਗਈ। ਕੱਪੜੇ ਜਿਹੜੇ ਦੇ ਕੇ ਆਏ ਸੀ, ਉਹ ਵਾਰੀ-ਵਾਰੀ ਗਿਰਨ ਲਗ ਗਏ। ਹੁਣ ਉਹਨਾਂ ਨੇ ਓਹੀ ਉਹਨਾਂ ਦੀ ਯਾਦਗਾਰ ਰੱਖੀ ਹੋਈ ਹੈ। ਇਹ ਗੱਲਾਂ ਬਾਰੇ ਅਸੀਂ ਕੁਝ ਕਹਿ ਨਹੀਂ ਸਕਦੇ। ਅਸੀਂ ਆਪਣੀ ਅਕਲ ਦੇ ਮੁਤਾਬਿਕ ਸੋਚਦੇ ਹਾਂ। ਮਹਾਂਪੁਰਖਾਂ ਦੀ ਕਿਰਿਆ ਹੁੰਦੀ ਹੈ ਆਪਣੀ। ਉਹ ਕਿਸ ਤਰੀਕੇ ਨਾਲ ਸੰਸਾਰ ਨੂੰ ਮੱਤ ਦੇਣੀ ਚਾਹੁੰਦੇ ਨੇ।

ਗੁਰੂ ਸਾਹਿਬ ਨੇ ਆਪਣਾ ਜੋ ਕੌਤਕ ਕੀਤਾ, ਉਹ ਇਸ ਤਰ੍ਹਾਂ ਹੀ ਸੀ। ਉਸ ਤੋਂ ਬਾਅਦ ਜਹਾਂਗੀਰ ਦੀ

ਬਾਤ। ਜੇ ਜਹਾਂਗੀਰ ਦੀ ਦੁਸ਼ਮਣੀ ਐਨੀ ਹੁੰਦੀ, ਆਪਣੇ ਇਤਿਹਾਸ ਵਿਚ ਲਿਖਿਆ ਹੋਇਐ ਕਿ ਜਿਸ ਵਕਤ ਗੁਰੂ ਸਾਹਿਬ ਨੂੰ ਗੱਦੀ 'ਤੇ ਬਿਠਾਇਆ, ਬਾਬਾ ਬੁੱਢਾ ਜੀ ਨੂੰ ਕਿਹਾ ਕਿ ਬਾਬਾ ਜੀ ਹੁਣ ਮੈਨੂੰ ਖ਼ੂਨ ਦਾ ਤਿਲਕ ਲਾਇਓ, ਬੜੇ ਜ਼ੋਰ-ਜ਼ੋਰ ਨਾਲ ਕਹਿੰਦੇ ਨੇ ਸਾਡੇ ਪ੍ਰਚਾਰਕ। ਬਾਬਾ ਜੀ ਨੇ ਆਪਣੀ ਬਾਂਹ ਦੇ ਉਤੇ ਸ੍ਰੀ ਸਾਹਿਬ ਫੇਰ ਕੇ ਖ਼ੂਨ ਕੱਢਿਆ ਉਹਦਾ ਤਿਲਕ ਲਾਇਆ। ਗੁਰੂ ਸਾਹਿਬ ਨੇ ਉਠ ਕੇ ਕਿਹਾ ਕਿ ਜੇ ਗੰਗਾ ਸਮੁੰਦਰ 'ਚੋਂ ਨਿਕਲ ਕੇ ਪਹਾੜਾਂ 'ਤੇ ਚੜ੍ਹ ਜਾਵੇ, ਸੂਰਜ ਪੱਛਮ ਤੋਂ ਨਿਕਲ ਕੇ ਪੂਰਬ ਵਿਚ ਛਿਪਣ ਲਗ ਜਾਵੇ। ਪਾਣੀ ਠੰਢ ਛੱਡ ਦੇਵੇ। ਅੱਗ ਜਾਲਣਾ ਛੱਡ ਦੇਵੇ। ਸਾਰੀਆਂ ਗੱਲਾਂ ਕਹੀਆਂ, ਬੜੀ ਲੰਮੀ ਵਾਰਤਾ ਹੈ। ਇਹ ਛੱਡ ਦੇਣ ਪਰ ਮੈਂ ਬਦਲਾ ਲਏ ਬਿਨਾਂ ਨਹੀਂ ਛੱਡਣਾ ਕਦੇ ਵੀ।

ਕਿੱਡੀ ਅਣਜਾਣ ਬਾਤ ਹੈ ਇਹ। ਸਰਬ ਕਲਾ ਸਮਰੱਥ ਗੁਰੂ। ਗੁਰਬਾਣੀ 'ਚ ਫੁਰਮਾਨ ਹੈ -

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*
*ਅੰਗ- ੧੩੮੨*

*ਵਵਾ ਵੈਰੁ ਨ ਕਰੀਐ ਕਾਹੂ ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ ॥* *ਅੰਗ- ੨੫੯*

ਇਹੋ ਜਿਹੀਆਂ ਗੱਲਾਂ ਨੇ। ਸਾਡੇ ਮਨ ਇਹੋ ਜਿਹੇ ਨੇ ਕਿ ਅਸੀਂ ਗੁਰੂ ਨੂੰ ਆਪਣੇ ਨਾਲ ਰਲਾ ਲੈਂਦੇ ਹਾਂ। ਅਗਾਂਹਾਂ ਜਾ ਕੇ ਉਵੇਂ ਹੀ ਲਿਖਾਰੀ ਲਿਖਦੇ ਨੇ ਕਿ ਜਹਾਂਗੀਰ ਨੇ ਕਿਹਾ ਕਿ ਮੈਨੂੰ ਬਹੁਤ ਗੁਮਰਾਹ ਕੀਤਾ, ਉਹਦੇ ਕਰਕੇ ਮੇਰੇ ਤੋਂ ਹੁਕਮ ਲੈ ਲਿਆ। ਮਹਾਰਾਜ ਕਹਿੰਦੇ, ਕੋਈ ਨਹੀਂ ਇਹ ਤਾਂ ਦਰਗਾਹ ਦੇ ਫੈਸਲੇ ਹੁੰਦੇ ਨੇ। ਜਿਹੜਾ ਦੋਸ਼ੀ ਹੋਏਗਾ ਉਥੇ ਉਹਨੂੰ ਸਜ਼ਾ ਮਿਲ ਜਾਏਗੀ।

ਉਥੇ ਉਹਦੇ ਜਰਨੈਲਾਂ ਨੂੰ ਸਮੇਤ ਉਸ ਦੇ ਜਦੋਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਆਉਂਦੈ, ਬਹੁਤ ਹੀ ਕੀਮਤੀ ਸਿਰਪਾਓ ਦਿਤੇ। ਜਦੋਂ ਨੂਰਜਹਾਂ, ਮਾਤਾ ਜੀ ਦੇ ਪਾਸ ਜਾਂਦੀ ਹੈ। ਅਫਸੋਸ ਕਰਿਆ ਗੁਰੂ ਅਰਜਨ ਪਾਤਸ਼ਾਹ ਦਾ। ਉਹ ਕਹਿੰਦੇ, ਕੋਈ ਨੀਂ ਉਹ ਤਾਂ ਵਾਹਿਗੁਰੂ ਦਾ ਭਾਣਾ ਸੀ, ਉਹਨਾਂ ਦੀ ਆਪਣੀ ਹੀ ਮੌਜ ਸੀ, ਆਪਣਾ ਹੀ ਭਾਣਾ ਵਰਤਾਇਆ ਹੋਇਆ ਸੀ। ਕਿਸੇ ਦੀ ਸ਼ਕਤੀ ਨਹੀਂ ਸੀ ਕਿ ਉਹਨਾਂ ਨਾਲ ਕੋਈ ਇਸ ਤਰ੍ਹਾਂ ਕਰ ਲੈਂਦਾ। ਉਹਨਾਂ ਨੇ ਸਭ ਤੋਂ ਚੰਗੇ ਜਿਹੜੇ ਵਸਤਰ ਸੀ ਕਸ਼ਮੀਰ ਦੇ, ਉਹ ਉਹਨਾਂ ਨੂੰ ਸਿਰੋਪਾਉ ਦਿਤੇ।

ਹੁਣ ਗੁਰੂ ਘਰ ਦੀ ਵਰਤੋਂ ਕਿੱਥੇ ਹੈ? ਔਰੰਗਜ਼ੇਬ ਨੇ ਚਾਰੇ ਸਾਹਿਬਜ਼ਾਦੇ ਸ਼ਹੀਦ ਕਰ ਦਿਤੇ। ਸ੍ਰੀ ਅਨੰਦਪੁਰ ਸਾਹਿਬ ਨੂੰ ਉਜਾੜ ਦਿਤਾ। ਸਾਰੇ ਸਿੰਘ ਸ਼ਹੀਦ ਕਰ ਦਿਤੇ। ਗੁਰੂ ਮਹਾਰਾਜ ਦਰ-ਬ-ਦਰ ਫਿਰਦੇ ਨੇ। ਪਿੱਛੇ ਫੌਜ ਫਿਰ ਰਹੀ ਹੈ। ਸਾਥੀ ਧੜਾਧੜ ਜਵਾਬ ਦੇਣ ਲੱਗੇ ਹੋਏ ਨੇ। ਡੱਲੇ ਨੇ ਵੀ ਜਵਾਬ ਦੇ ਦਿਤਾ। ਦਰਬਾਰੀ ਘਰਬਾਰੀ ਸਿੰਘ ਨੇ ਵੀ ਦੇ ਦਿਤਾ। ਭਾਈ ਤਿਲੋਕ ਸਿੰਘ ਨੇ ਵੀ ਦੇ ਦਿਤਾ। ਬਹਾਦਰ ਸ਼ਾਹ ਦਾ ਕਾਸ਼ਦ ਆ ਜਾਂਦੈ ਕਿ ਸੱਚੇ ਪਾਤਸ਼ਾਹ! ਮੇਰਾ ਹੱਕ ਹੈ, ਮੇਰੀ ਮਦਦ ਕਰੋ। ਗੁਰੂ ਸਾਹਿਬ ਉਹਦੀ ਮਦਦ ਕਰਕੇ, ਉਹਨੂੰ ਹੀ ਤਖ਼ਤ 'ਤੇ ਬਿਠਾ ਦਿੰਦੇ ਨੇ। ਗੁਰੂ ਘਰ 'ਚ ਤਾਂ ਵੈਰ ਹੀ ਨਹੀਂ ਸਾਧਸੰਗਤ ਜੀ। ਵੈਰ ਨਾਮ ਦੀ ਚੀਜ਼ ਹੀ ਨਹੀਂ ਹੈ ਕਿਉਂਕਿ ਮਨ੍ਹਾ ਕਰ ਦਿਤਾ -

*ਵਵਾ ਵੈਰੁ ਨ ਕਰੀਐ ਕਾਹੂ ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ ॥* *ਅੰਗ- ੨੫੯*

ਇਥੇ ਹੈ ਕੀ? -

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

ਸੋ ਉੱਚਾ ਬਣਾਇਐ ਸਾਨੂੰ। ਇਨਸਾਨ ਐਨਾ ਉੱਚਾ ਬਣਾਇਐ ਜਿਹਨੂੰ ਖ਼ਾਲਸਾ ਕਹਿੰਦੇ ਹਾਂ, ਵਿਸਾਖੀ ਵਾਲਾ ਲੇਖ ਪੜ੍ਹੋ, ਪੰਜਾਬੀ, ਅੰਗਰੇਜ਼ੀ 'ਚ ਲਿਖਿਆ ਹੋਇਆ। ਉਹ ਇਹ ਹੈ ਕਿ ਗੁਰੂ ਸਾਹਿਬ ਨੇ ਮੁਕੰਮਲ ਇਨਸਾਨ ਬਣਾਇਐ। ਨਵੀਂ ਰੀਤ ਨਹੀਂ ਕੋਈ ਚਲਾਈ ਕਿਉਂਕਿ ਉਹਨਾਂ ਨੇ ਪਹਿਲਾਂ ਲਿਖਿਆ ਹੈ ਆਪਣੇ ਹੱਥ ਨਾਲ ਕਿ ਜਿਹੜਾ-ਜਿਹੜਾ ਵੀ ਸਿਆਣਾ ਆਇਆ, ਉਹਨੇ ਆਪਣਾ-ਆਪਣਾ ਧਰਮ ਚਲਾ ਲਿਆ। ਉਹਨੇ ਕੰਠੀ ਪੁਆ ਦਿਤੀ। ਅਸੀਂ ਕਹਿੰਦੇ ਹਾਂ ਤੁਸੀਂ ਵੀ ਤਾਂ ਕ੍ਰਿਪਾਨ ਪੁਆ ਦਿਤੀ। ਜੇ ਉਹਨੇ ਕੰਠੀ ਪੁਆਈ ਹੈ, ਤੁਸੀਂ ਕ੍ਰਿਪਾਨ ਪੁਆ ਦਿਤੀ। ਕ੍ਰਿਪਾਨ ਹੀ ਨਹੀਂ ਪੁਆਈ ਉਹ ਤਾਂ ਪਹਿਲਾਂ ਹੀ ਪਹਿਨੀ ਹੋਈ ਸੀ, ਲੇਕਿਨ ਉਹ ਖੱਤਰੀ ਅੱਡ ਹੋਇਆ-ਹੋਇਆ ਸੀ, ਬ੍ਰਾਹਮਣ ਅੱਡ ਹੋਇਆ, ਵੈਸ਼ ਅੱਡ ਸੀ, ਸ਼ੂਦਰ ਅੱਡ ਸੀ। ਗੁਰੂ ਮਹਾਰਾਜ ਨੇ ਚਾਰਾਂ ਨੂੰ ਇਕੱਠਾ ਕਰਕੇ ਇਕ ਸਰੀਰ ਵਿਚ ਕਰ ਦਿਤਾ। ਉਹ ਵਿਸ਼ੇਸ਼ਤਾ ਨਾਲੋਂ ਅੱਡ ਹੋ ਗਿਆ। ਗੁਰੂ ਮਹਾਰਾਜ ਨੇ ਕਿਹਾ ਕਿ ਹੁਣ ਸਮੁੱਚਤਾ ਹੈ। ਉਹੀ ਕੇਸ ਬ੍ਰਾਹਮਣ ਵਾਲੇ ਨੇ ਜਿਹੜੇ ਉਹਨੇ ਮੁਨਾ ਦਿਤੇ ਸੀ। ਉਹੀ ਰਿਸ਼ੀਆਂ ਵਾਲਾ ਹੈ ਰਹਿਣ ਸਹਿਣ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥* *ਅੰਗ- ੩੦੫*

ਇਥੇ ਹੀ ਬੱਸ ਨਹੀਂ ਕਰੀ, ਇਸ ਮਨੁੱਖ ਨੂੰ ਵਾਹਿਗੁਰੂ ਬਣਾ ਦਿਤਾ -

*ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ।*
*ਪ੍ਰਭ ਮਹਿ ਮੋਹ ਮਹਿ ਤਾਸ ਮਹਿ ਰੰਚਕ ਨਾਹਨ ਭੇਵ।*

ਸੋ ਇਸ ਤਰ੍ਹਾਂ ਦੇ ਨਾਲ ਜੋ ਵੀ ਮਹਾਰਾਜ ਜੀ ਵਲੋਂ ਵਿਚਾਰਾਂ ਆਈਆਂ ਆਪਾਂ ਸਾਂਝੀਆਂ ਕੀਤੀਆਂ। ਬਹੁਤ ਵੱਡੀ ਸਿੱਖਿਆ ਦਾ ਦਿਨ ਹੈ। ਬਹੁਤ ਵੱਡਾ ਮਹਾਰਾਜ ਨੇ ਕੌਤਕ ਕਰਕੇ ਦਿਖਾਇਆ। ਸਾਡੇ ਤੋਂ ਤਾਂ ਸੁਣ ਕੇ ਵੀ ਸਹਿ ਨਹੀਂ ਹੁੰਦਾ। ਪਰ ਉਹਦੇ ਕੁਝ ਪਹਿਲੂ ਜਿਹੜੇ ਗੁਰਮਤਿ ਦੇ ਹਿਸਾਬ ਨਾਲ ਬੈਠਦੇ ਨੇ ਉਹ ਆਪਾਂ ਸਾਂਝੇ ਕੀਤੇ ਨੇ। ਉਹਨਾਂ ਦੇ ਉਤੇ ਬਚਨ ਹੋਏ ਨੇ ਸੋ ਇਹਨਾਂ ਨੂੰ ਵਿਚਾਰੋ ਕਿਉਂਕਿ ਸਾਡਾ ਇਤਿਹਾਸ ਬਹੁਤ ਗਲਤ ਹੋਇਆ ਪਿਐ। ਗੁਰੂਆਂ ਨੂੰ ਅਸੀਂ ਮਨੁੱਖਾਂ ਵਰਗਾ ਬਣਾ ਲਿਆ, ਆਪਣੇ ਵਰਗੇ। ਆਪਣੇ ਵਰਗੇ ਦੁਖ ਸੁਖ। ਜੇ ਤੁਸੀਂ ਸੁਣੋ ਤੁਸੀਂ ਹੈਰਾਨ ਹੋ ਜਾਓਂ ਕਿ ਗੁਰੂ ਨੌਵੇਂ ਪਾਤਸ਼ਾਹ ਨੂੰ ਫੜਨ ਵਾਸਤੇ ਵਰੰਟ ਕੱਢ ਦਿਤੇ ਦਿੱਲੀ ਤੋਂ ਤੇ ਉਥੋਂ ਪਿਆਦੇ ਆ ਗਏ। ਮਾਤਾ ਜੀ ਨੂੰ ਜਦੋਂ ਪਤਾ ਲਗਦੈ ਕਹਿੰਦੇ ਜੀ ਧਾਹਾ ਪਿੰਜਰ ਪੈ ਗਿਆ, ਰੋਈ ਜਾਂਦੇ ਨੇ, ਕੋਈ ਕਿਸੇ ਦੀ ਗੱਲ ਨਹੀਂ ਸੁਣਦਾ, ਚੀਕਾਂ ਮਾਰ-ਮਾਰ ਉੱਚੀ-ਉੱਚੀ ਰੋਂਦੇ ਨੇ ਕਿ ਹੁਣ ਗੁਰੂ ਸਾਹਿਬ ਨੂੰ ਫੜ ਲੈਣਗੇ। ਇਤਿਹਾਸ ਲਿਖਣ ਵਾਲੇ ਨੂੰ ਇਹ ਨਹੀਂ ਪਤਾ ਕਿ ਗੁਰੂ ਮਹਾਰਾਜ ਤਾਂ ਸਰਬ ਕਲਾ ਸਮਰੱਥ ਨੇ। ਇਹਨਾਂ ਦੇ ਉਤੇ ਤਾਂ ਕੋਈ ਵਾਰ ਹੋ ਹੀ ਨਹੀਂ ਸਕਦਾ। ਨਾ ਕੋਈ ਫੜ ਸਕਦੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 13 ਸਾਲ ਪਹਿਲਾਂ ਸ਼ਬਦ ਉਚਾਰਿਆ ਸੀ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥ ਅੰਗ- ੭੨੨*

ਉਹਦੇ 'ਚ ਆਪ ਨੇ ਲਿਖਿਆ ਸੀ -

*ਕਾਇਆ ਕਪੜੁ ਟੁਕੁ ਟੁਕੁ ਹੋਸੀ*
*ਹਿਦੁਸਤਾਨੁ ਸਮਾਲਸੀ ਬੋਲਾ ॥ ਅੰਗ- ੭੨੩*

ਪਹਿਲਾਂ ਦੇਖ ਲਿਆ ਕਿ ਇਥੇ ਤਾਂ ਕਾਇਆ ਦਾ ਜਿਹੜਾ ਕੱਪੜਾ ਹੈ ਉਹ ਟੁਕੜੇ-ਟੁਕੜੇ ਹੋ ਜਾਣੈ, ਬੇਇਜ਼ਤੀ ਹੋਣੀ ਹੈ, ਸ਼ਹਿਰ ਲੁੱਟਿਆ ਜਾਣੈ। 13 ਸਾਲ ਪਹਿਲਾਂ ਗੱਲ ਦਸ ਦਿਤੀ ਸੀ ਮਹਾਰਾਜ ਜੀ ਨੇ। ਜਦੋਂ ਵਾਪਰਿਆ ਉਸ ਵੇਲੇ ਅਰਥ ਦਾ ਅਨਰਥ ਸ਼ੁਰੂ ਹੋ ਗਿਆ ਕਿ ਗੁਰੂ ਸਾਹਿਬ ਨੇ ਰੱਬ ਨੂੰ ਉਲ੍ਹਾਂਭਾ ਦਿਤਾ। 13 ਸਾਲ ਮਹਾਰਾਜ ਚੁੱਪ ਰਹੇ 13 ਸਾਲ ਪਹਿਲਾਂ ਨਹੀਂ ਸੀ ਦੇ ਸਕਦੇ, ਜਦੋਂ ਦੇਖਿਐ, ਉਦੋਂ ਚੁੱਪ ਕਰ ਰਹੇ। ਮਹਾਰਾਜ ਕਹਿੰਦੇ, ਉਹ ਤਾਂ ਇਕ ਭਾਣਾ ਵਰਤਣਾ ਸੀ, ਉਹਦੇ ਮੁਤਾਬਿਕ ਵਰਤਿਐ -

*ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ ੧ ॥*
*ਰਹਾਉ ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥*
*ਅੰਗ- ੩੬੦*

ਇਹ ਗੱਲ ਕਿੱਥੇ ਗਈ। ਬਾਬਰ ਜਦੋਂ ਆਪਣੇ ਕੈਂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਲੈ ਆਇਆ। ਮਹਾਰਾਜ ਨੇ ਕਿਹਾ -

*ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥*
*ਅੰਗ- ੩੬੦*

ਐਡਾ ਬੇਦਰਦ ਸੀ ਤੂੰ, ਪੱਥਰ ਦਿਲ ਸੀ। ਤੈਨੂੰ ਦਰਦ ਨਾ ਆਇਆ ਚੀਕਾਂ ਸੁਣ-ਸੁਣ ਕੇ। ਉਥੇ ਮਹਾਰਾਜ ਅੰਤਰ ਧਿਆਨ ਹੋ ਕੇ ਕਹਿੰਦੇ -

*ਕਰਤਾ ਤੂੰ ਸਭਨਾ ਕਾ ਸੋਈ ॥ ਅੰਗ- ੩੬੦*

ਹੇ ਵਾਹਿਗੁਰੂ! ਤੂੰ ਤਾਂ ਸਾਰਿਆਂ ਦਾ ਹੈਂ। ਫੇਰ ਉਹਨੂੰ ਮੁਖਾਤਬ ਕਰਕੇ ਕਹਿੰਦੇ ਨੇ ਕਿ ਤੇਰੀਆਂ ਫੌਜਾਂ ਲੜ ਰਹੀਆਂ ਸੀਗੀਆਂ, ਸਾਨੂੰ ਕੋਈ ਰੋਸ ਨਹੀਂ ਸੀ। ਵਿਰੋਧੀ ਲੜ ਰਹੇ ਨੇ। ਮੁਗਲ ਪਠਾਨਾਂ ਦੀ ਲੜਾਈ ਹੋ ਰਹੀ ਹੈ। ਪਰ ਪਿਆਰਿਆ! ਮੈਨੂੰ ਇਕ ਗੱਲ ਦਸ, ਜਦੋਂ ਲੋਧੀ ਹਾਰ ਗਏ, ਤੇਰਾ ਰਾਜ ਕੁਝ ਦੇਰ ਠਹਿਰ ਕੇ ਹੋਇਆ ਕਿ ਉਸੇ ਵੇਲੇ ਹੋਇਆ? ਜਦੋਂ ਫੌਜਾਂ ਮੈਦਾਨ 'ਚੋਂ ਨਿਕਲ ਗਈਆਂ, ਦੂਸਰੇ ਰਾਜੇ ਦੇ ਰਾਜ ਦਾ ਉਸੇ ਵੇਲੇ ਝੰਡਾ ਚੜ੍ਹ ਜਾਂਦੈ। ਤੇਰੇ ਹੁੰਦੇ ਹੋਏ ਇਕ ਦਿਨ ਝੰਡਾ ਨਾ ਚੜ੍ਹਿਆ? ਸਭ ਨੂੰ ਪਤੈ ਕਿ ਏਧਰੋਂ ਰਾਜ ਹਟਦੈ, ਦੂਜੇ ਪਾਸੋਂ ਹੋ ਜਾਂਦੈ। ਰਾਜ ਕਦੇ ਗੁਪਤ ਨਹੀਂ ਹੁੰਦਾ, ਉਸੇ ਵੇਲੇ ਝੰਡਾ ਚਾੜ੍ਹਨੈ ਪੈਂਦੈ। ਫੇਰ ਤੇਰਾ ਰਾਜ ਹੋਇਆ ਕਿ ਨਹੀਂ? ਕਹਿੰਦਾ, ਹੋਇਆ। ਫੇਰ ਤੇਰੇ ਸਾਮ੍ਹਣੇ ਨਜਾਇਜ਼ ਗੱਲਾਂ ਹੋਈਆਂ, ਇਹਦੀ ਜਵਾਬ ਤਲਬੀ ਤੇਰੇ ਤੋਂ ਦਰਗਾਹ 'ਚ ਕੀਤੀ ਜਾਏਗੀ।

ਸਾਡੇ ਪੜ੍ਹੇ ਲਿਖੇ ਬੰਦੇ ਕਹਿੰਦੇ ਨੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬ ਨੂੰ ਕਿਹਾ ਕਿ ਤੇਰੀ ਜਵਾਬ ਤਲਬੀ ਹੋਵੇਗੀ। ਕੌਣ ਲਵੇਗਾ ਜਵਾਬ ਤਲਬੀ, ਕੋਈ ਹੈ। ਵੋਟਾਂ ਦਾ ਰਾਜ ਹੈ ਰੱਬ ਕੋਲ ਵੀ? ਕਿ ਅਸੀਂ ਵੋਟਾਂ ਦੇ ਨਾਲ ਲਾਹ ਲਵਾਂਗੇ ਰੱਬ ਨੂੰ ਤਖ਼ਤ ਤੋਂ। ਆਪਣੇ ਮਨ ਦੀ ਮੱਤ ਨਾਲ ਇਹੋ ਜਿਹੀਆਂ ਗੱਲਾਂ ਅਸੀਂ ਕਰਦੇ ਹਾਂ।

ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ। ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਜੋ ਬਚਨ ਕੀਤੇ ਗਏ ਨੇ ਇਹ ਬਿਲਕੁਲ ਨਵੇਂ ਨੇ, ਗੁਰਬਾਣੀ ਦੇ ਚਾਨਣ ਵਿਚ ਨੇ। ਮਹਾਂਪੁਰਸ਼ਾਂ ਦੀਆਂ ਜੀਵਨੀਆਂ ਦੇ ਚਾਨਣ ਵਿਚ ਨੇ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

*(ਵੀਡੀਓ ਫਿਲਮ, ਦੀਵਾਨ ਨੰ: 702)*

# ਅੰਮ੍ਰਿਤੁ ਪੀਵੈ ਅਮਰੁ ਸੋ ਹੋਇ

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ ਸਤਿਨਾਮੁ ਸ੍ਰੀ ਵਾਹਿਗੁਰੂ ਜੀ।

ਅੱਜ ਮੀਡੀਏ ਦਾ ਯੁੱਗ ਹੈ। ਮੀਡੀਏ ਦੇ ਯੁੱਗ ਨੂੰ ਕਲਜੁਗ ਵੀ ਕਿਹਾ ਹੈ, ਪ੍ਰਿੰਟ ਮੀਡੀਆ ਕਿੰਨਾ ਹੈ, ਇਲੈਕਟ੍ਰਾਨਿਕ ਮੀਡੀਆ ਕਿੰਨਾ ਹੈ। ਪਰ ਮਹਾਂਪੁਰਸ਼ਾਂ ਨੇ ਇਸ ਦੀ ਪੂਰੀ ਵਰਤੋਂ ਕੀਤੀ। 'ਆਤਮ ਮਾਰਗ' ਪ੍ਰਿੰਟ ਮੀਡੀਏ ਤੋਂ ਪਹਿਲਾਂ ਇਲੈਕਟ੍ਰਾਨਿਕ ਮੀਡੀਏ ਦੀ ਵਰਤੋਂ ਕਰਕੇ ਦੀਵਾਨਾਂ ਦੀਆ ਫਿਲਮਾਂ ਬਣਾਈਆਂ ਕਿਉਂਕਿ ਵੱਡੇ ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ) ਦਾ 1973 ਦੇ ਵਿਚ ਬਚਨ ਹੋਇਆ ਕਿ ਫਿਲਮਾਂ ਬਣਾ ਕੇ ਪ੍ਰਚਾਰ ਕਰੋ। ਰਾੜਾ ਸਾਹਿਬ ਤੋਂ ਇਹ ਗੱਲ ਚੱਲੀ, ਰਤਵਾੜਾ ਸਾਹਿਬ ਫੇਰ ਇਹ ਫਿਲਮਾਂ ਬਣਨੀਆਂ ਸ਼ੁਰੂ ਹੋਈਆਂ। ਸਾਰੇ ਸੰਸਾਰ ਦੇ ਵਿਚ ਇਸ ਮੀਡੀਏ ਦੇ ਰਾਹੀਂ ਪ੍ਰਚਾਰ ਹੋਇਆ ਕਿਉਂਕਿ ਕਲਜੁਗ ਦੇ ਸਮੇਂ ਵਿਚ ਕੁਸੰਗ ਤਾਂ ਹਰ ਜਗ੍ਹਾ 'ਤੇ ਮਿਲ ਜਾਂਦਾ ਹੈ, ਕਿਤੇ ਵੀ ਦੇਖ ਲਓ, ਹਰ ਇਕ ਦੀ ਮੁੱਠੀ ਵਿਚ ਇਹ ਸੰਸਾਰ ਆ ਗਿਆ ਕਿਉਂਕਿ ਸਾਇੰਸ ਐਨੀ ਤਰੱਕੀ ਕਰ ਗਈ। ਖੋਜ ਤੋੜ-ਤੋੜ ਕੇ ਸਾਇੰਸਦਾਨ ਕਰਦੇ ਨੇ। ਇਲੈਕਟ੍ਰਾਨ, ਨਿਊਟ੍ਰਾਨ, ਪ੍ਰੋਟਾਨ ਦੀ ਸ਼ਕਤੀ ਪ੍ਰਗਟ ਕੀਤੀ। ਇਨ੍ਹਾਂ ਨੇ ਸਭ ਤੋੜ-ਮਰੋੜ ਕੇ ਖੋਜ ਕੀਤੀ ਹੈ। ਪਰ ਏਧਰ ਜੋ ਗੁਰਬਾਣੀ ਹੈ ਇਹ ਜੋੜਦੀ ਹੈ। ਮੀਡੀਏ ਦੀ ਵਰਤੋਂ ਸਹੀ ਢੰਗ ਨਾਲ ਕੀਤੀ ਜਾਵੇ ਤਾਂ ਮਦਦਗਾਰ ਬਣ ਜਾਂਦੀ ਹੈ। ਜੇ ਇਸੇ ਨੂੰ ਗਲਤ ਤਰੀਕਿਆਂ ਲਈ ਵਰਤੀਏ ਤਾਂ ਕਿੰਨੇ ਚੈਨਲ ਚਲਦੇ ਨੇ ਜਿਨ੍ਹਾਂ ਦੇ ਉਤੇ ਤੋੜਨ ਦੀ ਗੱਲ ਚਲਦੀ ਹੈ, ਰਾਗ, ਦਵੈਸ਼ ਦੀ ਗੱਲ ਚਲਦੀ ਹੈ। ਕੋਈ ਵੀ ਨਾਮ ਦੀ ਗੱਲ ਨਹੀਂ ਕਰਦਾ। ਦੂਸਰੇ ਪਾਸੇ ਅਖ਼ਬਾਰ ਕਿੰਨੇ ਰਾਗ ਦਵੈਸ਼ ਨਾਲ ਭਰੇ ਪਏ ਹੁੰਦੇ ਨੇ। ਸਵੇਰ ਵੇਲੇ ਜਦੋਂ ਨਿਤਨੇਮ ਦਾ ਸਮਾਂ ਹੁੰਦਾ ਹੈ, ਆਦਤ ਬਣ ਗਈ, ਬੈਡ ਟੀ ਦੇ ਨਾਲ ਅਖਬਾਰ ਦੀ ਜ਼ਰੂਰਤ ਪੈਂਦੀ ਹੈ ਲੋਕਾਂ ਨੂੰ। ਹੁਣ ਤਾਂ ਹੋਰ ਵੀ ਹੋ ਗਿਆ ਕਿ ਇਹਨੂੰ ਉਡੀਕਣ ਦੀ ਲੋੜ ਨਹੀਂ ਪੈਂਦੀ, ਇੰਟਰਨੈੱਟ 'ਤੇ ਰਾਤ ਨੂੰ 12 ਵਜੇ ਹੀ ਡਾਟਾ ਲੋਡ ਕਰ ਦਿਤਾ ਜਾਂਦਾ ਹੈ ਤੇ ਇਸ ਨੂੰ ਪੜ੍ਹਨਾ ਸ਼ੁਰੂ ਕਰ ਦਿੰਦੇ ਨੇ। ਟੈਸਟ ਕਰਾ ਕੇ ਦੇਖੋ ਅੱਜਕੱਲ੍ਹ ਤਾਂ ਲੈਬੋਰਟਰੀ ਟੈਸਟ ਹੋ ਜਾਂਦੇ ਨੇ। ਬਲੱਡ ਪਰੈਸ਼ਰ ਵਧਾ ਦਿੰਦਾ ਹੈ ਕਿਉਂਕਿ ਇਹਦੇ ਵਿਚ ਬਲਾਤਕਾਰ ਦੀਆਂ, ਚੋਰੀ ਦੀਆਂ, ਡਕੈਤੀ ਦੀਆਂ, ਏਧਰ ਉਧਰ ਦੀਆਂ, ਰਾਗ ਦਵੈਸ਼ ਦੀਆਂ ਬਾਤਾਂ ਹੁੰਦੀਆਂ ਨੇ। ਇਸੇ ਕਰਕੇ ਮਹਾਂਪੁਰਸ਼ਾਂ ਨੇ ਮੀਡੀਏ ਦੀ ਵਰਤੋਂ ਕੀਤੀ, ਪੂਰੇ ਸਹੀ ਢੰਗ ਦੇ ਨਾਲ ਅਪਣਾਅ ਕੇ ਜਿਸ ਨਾਲ ਨਾਮ ਤਕ ਪਹੁੰਚਿਆ ਜਾਵੇ, 'ਆਤਮ ਮਾਰਗ' ਮੈਗਜ਼ੀਨ ਸ਼ੁਰੂ ਕੀਤਾ। ਇਹ ਪ੍ਰਿੰਟ ਮੀਡੀਆ ਹੈ। ਪੜ੍ਹ ਕੇ ਜ਼ਰੂਰ ਦੇਖੋ। ਇਹਨੂੰ ਪੜ੍ਹ ਕੇ ਸ਼ਾਂਤੀ ਮਿਲ ਜਾਂਦੀ ਹੈ, ਕਿਉਂਕਿ ਇਸ ਨੇ ਨਾਮ ਬਾਣੀ ਨਾਲ ਜੋੜਨਾ ਹੈ ਸਾਨੂੰ।

ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦਾ ਗੁਰਗੱਦੀ ਦਿਵਸ 'ਤੇ ਸਤਿਸੰਗ ਹੋ ਰਿਹੈ। ਕਿੰਨੀ ਉਹਨਾਂ ਘਾਲਣਾ ਘਾਲੀ। ਭਾਵੇਂ ਕਿ 71 ਸਾਲ ਦੀ ਉਮਰ ਵਿਚ ਆਪ ਧੰਨ ਸ੍ਰੀ ਗੁਰੂ ਅੰਗਦ ਸਾਹਿਬ ਜੀ ਕੋਲ ਆਏ।

*ਬਰਖ ਬਹੱਤਰ ਭਈ ਆਰਬਲ*
*ਤਬਿ ਆਏ ਸਤਿਗੁਰ ਕੇ ਪਾਸਿ॥ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਪਹਿਲਾਂ 21 ਵਾਰ ਗੰਗਾ 'ਤੇ ਇਸ਼ਨਾਨ ਕਰਨ ਹਰਿਦੁਆਰ ਜਾਂਦੇ ਰਹੇ, ਪਰ ਇਕ ਪੰਡਤ ਦੇ ਨਾਲ ਵਾਹ ਪੈ ਗਿਆ ਜੋ ਕਿ ਕਰਮਕਾਂਡੀ ਸੀ। ਉਸ ਨੇ ਆਪ ਜੀ ਦੀ ਕ੍ਰਿਆ ਵੇਖ ਕੇ ਨਾਲ ਕਾਫੀ ਦਿਨਾਂ ਦਾ ਸਾਥ ਰੱਖਿਆ ਤੇ ਇਕ ਦਿਨ ਅਚਾਨਕ ਗੁਰੂ ਬਾਬਤ ਪੁੱਛਿਆ ਕਿ ਆਪ ਜੀ ਦਾ ਗੁਰੂ ਕੌਣ ਹੈ? ਤਾਂ ਉਸ ਸਮੇਂ ਆਪ ਜੀ ਦੇਆਂ ਨੇਤਰਾਂ ਦੇ ਵਿਚ ਜਲ ਆ ਗਿਆ। ਹੁਣ ਉਸ ਪੰਡਤ ਨੇ ਸੋਚਿਆ ਕਿ ਸ਼ਾਇਦ ਇਹਨਾਂ ਦੇ ਗੁਰੂ ਸਰੀਰਕ ਤੌਰ 'ਤੇ ਵਿਛੋੜਾ ਦੇ ਗਏ ਹੋਣਗੇ। ਧਰਵਾਸ ਦਿਤਾ ਤੇ ਫੇਰ ਪੁੱਛਿਆ, ਕਿਉਂਕਿ ਆਪ ਜੀ ਮੰਤਰ ਦਾ ਜਾਪ ਸੁਣਿਆ ਸੁਣਾਇਆ ਕਰਦੇ ਸਨ। ਖੋੜਸ ਮੰਤਰ ਦੀ ਪੱਕੀ ਮਾਲਾ ਫੇਰਦੇ ਸਨ। ਤੀਰਥ ਯਾਤਰਾ ਵੀ ਕਰਦੇ ਸਨ ਪਰ ਗੁਰੂ ਵਾਲੇ ਨਹੀਂ ਸਨ ਬਣੇ। ਐਨੀ ਉਮਰ ਲੰਘ ਜਾਣ ਦੇ ਬਾਵਜੂਦ ਵੀ ਸਮਾਂ ਨਹੀਂ ਸੀ ਬਣਿਆ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਵੀ ਦਰਸ਼ਨ ਕੀਤੇ ਸਨ। ਪਰ ਜ਼ਿੰਦਗੀ ਦੇ ਵਿਚ ਅਜੇ ਉਹ ਸਮਾਂ ਨਹੀਂ ਸੀ ਆਇਆ। ਪਰ ਅੱਜ ਇਕ ਬਾਣ ਦਾ ਅਸਰ ਹੋਇਆ। ਉਸ ਕਰਮਕਾਂਡੀ ਪੰਡਤ ਨੇ ਤਾਂ ਨੇਮ ਬਣਾਇਆ ਹੋਇਆ ਸੀ ਕਿ ਨਿਗੁਰੇ ਦੇ ਹੱਥੋਂ ਕੁਝ ਛਕਣਾ ਨਹੀਂ। ਕਹਿਣ ਲੱਗਿਆ ਕਿ ਮੇਰਾ ਤਾਂ ਅੱਜ ਧਰਮ ਭ੍ਰਿਸ਼ਟ ਹੋ ਗਿਆ ਕਿ ਮੈਂ ਤੁਹਾਡੇ ਨਾਲ

ਰਹਿ ਕੇ ਛਕਦਾ ਵੀ ਰਿਹਾ, ਘਰ ਵੀ ਆਇਆ। ਐਨੀ ਉਮਰ ਲੰਘਣ ਦੇ ਬਾਵਜੂਦ ਵੀ ਤੁਸੀਂ ਗੁਰੂ ਵਾਲੇ ਨਹੀਂ ਬਣੇ। ਉਸ ਨੇ ਆਪ ਨੂੰ ਬਹੁਤ ਲਾਹਨਤਾਂ ਪਾਈਆਂ ਤੇ ਗੁੱਸੇ ਵਿਚ ਚਲਾ ਜਾਂਦਾ ਹੈ।

ਏਧਰ ਬਾਬਾ ਅਮਰਦਾਸ ਜੀ ਮਹਾਰਾਜ ਸਾਰੀ ਰਾਤ ਜਾਗਦੇ ਰਹੇ। ਵੈਰਾਗ ਵਿਚ ਨੇ ਕਿ ਅਜੇ ਤੱਕ ਗੁਰੂ ਨਹੀਂ ਮਿਲਿਆ। ਉਸ ਸਮੇਂ ਘਰ ਵਾਲਿਆਂ ਨੇ ਸੋਚਿਆ ਕਿ ਸ਼ਾਇਦ ਇਹਨਾਂ ਦਾ ਜੋ ਸਾਥੀ ਸੀ ਉਹ ਚਲਿਆ ਗਿਆ, ਉਹਦੇ ਵਿਜੋਗ ਵਿਚ ਹਨ। ਪਰ ਉਸ ਬਾਣ ਦਾ ਅਸਰ ਆਪ ਦੇ ਮਨ 'ਤੇ ਬਹੁਤ ਗਹਿਰਾ ਪਿਆ।

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥ ਅੰਗ- ੩੨੭*

ਹੁਣ ਐਸਾ ਸ਼ਬਦ ਦਾ ਬਾਨ ਕਿ ਤੂੰ ਨਿਗੁਰਾ ਹੈਂ ਤੇਰੇ ਹੱਥ ਤੋਂ ਖਾ ਕੇ ਆਪਣਾ ਮਜ਼੍ਹਬ ਭ੍ਰਿਸ਼ਟ ਕਰ ਲਿਆ। ਉਹ ਪੰਡਤ ਤਾਂ ਚਲਿਆ ਜਾਂਦਾ ਹੈ ਤੇ ਆਪ ਜੀ ਦੇ ਕੰਨਾਂ ਵਿਚ ਸਾਰੀ ਰਾਤ ਸ਼ਬਦ ਗੂੰਜਦੇ ਨੇ। ਸਾਰੀ ਰਾਤ ਇਸੇ ਵੈਰਾਗ ਵਿਚ ਲੰਘ ਜਾਂਦੀ ਹੈ। ਹੁਣ ਅੰਮ੍ਰਿਤ ਵੇਲਾ ਹੁੰਦਾ ਹੈ। ਘਰ ਦੇ ਵਿਚੋਂ ਨਾਲ ਖੂਹ ਦੇ ਵਿਚੋਂ ਡੋਲ ਖੜਕਣ ਦੀ ਆਵਾਜ਼ ਆਉਂਦੀ ਹੈ। ਦੇਖਿਆ, ਕੋਈ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ ਰਿਹਾ ਹੈ। ਓਧਰ ਜਗਿਆਸਾ ਗਈ। ਕਿਉਂਕਿ ਗੁਰਸਿੱਖ ਦਾ ਫਰਜ਼ ਹੈ। ਉਸ ਸਮੇਂ 'ਚ ਜਦੋਂ ਅੰਮ੍ਰਿਤ ਵੇਲੇ ਉਠ ਕੇ ਨਾਮ ਜਪੇ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਅੰਗ- ੩੦੫*

ਇਸ ਵੇਲੇ ਨੂੰ ਬੜੀ ਮਹਾਨਤਾ ਦਿਤੀ ਹੈ, ਪਰ ਅੱਜ ਸਮਾਂ ਬਦਲ ਗਿਆ। ਅੱਜ ਦਾ ਇਨਸਾਨ ਅੱਧੀ-ਅੱਧੀ ਰਾਤ ਤਕ ਸ਼ੋਸ਼ਲ ਮੀਡੀਏ ਨਾਲ ਜੁੜਿਆ ਹੋਇਆ, ਸੌਂਦਾ ਨਹੀਂ -

*ਨੈਨਹੁ ਨੀਂਦ ਪਰ ਦ੍ਰਿਸਟਿ ਵਿਕਾਰ ॥ ਅੰਗ- ੧੮੨*

*ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ ॥*
*ਅੰਗ- ੧੩੨੯*

ਜਿਹੜਾ ਅੰਮ੍ਰਿਤ ਵੇਲੇ ਨੂੰ ਨਹੀਂ ਸੰਭਾਲਦਾ ਉਹਨੂੰ ਤਾਂ ਇਹ ਕਿਹਾ ਹੈ -

*ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥*
*ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥*
*ਅੰਗ- ੧੩੮੩*

ਜੇ ਇਨਸਾਨ ਭੁੱਲ ਗਿਆ ਪਰ ਪ੍ਰਮੇਸ਼ਰ ਨਹੀਂ ਭੁੱਲਦਾ। ਗੁਰੂ ਨਹੀਂ ਭੁੱਲਦਾ -

*ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥*
*ਅੰਗ- ੬੧*

*ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥*
*ਅੰਗ- ੧੩੮੧*

ਹੁਣ ਆਪਣੇ ਘਰ ਵਿਚੋਂ ਬਾਬਾ ਅਮਰਦਾਸ ਮਹਾਰਾਜ ਜੀ ਨੂੰ ਅਵਾਜ਼ ਸੁਣਾਈ ਦਿਤੀ ਕਿ ਕੋਈ ਇਸ਼ਨਾਨ ਕਰ ਰਿਹਾ ਹੈ -

*ਭਿੰਨੀ ਰੈਨੜੀਐ ਚਾਮਕਨਿ ਤਾਰੇ ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥ ਅੰਗ- ੪੫੯*

ਕਿਉਂਕਿ ਬਾਕੀ ਸਾਰੀ ਦੁਨੀਆਂ ਤਾਂ ਸੁੱਤੀ ਪਈ ਹੈ। ਇਹ ਕੋਈ ਬਹੁਤ ਪਿਆਰੀ ਰੂਹ, ਇਸ ਤਰ੍ਹਾਂ ਦੇ ਨਾਲ ਪ੍ਰਕ੍ਰਿਆ ਹੋ ਰਹੀ ਹੈ। ਫੇਰ ਕੰਨਾਂ ਦੇ ਵਿਚ ਰਸੀਲੀ ਅਵਾਜ਼ ਪਈ ਕਿ ਇਹ ਤਾਂ ਕੋਈ ਗੁਰੂ ਵਾਲੀ ਰੂਹ ਹੈ, ਜਿਹਨੇ ਇਸ਼ਨਾਨ ਕੀਤਾ ਤੇ ਫੇਰ ਇਹ ਸ਼ਬਦ ਸੁਣਾਈ ਦਿਤੇ -

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥*
*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ ੧ ॥*
*ਮਹਲਾ ੨ ॥*
*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਅੰਗ - ੪੬੩*

ਹੋਰ ਬਾਣੀ ਦਾ ਬਾਣ ਲੱਗਿਆ ਕਿ ਮੈਂ ਤਾਂ ਅਜੇ ਗੁਰੂ ਵਾਲਾ ਹੀ ਨਹੀਂ ਬਣਿਆ। ਉਮਰ ਵੀ ਐਨੀ ਵਧੀਕ ਹੋ ਗਈ। ਅੱਗੇ ਹੋਰ ਬਾਣੀ ਬਾਣ ਮਾਰਦੀ ਹੈ। ਉਹ ਪਿਆਰੀ ਰੂਹ ਬੀਬੀ ਅਮਰੋ ਦੀ ਸੁਰੀਲੀ ਅਵਾਜ਼ ਕੰਨਾਂ 'ਚ ਪੈਂਦੀ ਹੈ। ਅੰਦਰ ਦਾ ਵਿਸ਼ਲੇਸ਼ਣ ਚਲਦਾ ਹੈ ਕਿ ਮੈਂ ਤਾਂ ਗੁਰੂ ਵਾਲਾ ਹੀ ਨਹੀਂ ਬਣਿਆ। ਮੇਰੀ ਜ਼ਿੰਦਗੀ 'ਚ ਤਾਂ ਹਨ੍ਹੇਰਾ ਹੀ ਹੈ। ਬਾਹਰ ਭਾਵੇਂ ਕਿੰਨੇ ਹੀ ਚੰਦਰਮਾ ਚੜ੍ਹ ਜਾਣ, ਸੂਰਜ ਚੜ੍ਹ ਜਾਣ। ਪਰ ਗੁਰੂ ਤੋਂ ਬਿਨਾਂ ਤਾਂ ਅਗਿਆਨ ਰੂਪੀ ਘੋਰ ਹਨ੍ਹੇਰਾ ਹੈ। ਫੇਰ ਹੋਰ ਆਵਾਜ਼ ਸੁਣਾਈ ਦਿਤੀ -

*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥ ਅੰਗ - ੪੬੩*

ਹੁਣ ਬੁਆੜ ਤਿਲ ਖੇਤ ਵਿਚ ਕਿਸਾਨ ਛੱਡ ਦਿੰਦਾ ਹੈ। ਬਾਕੀ ਤਿਲਾਂ ਨੂੰ ਸੰਭਾਲ ਲੈਂਦਾ ਹੈ। ਕਿਉਂਕਿ ਉਹਦੇ ਵਿਚ ਤਿਲ ਨਹੀਂ ਹੁੰਦੇ।

*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥*
*ਅੰਗ- ੪੬੩*

ਕਿਉਂਕਿ ਉਹ ਦੇਖਣ ਨੂੰ ਤਾਂ ਭਾਵੇਂ ਦੂਜੇ ਤਿਲਾਂ ਵਰਗੇ ਲਗਦੇ ਨੇ। ਪਰ ਬੁਆੜ ਤਿਲ ਵਿਚ ਸੁਆਹ ਹੁੰਦੀ ਹੈ। ਫੁੱਲ ਵੀ ਚਾਹੇ ਲਗਦਾ ਹੈ, ਪਰ ਵਿਚੋਂ ਸੁਆਹ ਹੀ ਨਿਕਲਦੀ ਹੈ। ਸੋ ਐਸੇ ਬਾਣ ਬਾਣੀ ਦੇ ਵਜ ਰਹੇ ਨੇ।

*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥*

*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥*
*ਅੰਗ- ੪੬੯*

ਹੁਣ ਐਸੀਆਂ ਅਵਾਜ਼ਾਂ ਆਪ ਜੀ ਦੇ ਭਰਾ ਦੀ ਨੂੰਹ ਬੀਬੀ ਅਮਰੋ ਦੇ ਮੁਖਾਰਬਿੰਦ ਤੋਂ ਆਉਂਦੀਆਂ ਹਨ। ਜਦੋਂ ਦਿਨ ਚੜ੍ਹ ਗਿਆ। ਉਸ ਬੀਬਾ ਨੂੰ ਆਪ ਨੇ ਪੁੱਛਿਆ, ਭਾਵੇਂ ਰਿਸ਼ਤੇ ਵਿਚ ਨੂੰਹ ਲਗਦੀ ਸੀ ਕਿ ਕਿੰਨ੍ਹਾਂ ਦੇ ਬਿਸ਼ਨਪਦੇ ਪੜ੍ਹਦੇ ਹੋਂ? ਦਸਿਆ ਕਿ ਕੁਛ ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਨੇ, ਕੁਛ ਮੇਰੇ ਪਿਤਾ ਜੀ ਜੋ ਉਹਨਾਂ ਦੀ ਜਗ੍ਹਾ 'ਤੇ ਬਿਰਾਜਮਾਨ ਹਨ, ਗੁਰੂ ਅੰਗਦ ਸਾਹਿਬ ਪਾਤਸ਼ਾਹ ਜੀ ਦੀ ਇਹ ਬਾਣੀ ਹੈ। ਆਪ ਦੇ ਅੰਦਰ ਜਗਿਆਸਾ ਜਾਗੀ ਕਿ ਮੈਨੂੰ ਉਹਨਾਂ ਦੇ ਕੋਲ ਲੈ ਕੇ ਚਲੋ। ਹੁਕਮ ਸੀ ਬੀਬੀ ਨੂੰ ਕਿ ਵੇਖ ਪੇਕੇ ਘਰ ਤੋਂ ਡੋਲੀ ਜਾਂਦੀ ਹੈ। ਸਹੁਰੇ ਘਰ 'ਚੋਂ ਅਰਥੀ ਜਾਣੀ ਚਾਹੀਦੀ ਹੈ। ਜਦੋਂ ਤਕ ਤੈਨੂੰ ਨਾ ਬੁਲਾਈਏ ਤੂੰ ਆਪਣੇ ਆਪ ਨਹੀਂ ਆਉਣਾ।

ਆਪ ਨੇ ਕਿਹਾ ਕਿ ਮੈਂ ਵੀ ਤੇਰੇ ਪਿਤਾ ਸਮਾਨ ਹਾਂ। ਸਾਰਿਆਂ ਨੇ ਕਿਹਾ ਕਿ ਤੂੰ ਇਹਨਾਂ ਨੂੰ ਲੈ ਕੇ ਜਾ। ਇਹਨਾਂ ਦੀ ਐਸੀ ਹਾਲਤ ਹੋ ਚੁੱਕੀ ਹੈ, ਬਹੁਤ ਵੈਰਾਗਮਈ ਅਵਸਥਾ ਹੈ।

ਬੀਬੀ ਅਮਰੋ ਆਪ ਜੀ ਨੂੰ ਲੈ ਕੇ ਜਾਂਦੀ ਹੈ। ਅੰਦਰ ਜਦੋਂ ਜਾਂਦੀ ਹੈ, ਆਪ ਬਾਹਰ ਖੜ੍ਹੇ ਰਹਿੰਦੇ ਨੇ। ਗੁਰੂ ਅੰਗਦ ਪਾਤਸ਼ਾਹ ਕਹਿੰਦੇ, ਬੀਬਾ! ਜਿਨ੍ਹਾਂ ਨੂੰ ਨਾਲ ਲੈ ਕੇ ਆਈਦੈ ਉਹਨਾਂ ਨੂੰ ਅੰਦਰ ਵੀ ਨਾਲ ਹੀ ਲੈ ਕੇ ਆਉਣਾ ਸੀ।

ਆਪ ਜੀ ਦੇ ਕੰਨਾਂ ਵਿਚ ਜਦੋਂ ਅਵਾਜ਼ ਪਈ ਆਪ ਜੀ ਦਾ ਕੁੜਮ ਜਾਣ ਕੇ ਉਹਨਾਂ ਨੇ ਬਹੁਤ ਸਤਿਕਾਰ ਕੀਤਾ। ਪਰ ਆਪ ਚਰਨਾਂ 'ਤੇ ਢਹਿ ਪਏ, ਸਮਰਪਤ ਹੋ ਗਏ। ਕਿੰਨੀ ਸੇਵਾ ਕੀਤੀ -

*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥*
*ਅੰਗ- ੪੭੪*

ਕਿਉਂਕਿ ਸੇਵਾ ਨੂੰ ਫਲ ਲਗਦਾ ਹੈ। ਐਨੀ ਉਮਰ 'ਚ ਰੋਜ਼ ਬਿਆਸ ਦਰਿਆ ਤੋਂ ਜਲ ਦੀ ਗਾਗਰ ਭਰ ਕੇ ਲਿਆਉਣੀ। ਸ੍ਰੀ ਗੁਰੂ ਅੰਗਦ ਪਾਤਸ਼ਾਹ ਜੀ ਦਾ ਇਸ਼ਨਾਨ ਕਰਾਉਣਾ।

ਅੱਜ ਐਸਾ ਮੀਂਹ ਦਾ ਮੌਸਮ ਹੈ -

*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥*
*ਅੰਗ- ੭੫੭*

ਫੇਰ ਆਪ ਜੀ ਨੇ ਜਦੋਂ ਦੇਖਿਆ ਕਿ ਰਾਤ ਹੈ ਕਿਉਂਕਿ ਪਿੱਠ ਨਹੀਂ ਸੀ ਕਰਦੇ ਗੁਰੂ ਵਲ। ਪਿਛਲੇ ਪੈਰੀਂ ਤੁਰਨਾ ਕਿ ਕਿਤੇ ਪਿੱਠ ਨਾ ਹੋ ਜਾਵੇ। ਹਨ੍ਹੇਰੀ ਤੁਫ਼ਾਨ ਚਲ ਰਿਹਾ ਸੀ। ਰਸਤੇ ਵਿਚ ਜੁਲਾਹੇ ਦੀ ਖੱਡੀ ਸੀ, ਉਸ ਵਿਚ ਡਿੱਗ ਗਏ। ਗਾਗਰ ਪਾਣੀ ਨਾਲ ਭਰੀ ਹੋਈ ਸੀ ਉਧਰੋਂ ਉਹ ਵੀ ਟਪਕਉਆ ਲੱਗਣ ਕਰਕੇ, ਬਾਰਿਸ਼ ਦਾ ਸਮਾਂ ਹੋਣ ਕਰਕੇ ਜਾਗਦੇ ਸਨ। ਜੁਲਾਹਾ ਕਹਿਣ ਲੱਗਿਆ ਕਿ ਐਨਾ ਖੜਕਾ ਹੋਇਆ ਹੈ, ਕੌਣ ਹੈ, ਕੋਈ ਚੋਰ ਹੋਣਾ। ਜੁਲਾਹੀ ਕਹਿਣ ਲੱਗੀ, ਨਹੀਂ ਇਹ ਤਾਂ ਅਮਰੂ ਨਿਤਾਣਾ, ਨਿਥਾਣਾ ਅਮਰੂ ਹੈ, ਕਿੰਨੇ ਹੀ ਨਖਿੱਧ ਅੱਖਰ ਵਰਤੇ। ਇਹ ਕੁੜਮਾਚਾਰੀ 'ਚ ਰਹਿਣ ਵਾਲਾ ਅਮਰੂ ਹੈ, ਇਹ ਕੁੜਮਾਂ ਦੇ ਟੁਕੜਾਂ 'ਤੇ ਪਲਦੈ, ਇਹਨੂੰ ਨਾ ਦਿਨੇ ਚੈਨ ਨਾ ਰਾਤ ਨੂੰ। ਐਸੇ ਬਚਨ ਸੁਣ ਬਾਬਾ ਜੀ ਕਹਿਣ ਲੱਗੇ, ਕਮਲੀਏ! ਜਿਹਦਾ ਥਾਂ ਗੁਰੂ ਦੇ ਚਰਨਾਂ 'ਚ, ਗੁਰੂ ਸਾਹਿਬ ਦੇ ਚਰਨਾਂ 'ਚ ਹੋਵੇ ਉਹ ਨਿਥਾਵਾ ਕਿਵੇਂ ਹੋਇਆ। ਜਿਹਦਾ ਮਾਣ ਗੁਰੂ ਹੋਵੇ ਉਹ ਨਿਮਾਣਾ ਕਿਵੇਂ ਹੋਇਆ। ਇਸ ਤਰ੍ਹਾਂ ਦੇ ਨਾਲ ਜਦੋਂ ਆਪ ਦੇ ਮੁਖ ਤੋਂ ਕਮਲੀ ਬਚਨ ਨਿਕਲ ਗਿਆ। ਉਹ ਕਮਲੀ ਹੋ ਗਈ।

ਫੇਰ ਉਸ ਜੁਲਾਹੀ ਨੂੰ ਗੁਰੂ ਦਰਬਾਰ 'ਚ ਲਿਆਂਦਾ ਗਿਆ। ਮਾਫੀ ਮੰਗੀ ਗਈ। ਗੁਰੂ ਅੰਗਦ ਪਾਤਸ਼ਾਹ ਜੀ ਮਹਾਰਾਜ ਪ੍ਰਸੰਨ ਹੋਏ। ਕਿੱਡੀ ਕ੍ਰਿਪਾ ਕੀਤੀ, ਵਰ ਦਿਤੇ ਆਪ ਨੂੰ ਕਿ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ, ਨਿਗੱਤਿਆਂ ਦੀ ਗਤਿ, ਨਿਪੱਤਿਆਂ ਦੀ ਪੱਤ; ਸਤਿਗੁਰੂ ਜੀ ਨੇ ਆਪਣੀ ਜਗ੍ਹਾਂ 'ਤੇ ਗੁਰੱਤਾ ਗੱਦੀ ਬਖਸ਼ ਦਿਤੀ। ਕਿੱਡੀਆਂ ਰਹਿਮਤਾਂ ਹੋਈਆਂ।

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥*
*ਅੰਗ- ੧੩੩*

ਇਹ ਜਿਹੜਾ ਕਰਮ ਬਣਿਆਂ ਕਿਉਂਕਿ ਕਰਮਾਂ ਕਰਕੇ ਹੀ ਵਿਛੋੜੇ ਪਏ ਨੇ। ਅੱਜ ਅੰਮ੍ਰਿਤ ਵੇਲੇ ਨੂੰ ਭੁੱਲ ਗਏ, ਅੰਮ੍ਰਿਤ ਛਕਣਾ ਭੁੱਲ ਗਏ। ਗੁਰੂ ਵਾਲੇ ਨਹੀਂ ਬਣਦੇ। ਹੋਰ ਮੀਡੀਏ ਦਾ ਐਨਾ ਪ੍ਰਭਾਵ ਪੈ ਗਿਆ ਕਿ ਸਾਨੂੰ ਫਿਕਰ ਪੈ ਗਿਆ। ਆਪਣੇ ਆਪ ਨਾਮ ਨਹੀਂ ਜਪਿਆ ਜਾ ਸਕਦਾ -

*ਸੋ ਹਰਿ ਭਜਨੁ ਸਾਧ ਕੈ ਸੰਗਿ॥* *ਅੰਗ- ੮੯੧*

ਸਾਧੂਆਂ ਦੀ ਸੰਗਤ ਦੇ ਵਿਚ ਰਹਿ ਕੇ ਹੀ ਨਾਮ ਚਲਦਾ ਹੈ ਕਿਉਂਕਿ ਐਸੇ ਸਤਿਪੁਰਸ਼ ਆਪ ਸੇਵਾ ਕਰਦੇ ਨੇ। ਸੇਵਾ ਦੀ ਜਾਚ ਸਿਖਾਉਂਦੇ ਨੇ। ਸਿਮਰਨ ਦੀਆਂ ਜੁਗਤੀਆਂ ਦਸਦੇ ਨੇ। ਕਿੱਡੇ-ਕਿੱਡੇ ਪਰਉਪਕਾਰ ਕਰਦੇ ਨੇ-

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

ਰਸੀਏ ਪੁਰਸ਼ ਦੀ ਸੰਗਤ, ਦੀਦਾਰ ਉਹ ਪੂਰਬਲੇ ਕਰਮ ਜਾਗਣ ਫੇਰ ਪ੍ਰਾਪਤ ਹੁੰਦਾ ਹੈ ਕਿਉਂਕਿ ਸਾਡਾ ਵਿਛੋੜਾ ਪੈ ਗਿਆ। ਕਰਮ ਮਿਟਦੇ ਕਿਵੇਂ ਨੇ? -

*ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ਅੰਗ- ੧੧੯੫*

ਕੋਈ ਚੰਗੇ ਕਰਮ ਜਾਗ ਜਾਂਦੇ ਨੇ ਜਿਸ ਨਾਲ ਸਾਧੂਆਂ ਦਾ ਦੀਦਾਰ ਹੋ ਜਾਂਦੈ। ਉਹਨਾਂ ਦੀ ਸੰਗਤ ਮਿਲ ਜਾਂਦੀ ਹੈ। ਸੇਵਾ ਮਿਲ ਜਾਂਦੀ ਹੈ। ਮਾੜੇ ਕੰਮ ਕਰਕੇ, ਕਰਮ ਕਰਕੇ ਕੁਸੰਗ ਮਿਲਦੀ ਹੈ ਤੇ ਹੋਰ ਪਾਸੇ ਅਸੀਂ ਚਲੇ ਜਾਂਦੇ ਹਾਂ। ਨਾਮ ਬਾਣੀ ਨੂੰ ਭੁੱਲ ਜਾਂਦੇ ਹਾਂ।

ਇਕ ਸ਼ਬਦ ਭਗਤ ਸਧਨਾ ਜੀ ਦਾ ਆਉਂਦਾ ਹੈ। ਜਿਨ੍ਹਾਂ ਦਾ ਪਹਿਲਾ ਜੀਵਨ ਇਕ ਕਸਾਈ ਦਾ ਸੀ। ਬੱਕਰੇ ਵੱਢਣੇ, ਜੀਵਾਂ ਦੇ ਗਲੇ ਕੱਟਣੇ। ਪਰ ਅੱਜ ਮਹਾਂਪੁਰਸ਼ਾਂ ਦੀ ਮੰਡਲੀ ਆਉਂਦੀ ਹੈ ਉਹਨਾਂ ਦੇ ਦੀਦਾਰ ਕਰਨ ਦੇ ਨਾਲ ਹੀ ਐਸਾ ਦੀਦਾਰ ਕੀਤਾ, ਨਾਮ ਚਿਤ ਆਇਆ। ਅੱਗੋਂ ਇਹ ਅਵਾਜ਼ ਕੰਨਾਂ ਵਿਚ ਪਈ ਕਿ ਤੇਰਾ ਕੰਮ ਕਿਹੋ ਜਿਹਾ ਹੈ? ਇਹਦਾ ਲੇਖਾ ਤੈਨੂੰ ਦੇਣਾ ਪੈਣਾ ਹੈ-

*ਸਿਮਰਨੁ ਭਜਨੁ ਦਇਆ ਨਹੀ ਕੀਨੀ*
*ਤਉ ਮੁਖਿ ਚੋਟਾ ਖਾਹਿਗਾ ॥ ੨ ॥*
*ਧਰਮ ਰਾਇ ਜਬ ਲੇਖਾ ਮਾਗੈ*
*ਕਿਆ ਮੁਖੁ ਲੈ ਕੈ ਜਾਹਿਗਾ ॥*
*ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥*

*ਅੰਗ - ੧੧੦੬*

ਸੰਗਤ ਮਿਲੀ। ਟੋਕਰਾ ਚੁੱਕਿਆ ਹੋਇਆ ਸੀ ਸਿਰ 'ਤੇ ਮਾਸ ਦਾ ਭਰਿਆ ਹੋਇਆ। ਇਹ ਆਵਾਜ਼ ਜਦੋਂ ਕੰਨਾਂ 'ਚ ਪਈ, ਬਾਣੀ ਨੇ ਬਾਣ ਮਾਰਿਆ। ਬੇਹੋਸ਼ ਹੋ ਕੇ ਡਿੱਗ ਗਿਆ। ਸਾਧੂਆਂ ਨੇ ਕ੍ਰਿਪਾ ਕੀਤੀ। ਉਠਾਇਆ ਤੇ ਮੰਤਰ ਦੇ ਕੇ ਕਿਹਾ ਕਿ ਤੂੰ ਨਾਮ ਜਪ। ਜੀਵਨ ਬਦਲ ਗਿਆ।

ਅਰਦਾਸ ਕਰੀਏ ਕਿ ਸਾਡੇ ਕਰਮਾਂ ਨੇ ਪ੍ਰਮੇਸ਼ਰ ਨਾਲੋਂ ਵਿਛੋੜਾ ਪਾ ਦਿਤਾ। ਅਸੀਂ ਅੰਮ੍ਰਿਤ ਨਾਲੋਂ ਵੀ ਟੁੱਟ ਗਏ। ਅੰਮ੍ਰਿਤ ਵੇਲਾ ਵੀ ਨਹੀਂ ਸੰਭਾਲਦੇ ਕਿਉਂਕਿ-

*ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥ ਅੰਗ- ੨੮੭*

ਅੰਮ੍ਰਿਤ ਨਹੀਂ ਟੁੱਟਦਾ ਹੁੰਦਾ, ਅੰਮ੍ਰਿਤ ਨਾਲੋਂ ਅਸੀਂ ਟੁੱਟਦੇ ਹਾਂ। ਅੰਮ੍ਰਿਤ ਵੇਲਾ ਨਹੀਂ ਸੰਭਾਲਦੇ, ਨਾਮ ਬਾਣੀ ਦੇ ਨਾਲ ਨਹੀਂ ਜੁੜਦੇ। ਇਸ ਤਰ੍ਹਾਂ ਫੇਰ ਸਾਡੇ ਉਲਟੇ ਕੰਮ ਸ਼ੁਰੂ ਹੋ ਜਾਂਦੇ ਨੇ। ਸਮਾਂ ਕਲਜੁਗ ਦਾ ਹੈ, ਮੀਡੀਏ ਦਾ ਪ੍ਰਭਾਵ ਹੈ। ਇਸ ਕਰਕੇ ਅੱਖਾਂ ਨਾਲ ਦੇਖਣ ਦਾ 84% ਅਸਰ ਸਰੀਰ ਕਬੂਲਦਾ ਹੈ। 14% ਸੁਣ ਕੇ, 1% ਸਪਰਸ਼ ਨਾਲ, 1% ਸੁੰਘ ਕੇ ਨਾਸਕਾ ਨਾਲ। ਬਾਕੀ ਤਾਂ 1% ਪਿੱਛੇ ਰਹਿ ਜਾਂਦਾ ਹੈ। ਇਸ ਤਰ੍ਹਾਂ ਅਸੀਂ ਇਸ ਵਹਿਣ 'ਚ ਵਹਿੰਦੇ ਜਾ ਰਹੇ ਹਾਂ। ਧੰਨ ਨੇ ਮਹਾਂਪੁਰਸ਼ ਜਿਹੜੇ ਸੇਵਾ ਸਿਮਰਨ ਨਾਲ ਜੋੜਦੇ ਨੇ। ਸੋ ਸੇਵਾ ਸਿਮਰਨ ਨਾਲ ਜੁੜੀਏ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ।

*ਵਾਹਿਗੁਰੂ ਜੀ ਕਾ ਖ਼ਾਲਸਾ,ਵਾਹਿਗੁਰੂ ਜੀ ਕੀ ਫ਼ਤਹਿ।*

*(ਪੰਨਾ 10 ਦੀ ਬਾਕੀ)*

***ਮੁਖ ਊਜਲ ਹਰਿ ਦਰਗਹ ਸੋਇ।।***
***ਇਹੁ ਵਾਪਾਰੁ ਵਿਰਲਾ ਵਾਪਾਰੈ।।***
***ਨਾਨਕ ਤਾ ਕੈ ਸਦ ਬਲਿਹਾਰੈ।।***

***ਅੰਗ - ੨੮੩***

ਪਰ ਹੈਰਾਨੀ ਦੀ ਗੱਲ ਹੈ ਕਿ ਵਿਰਲੇ ਹੀ ਐਸੇ ਪੁਰਸ਼ ਹਨ ਜਿਹੜੇ ਅਵਾਜ਼-ਏ-ਹੱਕ ਨੂੰ ਸੁਣਦੇ ਹਨ ਅਤੇ ਦਰਗਾਹ ਲਈ ਪੂੰਜੀ ਬੰਨ੍ਹਦੇ ਹਨ, ਜਿਥੇ ਦੁਨੀਆਂ ਦੀ ਕੋਈ ਚੀਜ਼ ਨਾਲ ਨਹੀਂ ਜਾਂਦੀ ਅਤੇ ਨਾ ਹੀ ਦੁਨਿਆਵੀ ਰਿਸ਼ਤਿਆਂ ਵਿਚੋਂ ਕਿਸੇ ਦਾ ਹੱਥ ਉਥੇ ਅਪੜਦਾ ਹੈ -

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ।।***
***ਹਰਿ ਕਾ ਨਾਮੁ ਊਹਾ ਸੰਗਿ ਤੋਸਾ।।***
***ਜਿਹ ਪੈਡੇ ਮਹਾ ਅੰਧ ਗੁਬਾਰਾ।।***
***ਹਰਿ ਕਾ ਨਾਮੁ ਸੰਗਿ ਉਜੀਆਰਾ।।***
***ਜਹਾ ਪੰਥਿ ਤੇਰਾ ਕੋ ਨ ਸਿਞਾਨੂ।।***
***ਹਰਿ ਕਾ ਨਾਮੁ ਤਹ ਨਾਲਿ ਪਛਾਨੂ।।***
***ਜਹ ਮਹਾ ਭਇਆਨ ਤਪਤਿ ਬਹੁ ਘਾਮ।।***
***ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ।।***
***ਜਹਾ ਤ੍ਰਿਖਾ ਮਨ ਤੁਝੁ ਆਕਰਖੈ।।***
***ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ।।***

***ਅੰਗ - ੨੬੪***

ਗੁਰੂ ਮਹਾਰਾਜ ਜੀ ਦੱਸਦੇ ਹਨ ਕਿ ਪਿਆਰਿਓ! ਅਰਦਾਸ ਕਰੋ ਉਸ ਦੁਨੀਆਂ ਦੇ ਮਾਲਕ ਅੱਗੇ ਜਿਸ ਤੋਂ ਤੁਸੀਂ ਹਉਮੈ ਦੇ ਅਧੀਨ ਹੋਏ ਵਖਰੇ ਹੋ ਚੁੱਕੇ ਹੋਂ। ਹਿਰਦੇ ਤੋਂ, ਬਾਰ-ਬਾਰ ਕਹੋ -

***ਕਰਿ ਕਿਰਪਾ ਪ੍ਰਭ ਆਪਣੀ***
***ਤੇਰੇ ਦਰਸਨ ਹੋਇ ਪਿਆਸ।।***
***ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ***
***ਨਾਨਕ ਕੀ ਅਰਦਾਸਿ।।***

***ਅੰਗ - ੧੩੪***

ਜਿਸ ਦੇ ਮਨ ਵਿਚ ਵਾਹਿਗੁਰੂ ਦਾ ਨਾਮ ਵਸ ਗਿਆ, ਉਸ ਨੂੰ ਇਹ ਅਸਾੜ ਡਰਾਉਣਾ ਤੇ ਤਪਸ਼ ਭਰਿਆ ਨਹੀਂ ਲਗਦਾ, ਉਸਦੇ ਅੰਦਰ ਠੰਢਕ ਦਾ ਵਾਸ ਹੋ ਜਾਇਆ ਕਰਦਾ ਹੈ। ਮਨ ਦੀ ਸ਼ਾਂਤੀ ਐਨੀ ਵਧ ਜਾਂਦੀ ਹੈ ਕਿ ਉਹ ਸਦਾ ਅਨੰਦ ਵਿਚ ਰਹਿੰਦਾ ਹੈ ਅਤੇ ਅਸਾੜ ਦਾ ਮਹੀਨਾ ਹਰ ਤਰ੍ਹਾਂ ਦੇ ਨਾਲ ਉਸਨੂੰ ਸੁਹਾਵਣਾ ਲੱਗਣ ਲੱਗ ਜਾਂਦਾ ਹੈ, ਜਿਸ ਦੇ ਅੰਦਰ ਨਾਮ ਧੁਨ ਹੁੰਦੀ ਹੈ -

***ਅਸਾੜੁ ਸੁਹੰਦਾ ਤਿਸੁ ਲਗੈ***
***ਜਿਸੁ ਮਨਿ ਹਰਿ ਚਰਣ ਨਿਵਾਸ।।***

***ਅੰਗ- ੧੩੪***

# ਆਇਆ ਸਫਲ ਤਾਹੂ ਕੋ ਗਨੀਐ

## (ਮਹਾਂਪੁਰਸ਼ਾਂ ਦੇ ਜਨਮ ਦਿਵਸ (17 ਜੂਨ) ਨੂੰ ਸਮਰਪਿਤ)

*ਭਾਈ (ਡਾ.) ਸੁਖਵਿੰਦਰ ਸਿੰਘ*

*ਆਇਆ ਸਫਲ ਤਾਹੂ ਕੋ ਗਨੀਐ ॥*
*ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥*
*ਆਇ ਬਸਹਿ ਸਾਧੂ ਕੈ ਸੰਗੈ ॥*
*ਅਨਦਿਨੁ ਨਾਮ ਧਿਆਵਹਿ ਰੰਗੇ ॥*
*ਆਵਤ ਸੋ ਜਨੁ ਨਾਮਹਿ ਰਾਤਾ ॥*
*ਜਾ ਕਉ ਦਇਆ ਮਇਆ ਬਿਧਾਤਾ ॥*
*ਏਕਹਿ ਆਵਨ ਫਿਰਿ ਜੋਨਿ ਨ ਆਇਆ ॥*
*ਨਾਨਕ ਹਰਿ ਕੈ ਦਰਸਿ ਸਮਾਇਆ ॥ ਅੰਗ - ੨੫੨*

ਜਦੋਂ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਜੀਵ-ਜੰਤੂ, ਪਸ਼ੂ-ਪੰਛੀ (ਅੰਡਜ, ਜੇਰਜ, ਸੇਤਜ, ਉਤਭੁਜ ਦੇ ਰੂਪ ਵਿਚ) ਬਨਸਪਤੀ ਅਤੇ ਮਨੁੱਖ ਇਤਿਆਦਿਕ ਅਨੇਕਾਂ ਜੂਨੀਆਂ ਹੋਂਦ ਵਿਚ ਆਈਆਂ। ਇਨ੍ਹਾਂ ਸਮੱਸ਼ਟ ਜੂਨੀਆਂ ਵਿਚੋਂ ਮਨੁੱਖਾ ਜਨਮ ਸਭ ਤੋਂ ਉਤਮ ਮੰਨਿਆ ਗਿਆ ਹੈ। ***'ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥*** *(ਅੰਗ-੩੭੪)* ਪਰ ਇਸ ਦੀ ਸਰਦਾਰੀ ਵੀ ਤਾਂਹੀ ਪ੍ਰਵਾਨ ਹੈ ਜੇ ਇਸ ਦੇ ਕਾਰਜਾਂ ਵਿਚ ਦੂਜੀਆਂ ਸ਼੍ਰੇਣੀਆ ਤੋਂ ਨਿਵੇਕਲਾਪਣ ਹੋਵੇ। ਇਸ ਦੀ ਦੂਜੀਆਂ ਸ਼੍ਰੇਣੀਆਂ ਤੋਂ ਵਿਲੱਖਣਤਾ ਹੀ ਇਸ ਦੀ ਸਿਕਦਾਰੀ ਹੈ। ਇਸ ਨੂੰ ਕਰਮ ਅਤੇ ਭੋਗ ਜੂਨੀ ਵੀ ਮੰਨਿਆ ਗਿਆ ਹੈ। ਮਨੁੱਖ ਇਕ ਚੌਰਾਹੇ 'ਤੇ ਖੜ੍ਹਾ ਸਮਝਿਆ ਜਾ ਸਕਦਾ ਹੈ। ਅਲੱਗ-ਅਲੱਗ ਦਿਸ਼ਾਵਾਂ ਦੀ ਚਮਕ ਦਮਕ ਇਸ ਨੂੰ ਪ੍ਰਭਾਵਿਤ ਕਰਨ 'ਚ ਕਸਰ ਨਹੀਂ ਛੱਡਦੀ। ਇਹ ਉਸ ਮਾਇਆ ਦੇ ਪ੍ਰਭਾਵ ਕਾਰਨ ਦਿਸ਼ਾਵਾਂ ਦੀ ਚਮਕ ਦਮਕ ਵਿਚ ਫਸ ਜਾਂਦਾ ਹੈ। ਸਾਰਾ ਜੀਵਨ ਬਿਰਥਾ ਹੀ ਚਲਿਆ ਜਾਂਦਾ ਹੈ। ਪਰ ਇਸੇ ਹੀ ਦੁਨੀਆਂ ਦੇ ਅੰਦਰ ਕੁਝ ਕੁ ਉਤਮ ਆਤਮਾਵਾਂ ਦਾ ਆਉਣਾ ਹੁੰਦਾ ਹੈ। ਇਹ ਉੱਤਮ ਆਤਮਾਵਾਂ ਬਖਸ਼ਿਸ਼ਾਂ ਪ੍ਰਾਪਤ ਕਰਕੇ ਸੰਸਾਰ ਮੰਚ 'ਤੇ ਆਉਂਦੀਆਂ ਹਨ। ਇਨ੍ਹਾਂ ਵੱਡੇ ਮਹਾਂਪੁਰਸ਼ਾਂ ਨੂੰ ਸਾਧੂ, ਸੰਤ, ਮਹਾਤਮਾ, ਬ੍ਰਹਮਗਿਆਨੀ, ਗੁਰਮੁਖ, ਗੁਰਸਿੱਖ ਇਤਿਆਦਿਕ ਨਾਵਾਂ ਨਾਲ ਸਤਿਕਾਰ ਦਿਤਾ ਜਾਂਦਾ ਹੈ ਕਿਉਂਕਿ ਇਹ ਇਨ੍ਹਾਂ ਨਾਵਾਂ ਦੀਆਂ ਅਵਸਥਾਵਾਂ ਤੇ ਪੂਰੀ ਤਰ੍ਹਾਂ ਪੂਰੇ ਉਤਰਦੇ ਹਨ। ਵਿਸ਼ੇਸ਼ ਤੌਰ 'ਤੇ -

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ- ੩੯੭*

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥*
*ਅੰਗ - ੩੧੯*

*ਆਠ ਪਹਰ ਪ੍ਰਭ ਬਸਹਿ ਹਜੂਰੇ ॥*
*ਕਹੁ ਨਾਨਕ ਸੇਈ ਜਨ ਪੂਰੇ ॥ ਅੰਗ - ੨੯੬*

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥*
*ਅੰਗ - ੩੨੦*

ਇਤਿਆਦਿਕ ਅਨੇਕਾਂ ਵਿਸ਼ੇਸ਼ਣਾਂ ਨਾਲ ਇਨ੍ਹਾਂ ਦੇ ਗੁਣਾਂ ਦਾ ਵਿਖਿਆਨ ਹੁੰਦਾ ਹੈ। ਇਨ੍ਹਾਂ ਪਵਿੱਤਰ ਆਤਮਾਵਾਂ ਵਲੋਂ ਤਿੰਨ ਤਰ੍ਹਾਂ ਦੀਆਂ ਘਾਲ ਕਮਾਈਆਂ ਦੀ ਝਲਕ ਇਨ੍ਹਾਂ ਦੇ ਸਮੁੱਚੇ ਜੀਵਨ ਵਿਚੋਂ ਨਿਖਰਦੀ ਹੈ। ਪਿਛਲੇ ਜਨਮਾਂ ਵਿਚ ਕੀਤੀ ਤਪੱਸਿਆ, ਇਸ ਜਨਮ ਵਿਚ ਕੀਤੀ ਮਿਹਨਤ ਅਤੇ ਸਮਰੱਥ ਗੁਰੂ ਦੀ ਬਖਸ਼ਿਸ਼ ਪ੍ਰਾਪਤ ਹੋਣ ਕਰਕੇ ਇਨ੍ਹਾਂ ਨੂੰ ਸਾਧੂ, ਸੰਤ, ਮਹਾਂਪੁਰਸ਼ ਕਿਹਾ ਜਾਂਦਾ ਹੈ। ਦੁਨਿਆਵੀ ਚਮਕ ਦਮਕ ਦੇ ਚੌਰਾਹੇ ਤੋਂ ਇਹ ਮਹਾਂਪੁਰਸ਼ ਕਿਨਾਰਾ ਕਰਕੇ ਆਪਣੇ ਲਖਸ਼ ਵਲ ਵਧਦੇ ਹਨ, ਅਖੀਰ ਉਸ ਮੰਜ਼ਲ ਨੂੰ ਪ੍ਰਾਪਤ ਵੀ ਕਰ ਲੈਂਦੇ ਹਨ ਜਿਸ ਦਾ ਜ਼ਿਕਰ ਆਤਮ ਮਾਰਗ ਮੈਗਜ਼ੀਨ ਦੇ ਮੋਟੋ ਵਿਚ ਵਿਸ਼ੇਸ਼ ਤੌਰ 'ਤੇ ਕੀਤਾ ਗਿਆ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ - ੮੪੬*

ਇਸ ਅਵਸਥਾ ਨੂੰ ਪ੍ਰਾਪਤ ਕਰਕੇ ਇਨ੍ਹਾਂ ਦਾ ਸਮੁੱਚਾ ਜੀਵਨ, ਹੁਕਮ ਦੀ ਕਿਰਿਆ ਕਰਦਾ ਹੋਇਆ, ਲੋਕਾਈ ਦੇ ਭਲੇ ਨੂੰ ਸਮਰਪਣ ਹੁੰਦਾ ਹੈ। ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲਿਆਂ ਦਾ ਸਮੁੱਚਾ ਜੀਵਨ ਉਪਰ ਕਥਨ ਤਿੰਨ ਬਖਸ਼ਿਸ਼ਾਂ ਦੁਆਲੇ ਘੁੰਮਦਾ ਹੈ। ਪਿਛਲੇ ਜਨਮਾਂ ਦੀ ਕੀਤੀ ਤਪੱਸਿਆ, ਇਸ ਜਨਮ ਵਿਚ ਕੀਤੀ ਨਾਮ-ਬਾਣੀ ਦੀ ਕਮਾਈ ਅਤੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਸ਼ਰਨ ਵਿਚ ਰਹਿ ਕਰਕੇ ਸਮਰੱਥ ਗੁਰੂ ਦੀਆਂ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ। ਪਰਉਪਕਾਰੀ ਜੀਵਨ ਦਾ ਇਕੋ ਹੀ ਧੇਅ ਬਣ ਜਾਂਦਾ ਹੈ-ਲੋਕਾਈ ਲਈ ਪਰਉਪਕਾਰ ਕਰਨਾ। ਭਾਈ ਗੁਰਦਾਸ ਜੀ ਦੇ ਬਚਨਾਂ ਅਨੁਸਾਰ -

*ਜਿਉ ਪਾਣੀ ਨਿਵਿ ਚਲਦਾ ਨੀਵਾਣਿ ਚਲਾਇਆ।*
*ਸਭਨਾ ਰੰਗਾਂ ਨੋ ਮਿਲੈ ਰਲਿ ਜਾਇ ਰਲਾਇਆ।*
*ਪਰਉਪਕਾਰੁ ਕਮਾਵਦਾ ਉਨਿ ਆਪੁ ਗਵਾਇਆ।*
*ਕਾਠੁ ਨ ਡੋਬੈ ਪਾਲਿ ਕੈ ਸੰਗਿ ਲੋਹੁ ਤਰਾਇਆ।*
*ਵੁਠੇ ਮੀਹ ਸੁਕਾਲੁ ਹੋਇ ਰਸ ਕਸ ਉਪਜਾਇਆ।*
*ਜੀਵਦਿਆ ਮਰਿ ਸਾਧ ਹੋਇ ਸੁਫਲਿਓ ਜਗਿ ਆਇਆ।*
*ਭਾਈ ਗੁਰਦਾਸ ਜੀ, ਵਾਰ ੯/੨੦*

ਪਿਆਰੇ ਮਹਾਂਪੁਰਸ਼ਾਂ ਦਾ ਜਨਮ 17 ਜੂਨ 1918 ਨੂੰ ਧਮੋਟ (ਜ਼ਿਲਾ ਲੁਧਿਆਣਾ) ਦੀ ਪਾਵਨ ਧਰਤੀ 'ਤੇ ਹੋਇਆ। ਨਗਰ ਨੂੰ ਮਾਣ ਹੈ ਕਿ ਇਥੇ ਮੀਰੀ ਪੀਰੀ ਦੇ ਮਾਲਕ ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਰਨ ਪਾ ਕੇ ਇਸਨੂੰ ਪਵਿੱਤਰ ਕੀਤਾ। ਸਤਿਗੁਰੂ ਦੀਆਂ ਬਖਸ਼ਿਸ਼ਾਂ ਸਦਕਾ ਇਸ ਨਗਰ ਦੇ ਅਨੇਕਾਂ ਸਿੰਘ ਸ਼ਹੀਦ ਵੀ ਹੋਏ ਹਨ। ਹਰ ਖੇਤਰ ਵਿਚ ਨਗਰ ਵਲੋਂ ਮੱਲਾਂ ਮਾਰੀਆਂ ਗਈਆਂ। ਮਹਾਂਪੁਰਸ਼ਾਂ ਨੇ ਜਨਮ ਤੋਂ ਲੈ ਕੇ ਆਪਣੇ ਸਮੁੱਚੇ ਜੀਵਨ ਕਾਲ ਵਿਚ ਗੁਰਮਤਿ ਦੀ ਰਹਿਣੀ ਬਹਿਣੀ ਦੀ ਪਾਲਨਾ ਕੀਤੀ ਅਤੇ ਲੱਖਾਂ ਪ੍ਰਾਣੀਆਂ ਨੂੰ ਗੁਰਮਤਿ ਰਹਿਣੀ ਦ੍ਰਿੜ੍ਹ ਕਰਵਾ ਕੇ ਨਾਮ ਬਾਣੀ ਨਾਲ ਜੋੜਿਆ। ਸਮਾਜ ਦੇ ਹਰ ਖੇਤਰ ਵਿਚ ਵੱਡਮੁੱਲਾ ਯੋਗਦਾਨ ਪਾਇਆ। ਸਮਾਜਿਕ, ਧਾਰਮਿਕ, ਵਿਦਿਅਕ ਅਤੇ ਸਾਹਿਤਕ ਖੇਤਰ ਵਿਚ ਵੱਡੇ ਕਾਰਜ ਕੀਤੇ। ਜੋ ਕਾਰਜ ਅੱਜ ਲੋਕਾਈ ਨੂੰ ਚਾਨਣ ਮੁਨਾਰਾ ਬਣ ਕੇ ਪ੍ਰਕਾਸ਼ਮਾਨ ਕਰ ਰਹੇ ਹਨ। ਅੱਜ ਉਨ੍ਹਾਂ ਦੇ ਜਨਮ ਦਿਨ ਨੂੰ ਯਾਦ ਕਰਦਿਆਂ ਉਨ੍ਹਾਂ ਵਲੋਂ ਕੀਤੇ ਕਾਰਜਾਂ ਦੀ ਫਿਲਮ ਆਪ ਮੁਹਾਰੇ ਅੱਖਾਂ ਸਾਮ੍ਹਣੇ ਚਲ ਪੈਂਦੀ ਹੈ। ਇਹੋ ਜਿਹੀਆਂ ਰੱਬੀ ਰੂਹਾਂ ਬਾਰੇ ਭਾਈ ਨੰਦ ਲਾਲ ਜੀ ਆਪਣੀ ਰਚਨਾ ਵਿਚ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

*ਹਮੇਸ਼ਾਂ ਸੁਹਬਤੇ ਮਰਦਾਨਿ ਹੱਕ ਤਸਬ ਗੋਯਾ।*
*ਕਿ ਤਾਲਬਾਨਿ ਖੁਦਾ ਵਾਸਲਾਨਿ ਅੱਲਾਹ ਅੰਦ।*

ਹੇ ਗੋਯਾ! ਰੱਬ ਦੇ ਮਰਦਾਂ (ਸੰਤਾਂ) ਨੂੰ ਸਦਾ ਹੀ ਲੱਭ, ਜੋ ਰੱਬ ਦੇ ਹੁਕਮ ਵਿਚ ਚਲਦੇ ਹਨ, ਰੱਬ ਦੀ ਇੱਛਾ ਵਾਲੇ ਹਨ ਅਤੇ ਉਨ੍ਹਾਂ ਵਿਚ ਅਭੇਦ ਹਨ। ਸਿੱਖ ਦੀ ਅਰਦਾਸ ਹੈ, ਹੇ ਪ੍ਰਭੂ - 'ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।'

*ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥*
*ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥*
*ਅੰਗ- ੫੨੦*

*ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥*
*ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥*
*ਅੰਗ - ੭੦੧*

ਵੱਡ ਪੁਰਸ਼ਾਂ ਬਾਰੇ ਆਪ ਜੀ ਹੋਰ ਵਿਸਥਾਰ ਵਿਚ ਦਸਦੇ ਹਨ ਕਿ -

*ਹਰ ਕਸ ਕਿ ਜ਼ਿ ਸ਼ੋਕੇ ਤੋ ਕਦਮ ਸਰ ਸਾਖਤ।*
*ਬਰ ਨਹੁ ਤਬਕੇ ਚਰਖ ਅਲਮ ਬਰ ਅਫਰਾਖਤ।*

ਜਿਸ ਵੱਡ ਪੁਰਸ਼ ਨੇ ਤੇਰੇ ਸ਼ੋਕ ਵਿਚ ਆਪਣੇ ਸਿਰ ਨੂੰ ਪੈਰ ਬਣਾਇਆ ਹੈ, ਉਸ ਨੇ ਨੌਂ ਖੰਡਾਂ ਦੀ ਧਰਤੀ ਤੇ ਅਕਾਸ਼ ਉਪਰ ਝੰਡਾ ਝੁਲਾਇਆ ਹੈ।

*ਸ਼ਦ ਆਮਦਨਸ਼ ਮੁਬਾਰਕੇ ਰਫਤਨ ਹਮ*
*ਗੋਯਾ ਆਂ ਕਸ ਕਿ ਰਾਹੇ ਹਕ ਰਾ ਬਿਸਨਾਖਤ।*

ਇਸ ਜਗਤ ਵਿਚ ਉਸ ਦਾ ਆਉਣਾ ਤੇ ਜਾਣਾ (ਜੰਮਣਾ ਤੇ ਮਰਨਾ) ਭੀ ਮੁਬਾਰਿਕ ਹੋਇਆ ਕਰਦਾ ਹੈ। ਨੰਦ ਲਾਲ! ਉਸ ਪੁਰਸ਼ ਦਾ ਜਿਸ ਨੇ ਸੱਚ ਨੂੰ ਪਛਾਣਿਆ ਹੈ।

*ਦਰ ਦਹਰ ਕਿ ਮਰਦਾਨੇ ਖ਼ੁਦਾ ਆਮਦਹ ਅੰਦ।*
*ਬਰ ਗੁਮ ਸ਼ੁਦ ਗਾਂ ਰਹਿਨੁਮਾ ਆਮਵਹ ਅੰਦ।*

ਇਸ ਜਗਤ ਵਿਚ ਜੋ ਰੱਬ ਦੇ ਬੰਦੇ (ਸੰਤ) ਮਹਾਤਮਾ ਜਨ ਆਏ ਹਨ, ਉਹ ਰਾਹ ਤੋਂ ਭੁੱਲੇ ਹੋਏ ਜੀਵਾਂ ਨੂੰ ਸਿੱਧਾ ਰਸਤਾ ਵਿਖਾਉਣ ਲਈ ਆਏ ਹਨ।

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ - ੧੩੭੩*

*ਗੋਯਾ ਅਗਰਈਂ ਚਸ਼ਮੇ ਤੋ ਮੁਸ਼ਤਾਕਿ ਅਸਤ।*
*ਮਰਦਾਨੇ ਖ਼ੁਦਾ ਖ਼ੁਦਾ ਨੁਮਾ ਅਮਦਹ ਅੰਦ।*

ਹੇ ਨੰਦ ਲਾਲ! ਜੇਕਰ ਤੇਰੀਆਂ ਇਹ ਅੱਖਾਂ (ਰੱਬ ਨੂੰ ਵੇਖਣ ਦੀ) ਇੱਛਾ ਵਾਲੀਆਂ ਹਨ (ਤਾਂ ਇਹ ਜਾਣ ਲੈ ਜੋ) ਮਹਾਤਮਾ ਪੁਰਸ਼ ਰੱਬ ਦਾ ਹੀ ਰੂਪ ਹੋ ਕੇ ਆਏ ਹਨ।

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ- ੩੯੭*

*ਆਸਮਾਂ ਸਿਜਦਹ ਕੁਨਦ ਪੇਸ਼ਿ ਜ਼ਿਮੀਨੇ ਕਿ ਬਰੋਂ।*
*ਯਕ ਦੁ ਕਸ਼ ਅਜ਼ ਪੈ ਅਜ਼ਕਾਰਿ ਖ਼ੁਦਾ ਬਿਨਸ਼ੀਨੰਦ।*

ਅਕਾਸ਼ ਧਰਤੀ ਦੇ ਅੱਗੇ ਸਿਜਦਾ ਕਰਦਾ ਹੈ ਕਿਉਂ ਜੋ ਉਸ ਦੇ ਉਤੇ ਰੱਬ ਦਾ ਸਿਮਰਨ ਕਰਨ ਵਾਲੇ ਬੈਠੇ ਹੋਏ ਹਨ।

*ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥*
*ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ ॥*
*ਅੰਗ- ੧੩੭੫*

*ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਅੰਗ - ੨੨੪*

*ਜ਼ੇਰਿਸਾਯਾ ਏ ਤੂਬਾ ਮੁਰਾਦਹਾ ਯਾਬੀ।*
*ਬ ਜ਼ੇਰਿ ਸਾਯਾਇ ਮਰਦਾਨਿ ਹਕ ਖ਼ੁਦਾ ਯਾਬੀ।*

ਕਲਪ ਬ੍ਰਿਛ ਦੇ ਪਰਛਾਵੇਂ ਹੇਠਾਂ ਤੂੰ ਮੁਰਾਦਾਂ ਪਾਵੇਂਗਾ ਪਰ ਸੰਤਾਂ ਦੇ ਪਰਛਾਵੇਂ ਹੇਠਾਂ ਤੂੰ ਵਾਹਿਗੁਰੂ ਨੂੰ ਪਾਵੇਂਗਾ।

ਮਹਿਮਾ ਪ੍ਰਕਾਸ਼ ਵਿਚ ਫੁਰਮਾਨ ਹੈ -

*ਸਭ ਜਗ ਮਾਇਆ ਮੋਹਿਆ ਨਹੀ ਜਾਨੈ ਮਹਿਮਾ ਸੰਤ।*
*ਬਡਭਾਗੀ ਜਗ ਮੈ ਕੋਈ ਭੇਟੇ ਸੰਤ ਅਨੰਤ।*

ਸਾਰਾ ਜਗਤ ਮਾਇਆ ਨੇ ਮੋਹਿਆ ਹੈ ਪਰ ਰੱਬ ਦੇ ਪਿਆਰੇ ਮਾਇਆ ਤੋਂ ਨਿਰਲੇਪ ਹਨ। ਤਾਹੀਉਂ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਆਪ ਜੀ ਨਾਲ ਪਹਿਲੀ ਮਿਲਣੀ ਵਿਚ ਅਗੰਮੀ ਬਚਨ ਕੀਤਾ ਕਿ ਅੱਜ ਸੋਹਾਗਣ ਨੂੰ ਸੋਹਾਗਣ ਮਿਲੀ ਹੈ ਕਿਉਂਕਿ ਆਪ ਜੀ ਨੇ ਜੀਵਨ ਦੇ ਅਸਲੀ ਮਨੋਰਥ ਅਤੇ ਇਸ ਦੀ ਮੰਜ਼ਲ ਦਾ

ਜ਼ਿਕਰ ਥੋੜ੍ਹੇ ਸ਼ਬਦਾਂ ਵਿਚ ਪ੍ਰਗਟਾ ਦਿਤਾ ਸੀ।

ਉਪਰੋਕਤ ਵਿਚਾਰਾਂ ਦੀ ਰੂਪਮਾਨਤਾ ਪਿਆਰੇ ਮਹਾਂਪੁਰਸ਼ਾਂ ਦੇ ਸਮੁੱਚੇ ਜੀਵਨ ਵਿਚ ਝਲਕਾਰੇ ਮਾਰਦੀ ਨਜ਼ਰ ਆਉਂਦੀ ਹੈ। ਆਪ ਜੀ ਦੇ ਜੀਵਨ ਸਬੰਧੀ ਵਿਸਥਾਰ ਸਹਿਤ ਪਿਛਲੇ ਸਾਲਾਂ ਦੇ ਆਤਮ ਮਾਰਗ ਦੇ ਕਈ ਅੰਕਾਂ ਵਿਚ ਵਰਨਣ ਆ ਚੁੱਕਾ ਹੈ। ਇਸ ਲੇਖ ਵਿਚ ਕੇਵਲ ਜੀਵਨ ਦੇ ਧੇਯ ਅਤੇ ਉਸ ਦੀਆਂ ਮੰਜ਼ਲਾਂ ਅਤੇ ਆਪ ਦੀ ਰੂਹਾਨੀ ਅਵਸਥਾ ਦਾ ਜ਼ਿਕਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਵੇਂ ਵੱਡ ਪੁਰਸ਼ਾਂ ਦੇ ਜੀਵਨ ਬਾਰੇ ਕਲਜੁਗੀ ਅਲਪੱਗ ਜੀਵ ਕੁਝ ਵੀ ਨਹੀਂ ਬਿਆਨ ਕਰ ਸਕਦਾ। ਪਰ ਪਵਿੱਤਰ ਗੁਰਬਾਣੀ ਦੇ ਇਸ਼ਾਰੇ ਅਤੇ ਭਾਈ ਨੰਦ ਲਾਲ ਜੀ, ਭਾਈ ਗੁਰਦਾਸ ਜੀ ਵਰਗੇ ਗੁਰੂ ਨਾਲ ਇਕਮਿਕ ਹੋਈਆਂ ਰੂਹਾਂ ਦੇ ਪ੍ਰਗਟਾਵੇ ਤੋਂ ਸਹਿਜੇ ਹੀ ਆਪ ਜੀ ਦੇ ਜੀਵਨ ਦੇ ਝਲਕਾਰੇ ਸਪੱਸ਼ਟ ਨਜ਼ਰ ਆਉਂਦੇ ਹਨ। ਰੱਬ ਦੇ ਪਿਆਰਿਆਂ ਵਿਚ ਰੱਬ ਨੇ ਆਪਣੇ ਬੋਲ ਹੀ ਪਾਏ ਹੁੰਦੇ ਹਨ।

*ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥*
*ਨਾਨਕ ਜਨ ਕਾ ਦਾਸਨਿ ਦਸਨਾ ॥ ਅੰਗ - ੨੬੩*

ਗੁਰਮਤਿ ਦੇ ਚਾਨਣ ਵਿਚ ਆਏ ਵੀਚਾਰਾਂ ਅਤੇ ਆਪ ਜੀ ਦੇ ਸਮੁੱਚੇ ਜੀਵਨ ਵਿਚ ਕੀਤੇ ਪਰਉਪਕਾਰੀ ਕਾਰਜਾਂ ਤੋਂ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਜੀ ਦਾ ਆਉਣਾ ਇਸ ਸੰਸਾਰ ਵਿਚ ਸਫਲ ਸੀ।***'ਆਇਆ ਸਫਲ ਤਾਹੂ ਕੋ ਗਨੀਐ ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ '***

ਆਪ ਜੀ ਨੇ ਥੋੜ੍ਹੇ ਸਮੇਂ ਵਿਚ ਹੀ ਇਕ ਵਿਅਕਤੀ ਦੇ ਰੂਪ ਨਹੀਂ ਸਗੋਂ ਇਕ ਸੰਸਥਾ ਬਣ ਕੇ ਵੱਡੇ ਕਾਰਜ ਕੀਤੇ। ਇਨ੍ਹਾਂ ਸਮੁੱਚੇ ਕਾਰਜਾਂ ਵਿਚ ਸਤਿਕਾਰਯੋਗ ਮਾਤਾ ਜੀ ਦਾ (ਜੀਵਨ ਸਾਥੀ ਪਿਆਰੇ ਮਹਾਂਪੁਰਸ਼) ਵਿਸ਼ੇਸ਼ ਵੱਡਮੁੱਲਾ ਯੋਗਦਾਨ ਰਿਹਾ ਹੈ। ਆਪ ਜੀਆਂ ਵਲੋਂ ਕੀਤੇ ਕਾਰਜ ਸਦਾ ਹੀ ਬੋਲਦੇ ਰਹਿਣਗੇ। ਆਪ ਜੀ ਕਿਤੇ ਨਹੀਂ ਗਏ, ਆਪਣੇ ਪਿਆਰਿਆਂ ਦੇ ਅੰਗ ਸੰਗ ਹਨ।

ਮਹਾਂਪੁਰਸ਼ ਉਸ ਠੰਡੇ, ਸ਼ਾਂਤ ਚਸ਼ਮਿਆਂ ਵਾਂਗੂੰ ਹੁੰਦੇ ਹਨ ਜੋ ਤਪਦੇ ਮਾਰੂਥਲ ਵਿਚ ਵਗਦੇ ਹੋਏ, ਸਾਰੀ ਬਨਸਪਤੀ, ਜਲਵਾਯੂ ਨੂੰ ਠੰਡਕ ਅਤੇ ਸ਼ਾਂਤੀ ਪ੍ਰਦਾਨ ਕਰਦੇ ਹਨ। ਆਪ ਜੀ ਨੇ ਨਾਮ ਬਾਣੀ ਨਾਲ ਸਰਸ਼ਾਰ ਹੋ ਕੇ ਦੇਸ਼-ਵਿਦੇਸ਼ ਦੀਆਂ ਅਨੇਕਾਂ ਸੰਗਤਾਂ ਨੂੰ ਇਸ ਗੁਰਬਾਣੀ ਰੂਪੀ ਚਸ਼ਮੇਂ ਨਾਲ ਜੋੜਿਆ। ਆਪ ਜੀ ਪਿਆਰ ਅਤੇ ਵੈਰਾਗ ਵੰਡਦੇ ਹੋਏ ਅੱਜ ਵੀ ਇਸ ਦੀ ਪੂਰਤੀ ਕਰਦੇ ਨਜ਼ਰ ਆ ਰਹੇ ਹਨ। ਇਸੇ ਹੀ ਤਾਂਘ ਵਿਚ ਸਾਡੀ ਅਰਦਾਸ ਹੈ-

*ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥*
*ਦਰਸਨੁ ਹਰਿ ਦੇਖਣ ਕੈ ਤਾਈ ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ*
*ਹਰਿ ਹਰਿ ਨਾਮੁ ਧਿਆਈ ॥ ੧ ॥ ਰਹਾਉ ॥*
*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥੨॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ ੩ ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ ॥ ੪ ॥*
*ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ ੫ ॥*
*ਨਾਨਕੁ ਗਰੀਬੁ ਢਹਿ ਪਇਆ ਦੁਆਰੈ*
*ਹਰਿ ਮੇਲਿ ਲੈਹੁ ਵਡਿਆਈ ॥ ੬ ॥ ਅੰਗ - ੭੫੭*

*ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥*
*ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥ ਅੰਗ- ੭੬੨*

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ - ੬੯੪*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਬਾਬਾ ਬੰਦਾ ਸਿੰਘ ਬਹਾਦਰ

*ਸ. ਦਿਲਜੀਤ ਸਿੰਘ*

ਕੁਰਬਾਨੀ ਉਹ ਮਹਾਨ ਹੁੰਦੀ ਹੈ, ਜਿਸ ਦੇ ਪਿੱਛੇ ਉਦੇਸ਼ ਮਹਾਨ ਹੋਵੇ। ਸੰਘਰਸ਼ ਉਹ ਮਹਾਨ ਹੁੰਦਾ ਹੈ ਜੋ ਕਿਸੇ ਉਦੇਸ਼ ਦੀ ਪੂਰਤੀ ਲਈ ਹੋਵੇ। ਨਿਆਂਸ਼ੀਲ ਹੋਣਾ ਗੁਰੂ ਦੇ ਸਿੱਖ ਦਾ ਮੂਲ ਆਸ਼ਾ ਹੈ, ਇਸ ਲਈ ਸਿੱਖ ਜਿੱਥੇ ਕਿਤੇ ਵੀ ਜਬਰ, ਜ਼ੁਲਮ, ਅਤਿਆਚਾਰ ਜਾਂ ਧੱਕੇਸ਼ਾਹੀ ਹੁੰਦੀ ਦੇਖਦਾ ਹੈ, ਉਸ ਦਾ ਵਿਰੋਧ ਕਰਨਾ ਉਹ ਆਪਣਾ ਪਰਮ ਕਰਤੱਵ ਸਮਝਦਾ ਹੈ। ਇਸ ਲਈ ਭਾਵੇਂ ਉਸ ਨੂੰ ਸ਼ਹੀਦੀ ਵੀ ਦੇਣੀ ਪੈ ਜਾਵੇ। ਸਿੱਖ ਇਤਿਹਾਸ ਅਜਿਹੀਆਂ ਸ਼ਹੀਦੀਆਂ ਨਾਲ ਭਰਿਆ ਪਿਆ ਹੈ।

1708 ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਦਾ ਪਾਲਣ ਕਰਨ ਲਈ ਜਦ ਬਾਬਾ ਬੰਦਾ ਸਿੰਘ ਜੀ ਪੰਜਾਬ ਆਏ ਤਾਂ ਉਨ੍ਹਾਂ ਕੋਲ ਗੁਰੂ ਜੀ ਵੱਲੋਂ ਮਿਲੇ ਨਿਸ਼ਾਨ ਸਾਹਿਬ, ਪੰਜ ਤੀਰ, ਖੰਡਾ ਤੇ ਨਗਾਰਾ ਸੀ ਅਤੇ ਸਲਾਹ-ਮਸ਼ਵਰਾ ਕਰਨ ਲਈ ਗੁਰੂ ਸਾਹਿਬ ਨੇ ਪੰਜ ਸਿੰਘ - ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਨਾਲ ਤੋਰੇ। ਇਨ੍ਹਾਂ ਤੋਂ ਇਲਾਵਾ 20 ਸਿੰਘ ਹੋਰ ਨਾਲ ਭੇਜੇ। ਇਨ੍ਹਾਂ 25 ਸਿੰਘਾਂ ਦੇ ਕਾਫਲੇ ਨੇ ਪੰਜਾਬ ਵਲ ਹਨ੍ਹੇਰੀ ਦੀ ਤਰ੍ਹਾਂ ਕੂਚ ਕੀਤਾ। ਦਿੱਲੀ ਪਾਰ ਕਰਦਿਆਂ ਹੀ ਸਿੱਖ ਸੰਗਤ ਨੂੰ ਹੁਕਮਨਾਮੇ ਭੇਜੇ ਗਏ। ਸਿੱਖ ਸੰਗਤ ਹੁਕਮ ਦਾ ਪਾਲਣ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਦੇ ਸੁਆਗਤ ਲਈ ਅੱਗੇ ਆ ਗਈ। ਗੁਰੂ ਸਾਹਿਬ ਦੇ ਪਰਿਵਾਰ ਦੀਆਂ ਸ਼ਹੀਦੀਆਂ ਦੇ ਜ਼ਖਮ ਸਿੱਖ ਸੰਗਤ ਵਿਚ ਅਜੇ ਤਾਜ਼ੇ ਸਨ। ਉਹ ਕੁਝ ਸਮੇਂ ਦੇ ਅੰਦਰ ਹੀ ਬਾਬਾ ਬੰਦਾ ਸਿੰਘ ਬਹਾਦਰ ਦੇ ਝੰਡੇ ਥੱਲੇ ਇਕੱਠੇ ਹੋ ਗਏ, ਉਨ੍ਹਾਂ ਨੇ ਰਣ-ਭੂਮੀ ਵਿਚ ਆਪਣਾ ਨਾਹਰਾ 'ਰਾਜ ਕਰੇਗਾ ਖਾਲਸਾ' ਨਿਸ਼ਚਿਤ ਕਰ ਦਿਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰ ਸਰਗਰਮ ਧਮਾਕਾ ਛੱਡਿਆ। ਇਸ ਧਮਾਕੇ ਨੂੰ 'ਅਜਬ ਬਲਾ' ਕਹਿਣ ਵਾਲੇ ਸਰਕਾਰੀ ਮੁਸਲਮਾਨ ਲੇਖਕ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਪੰਜਾਬ ਦੀ ਸਿਆਸਤ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਅਜਿਹੀ ਹਲਚਲ ਮਚਾਈ ਕਿ ਮੁਗ਼ਲਾਂ ਨੂੰ ਵਿਸ਼ਵਾਸ਼ ਨਹੀਂ ਆ ਸਕਦਾ ਸੀ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਆਏ ਤਾਂ ਉਨ੍ਹਾਂ ਕੋਲ 25 ਸਿੰਘਾਂ ਤੋਂ ਇਲਾਵਾ ਨਾ ਤਾਂ ਕੋਈ ਫੌਜ ਸੀ ਤੇ ਨਾ ਹੀ ਸ਼ਸਤਰ, ਨਾ ਕੋਈ ਖਜ਼ਾਨਾ ਸੀ ਤੇ ਨਾ ਹੀ ਘੋੜੇ-ਹਾਥੀ। ਮੁਸਲਮਾਨ ਲਿਖਾਰੀ ਖਾਫ਼ੀ ਖਾਨ ਤੇ ਮੁਹੰਮਦ ਕਾਸਮ ਅਨੁਸਾਰ ਛੇਤੀ ਹੀ 4000 ਘੋੜ ਸਵਾਰ ਤੇ 7800 ਸਿਪਾਹੀ ਪੈਦਲ ਉਸ ਨਾਲ ਆ ਰਲੇ। ਮਸ਼ਹੂਰ ਇਤਿਹਾਸਕਾਰ ਗੋਕਲ ਚੰਦ ਨਾਰੰਗ ਅਨੁਸਾਰ ਪੈਦਲ ਸੈਨਿਕਾਂ ਦੀ ਗਿਣਤੀ 8900 ਹੋ ਗਈ ਤੇ ਵਧਦੀ ਹੋਈ ਉਹ 40,000 ਤਕ ਪਹੁੰਚ ਗਈ। ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਮੇਂ ਦਾ ਇਕ ਉਤਮ ਦਰਜੇ ਦਾ ਸਿੱਖ ਯੋਧਾ ਤੇ ਪਹਿਲਾ ਸਿੱਖ ਹੁਕਮਰਾਨ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਦੇਸ਼ ਅਨੁਸਾਰ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪੰਜਾਬ ਵਿਚ ਜੋ ਇਨਕਲਾਬ ਲਿਆਂਦਾ, ਉਹ ਇਕ ਹੈਰਾਨੀਕੁੰਨ ਇਤਿਹਾਸਿਕ ਹਕੀਕਤ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦ 1708 ਈ. ਵਿਚ ਪੰਜਾਬ ਅੰਦਰ ਪ੍ਰਵੇਸ਼ ਕੀਤਾ ਤਾਂ ਉਨ੍ਹਾਂ ਦੇ ਸਾਮ੍ਹਣੇ ਮੁੱਖ ਉਦੇਸ਼ ਮੁਗ਼ਲਾਂ ਦੇ ਰਾਜ ਦੀ ਸਮਾਪਤੀ ਤੇ ਪੰਜਾਬ ਦੀ ਉਸ ਸੁਤੰਤਰਤਾ ਨੂੰ ਬਹਾਲ ਕਰਨਾ ਸੀ ਜੋ 700 ਸਾਲ ਪਹਿਲਾਂ ਗਜ਼ਨੀ ਦੇ ਤੁਰਕਾਂ ਨੇ ਮਹਿਮੂਦ ਗਜ਼ਨਵੀ ਦੇ ਅਧੀਨ ਪੰਜਾਬ ਦੇ ਹਿੰਦੂ ਲੋਕਾਂ ਤੋਂ ਖੋਹੀ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਦੀ ਬਣਤਰ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਬਾਬਾ ਜੀ ਦਾ ਮੰਤਵ ਪੰਜਾਬ ਦੇ ਹਰ ਵਰਗ ਦੇ ਲੋਕਾਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਨਾ ਸੀ। ਸਮਕਾਲੀ ਭਰੋਸੇਯੋਗ ਗਵਾਹੀਆਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਫੌਜ ਵਿਚ ਕੇਵਲ ਸਿੱਖ ਹੀ ਨਹੀਂ ਸਨ, ਘੱਟੋ-ਘੱਟ ਪੰਜ ਹਜ਼ਾਰ ਮੁਸਲਮਾਨ ਵੀ ਮੁਗ਼ਲਾਂ ਵਿਰੁੱਧ ਲੜਨ ਲਈ ਉਨ੍ਹਾਂ ਦਾ ਸਾਥ ਦੇ ਰਹੇ ਸਨ। ਈਰਾਨ, ਈਰਾਕ, ਕਾਬਲ, ਕੰਧਾਰ ਤੇ ਮੁਲਤਾਨ ਦੇ ਹਿੰਦੂ ਵੀ ਹਜ਼ਾਰਾਂ ਦੀ ਗਿਣਤੀ ਵਿਚ ਨਾਲ ਆ ਰਲੇ। ਉਦਾਸੀ ਸੰਤਾਂ ਤੇ ਮਸੰਦਾਂ ਦੇ ਪ੍ਰਚਾਰ ਸਦਕਾ ਇਹ ਲੋਕ ਕਾਫ਼ੀ ਚਿਰ ਤੋਂ ਸਿੱਖ ਧਰਮ ਵਿਚ ਪ੍ਰਵੇਸ਼ ਕਰ ਚੁੱਕੇ ਸਨ। ਪੰਜਾਬ ਵਿਚ ਆ ਕੇ ਇਹ ਅੰਮ੍ਰਿਤ ਛਕ ਕੇ ਬਾਬਾ ਬੰਦਾ ਸਿੰਘ ਦੀ ਫੌਜ ਵਿਚ ਸ਼ਾਮਲ ਹੋ ਗਏ।

ਇਨ੍ਹਾਂ ਤੋਂ ਇਲਾਵਾ ਬਾਬਾ ਜੀ ਨੇ ਅਖੌਤੀ ਪੱਛੜੀਆਂ ਸ਼੍ਰੇਣੀਆਂ ਤੇ ਦਲਿਤ ਜਾਤੀਆਂ ਨੂੰ ਵੀ ਨਾਲ ਰੱਖਿਆ। ਉਨ੍ਹਾਂ ਨੇ ਪ੍ਰਤੀਤ ਕਰ ਲਿਆ ਸੀ ਕਿ ਅੰਮ੍ਰਿਤ ਛਕਣ ਦੇ ਬਾਅਦ ਜਾਤ-ਪਾਤ ਦਾ ਭੇਦ-ਭਾਵ ਮਿਟ ਜਾਂਦਾ

ਹੈ। ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਇਨ੍ਹਾਂ ਦੁਰਬਲ ਤੇ ਨਿਤਾਣੇ ਹੋਏ ਲੋਕਾਂ ਅੰਦਰ ਸਾਹਸ ਪੈਦਾ ਕਰ ਕੇ ਆਪਣੇ ਨਾਲ ਰਲਾਉਣ ਨਾਲ ਅੰਦੋਲਨ ਦੁਰਬਲ ਹੋਣ ਦੀ ਥਾਂ ਹੋਰ ਮਜ਼ਬੂਤ ਹੁੰਦਾ ਹੈ।

ਖਰਚਾ ਚਲਾਉਣ ਅਤੇ ਧਨ ਦੀ ਪੂਰਤੀ ਲਈ ਉਨ੍ਹਾਂ ਨੇ ਉੱਘੇ ਵਪਾਰੀਆਂ ਨੂੰ ਵੰਗਾਰਿਆ। ਸਭ ਨੇ ਖੁੱਲ੍ਹ ਕੇ ਮਦਦ ਕੀਤੀ। ਆਰਥਿਕ ਲੋੜਾਂ ਦੀ ਪੂਰਤੀ ਹੁੰਦਿਆਂ ਹੀ ਉਨ੍ਹਾਂ ਨੇ ਪੰਜਾਬ 'ਤੇ ਹਮਲਾ ਕਰ ਦਿਤਾ ਤੇ ਜਿੱਤ ਦਾ ਸਿਲਸਿਲਾ ਸ਼ੁਰੂ ਹੋ ਗਿਆ। 11 ਨਵੰਬਰ, 1709 ਈ. ਨੂੰ ਸਮਾਣਾ 'ਤੇ ਫਤਿਹ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸੋਨੀਪਤ, ਕੈਥਲ, ਸਮਾਣਾ, ਘੜਾਮ, ਠਸਕਾ, ਸ਼ਾਹਬਾਦ, ਕਪੂਰੀ ਤੇ ਸਢੌਰਾ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਦਾ ਸੁਣ ਕੇ ਮਾਝੇ ਤੇ ਦੁਆਬੇ ਦੇ ਸਿੱਖਾਂ ਨੇ ਹਕੂਮਤ ਵਿਰੁੱਧ ਬਗ਼ਾਵਤ ਕਰ ਦਿਤੀ ਕਿਉਂਕਿ ਸਿੱਖਾਂ ਦੇ ਹੌਸਲੇ ਬਹੁਤ ਬੁਲੰਦ ਹੋ ਚੁੱਕੇ ਸਨ। ਉਹ ਰੋਪੜ ਨੂੰ ਜਿੱਤ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਮਿਲੇ। ਹੁਣ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹਿੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ। ਆਖਰ ਉਹ ਘੜੀ ਆ ਗਈ ਜਿਸ ਦਾ ਉਹ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਸੂਬੇਦਾਰ ਵਜ਼ੀਰ ਖਾਂ ਨੂੰ ਸਬਕ ਸਿਖਾਉਣ ਲਈ ਸਿੱਖਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ (ਚੱਪੜਚਿੜੀ, ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਖਰੜ-ਲਾਂਡਰਾਂ ਸੜਕ 'ਤੇ ਸਥਿਤ ਹੈ) ਸੂਬੇਦਾਰ ਵਜ਼ੀਰ ਖਾਂ ਦੀਆਂ ਫੌਜਾਂ ਸਿੱਖਾਂ ਦੇ ਤੂਫ਼ਾਨ ਨੂੰ ਰੋਕਣ ਲਈ ਅੱਗੇ ਵਧੀਆਂ। ਸਿੰਘਾਂ ਨੇ ਸਰਹਿੰਦ 'ਤੇ ਹਮਲੇ ਲਈ ਪਹਿਲਾਂ ਹੀ ਜ਼ੋਰਦਾਰ ਤਿਆਰੀਆਂ ਕੀਤੀਆਂ ਹੋਈਆਂ ਸਨ। 12 ਮਈ, 1710 ਈ. ਨੂੰ ਚਪੜਚਿੜੀ ਦੇ ਮੈਦਾਨ ਵਿਚ ਜ਼ੋਰਦਾਰ ਖੂਨ-ਡੋਲ੍ਹਵਾਂ ਮੁਕਾਬਲਾ ਹੋਇਆ। ਇਸ ਭਿਆਨਕ ਲੜਾਈ ਵਿਚ ਵਜ਼ੀਰ ਖਾਂ ਮਾਰਿਆ ਗਿਆ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ, "ਮਾਰ ਵਜੀਦੇ ਖਾਂ ਨੂੰ, ਧਰਤੋਂ ਭਾਰੀ ਪੰਡ ਉਤਾਰੀ" (ਹਰਸਾ ਸਿੰਘ ਚਾਤਰ) ਵਜ਼ੀਰ ਖਾਂ ਦੇ ਮਰਨ ਨਾਲ ਬਾਕੀ ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਦੌੜ ਗਈਆਂ। ਦੋ ਦਿਨਾਂ ਬਾਅਦ ਸਿੱਖ ਫੌਜਾਂ 14 ਮਈ, 1710 ਈ. ਨੂੰ ਸਰਹਿੰਦ ਵਿਚ ਦਾਖ਼ਲ ਹੋਈਆਂ। ਬਾਬਾ ਬੰਦਾ ਸਿੰਘ ਬਹਾਦਰ ਨੇ ਸਿਤਮਾਂ ਦੀ ਨਗਰੀ ਸਰਹਿੰਦ ਨੂੰ ਇੱਟਾਂ ਦੇ ਢੇਰ ਵਿਚ ਬਦਲ ਦਿਤਾ। ਵਸਦਾ-ਰਸਦਾ ਸਰਹਿੰਦ ਸ਼ਹਿਰ ਖੰਡਰ ਵਿਚ ਤਬਦੀਲ ਹੋ ਗਿਆ। ਸ਼ਾਹੀ ਅਮੀਰਾਂ ਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਮਾਰਿਆ ਗਿਆ। ਸਰਹਿੰਦ ਦੀ ਜਿੱਤ ਨੇ ਅਹਿਮਦ ਸ਼ਾਹ ਅਬਦਾਲੀ ਦੇ ਇਸ ਕਥਨ ਨੂੰ ਕਿ 'ਸਿੱਖਾਂ 'ਚੋਂ ਹਕੂਮਤ ਦੀ ਬੋ ਆਉਂਦੀ ਹੈ, ਨੂੰ ਸਹੀ ਸਿੱਧ ਕਰ ਦਿਖਾਇਆ।

ਸਰਹਿੰਦ 'ਤੇ ਮੁਕੰਮਲ ਕਬਜ਼ਾ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਮਲੇਰਕੋਟਲੇ ਵਲ ਵਧਿਆ, ਪਰੰਤੂ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਇਥੋਂ ਦੇ ਨਵਾਬ ਵੱਲੋਂ ਹਾਅ ਦਾ ਨਾਅਰਾ ਮਾਰਨ ਕਰਕੇ, ਇਸ ਸ਼ਹਿਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਬਜਾਇ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਥਾਪਿਆ ਤੇ ਆਪਣੀਆਂ ਅਗਲੀਆ ਮੁਹਿੰਮਾਂ ਦਾ ਆਧਾਰ ਕੇਂਦਰ ਬਣਾਇਆ। ਮੁਖਲਿਸਗੜ੍ਹ ਦਾ ਕਿਲ੍ਹਾ ਸ਼ਾਹ ਜਹਾਨ ਦੀ ਆਗਿਆ ਅਨੁਸਾਰ ਮੁਖਲਿਸ ਖ਼ਾਨ ਨੇ ਬਣਵਾਇਆ ਸੀ। ਜਿਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਕਿਲ੍ਹੇ ਉਤੇ ਕਬਜ਼ਾ ਕੀਤਾ ਤਾਂ ਇਹ ਬੜੀ ਟੁੱਟੀ-ਭੱਜੀ ਹਾਲਤ ਵਿਚ ਸੀ, ਛੇਤੀ ਹੀ ਇਸ ਦੀ ਮੁਰੰਮਤ ਕੀਤੀ ਤੇ ਇਸ ਦਾ ਨਾਂ ਲੋਹਗੜ੍ਹ ਰੱਖਿਆ ਗਿਆ। ਸਰਹਿੰਦ ਦਾ ਖਜ਼ਾਨਾ, ਸਾਰੀਆਂ ਮੁਹਿੰਮਾਂ ਵਿਚ ਪ੍ਰਾਪਤ ਹੋਇਆ ਮਾਲ-ਅਸਬਾਬ ਤੇ ਜੰਗੀ ਸਾਮਾਨ ਤੇ ਕਬਜ਼ੇ ਹੇਠ ਆਏ ਇਲਾਕਿਆਂ ਤੋਂ ਉਗਰਾਹਿਆ ਹੋਇਆ ਮਾਮਲਾ ਸਭ ਇਥੇ ਇਕੱਠੇ ਕੀਤੇ ਗਏ। ਅਸਲੀ ਅਰਥਾਂ ਵਿਚ ਲੋਹਗੜ੍ਹ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ। ਫੌਜੀ ਨਜ਼ਰੀਏ ਤੋਂ ਇਸ ਜਗ੍ਹਾ ਦੀ ਚੋਣ ਕਾਫੀ ਬੁੱਧੀਮਾਨੀ ਵਾਲੀ ਸੀ, ਕਿਉਂਕਿ ਸੁਰੱਖਿਆ ਪੱਖੋਂ ਇਹ ਮੁੱਖ ਮਾਰਗ ਤੋਂ ਹਟ ਕੇ ਨੀਮ ਪਹਾੜੀ ਇਲਾਕੇ ਨਾਲ ਲੱਗਣ ਕਰਕੇ ਕਾਫੀ ਸੁਰੱਖਿਅਤ ਸੀ। ਬਾਬਾ ਬੰਦਾ ਸਿੰਘ ਬਹਾਦਰ ਹੁਣ ਇਕ ਛੋਟਾ ਜਿਹਾ ਬੇਤਾਜ ਬਾਦਸ਼ਾਹ ਬਣ ਗਿਆ ਸੀ। ਉਸ ਦੇ ਕੋਲ ਸ਼ਰਧਾਲੂ ਸਿੰਘਾਂ ਦੀ ਫੌਜ ਵੀ ਹੋ ਗਈ ਸੀ। ਰਾਜ-ਕਾਜ ਲਈ ਰਾਜਧਾਨੀ ਵੀ ਤੇ ਰਹਿਣ ਲਈ ਮਹਿਲ ਵੀ।

ਉਸ ਨੇ ਰਾਜ ਦੀ ਸਦੀਵੀ ਪੱਕੀ ਨਿਸ਼ਾਨੀ ਲਈ ਸ੍ਰੀ ਗੁਰੂ ਨਾਨਕ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਸਿੱਕਾ ਭੀ ਜਾਰੀ ਕਰ ਦਿਤਾ, ਜਿਸ 'ਤੇ ਫ਼ਾਰਸੀ ਦੇ ਹੇਠ ਲਿਖੇ ਸ਼ਬਦ ਉੱਕਰੇ ਹੋਏ ਸਨ -

*'ਸਿੱਕਾ ਜਦ ਬਰ ਹਰ ਦੋ ਆਲਮ*
*ਤੇਗ਼ਿ ਨਾਨਕ ਵਾਹਿਬ ਅਸਤ'*
*'ਫਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ*
*ਫ਼ਜ਼ਲਿ ਸੱਚਾ ਸਾਹਿਬ ਅਸਤ।'*

ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਪਿਛਲੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਇਹ ਸ਼ਬਦ ਸਨ -

*ਜਰਬ ਬ-ਅਮਾਨੁ-ਦਹਿਰ, ਮੁੱਸਵਰਤ ਸ਼ਹਿਰ,*
*ਜੀਨਤੁ-ਤਖਤੁ, ਮੁਬਾਰਕ ਬਖਤ।*

ਅਰਥਾਤ - ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ।

ਬਾਬਾ ਬੰਦਾ ਸਿੰਘ ਬਹਾਦਰ ਨੇ ਸਰਕਾਰੀ ਦਸਤਾਵੇਜ਼, ਸਨਦਾਂ ਤੇ ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ, ਜਿਥੇ-ਕਿਥੇ ਮੋਹਰ ਲੱਗੀ, ਮੋਹਰ ਦੇ ਸ਼ਬਦ ਇਹ ਸਨ -

*ਦੇਗੋ ਤੇਗ਼ੋ ਫ਼ਤਹਿ ਓ ਨੁਸਰਤਿ ਬੇ-ਦਿਰੰਗ,*
*ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥*
*(ਦੇਖੋ ਪੁਸਤਕ 'ਬੰਦਾ ਸਿੰਘ ਬਹਾਦਰ'*
*ਕ੍ਰਿਤ ਡਾ. ਗੰਡਾ ਸਿੰਘ, ਪੰਨਾ ੫੯-੬੦)*

ਉਹ ਰਾਹ ਦੀ ਪ੍ਰਾਪਤੀ ਵਾਹਿਗੁਰੂ ਦੀ ਮਿਹਰ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਖਸ਼ਿਸ਼ ਮੰਨਦਾ ਹੈ ਤੇ ਆਪ ਦੇਗ਼ ਤੇ ਤੇਗ਼ ਰਾਹੀਂ ਕੇਵਲ ਸੇਵਾਦਾਰ ਹੈ। ਉਸ ਲਈ ਬਖਸ਼ਿਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ, ਫਤਹਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੇ ਪਾਤਸ਼ਾਹੀ ਅਕਾਲ ਪੁਰਖ ਦੀ ਹੈ।

ਬਾਬਾ ਬੰਦਾ ਸਿੰਘ ਜੀ ਨੇ ਅੱਗੇ ਜਿੱਤਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਜੁਲਾਈ 1710 ਈ. ਵਿਚ ਗੰਗਾ ਤੇ ਜਮਨਾ ਦੇ ਮੈਦਾਨੀ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਮਾਝੇ ਤੇ ਦੁਆਬੇ ਦੇ ਸਿੱਖ ਉਠ ਖੜ੍ਹੇ ਹੋਏ। ਅਕਤੂਬਰ 1710 ਈ. ਤਕ ਕਿਲ੍ਹਾ ਭਗਵੰਤ ਰਾਏ ਤੇ ਭੀਲੋਵਾਲ ਭੀ ਸਿੱਖ ਫੌਜਾਂ ਦੇ ਕਬਜ਼ੇ ਵਿਚ ਆ ਗਏ। ਸਿੱਖ ਦੀ ਚੜ੍ਹਤ ਨੇ ਹਿੰਦੁਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੈ-ਭੀਤ ਕਰ ਦਿਤਾ। ਉਸ ਨੇ ਸਿੱਖਾਂ ਕੋਲੋਂ ਜਿੱਤਿਆ ਹੋਇਆ ਇਲਾਕਾ ਲੈਣ ਲਈ ਆਪ ਪੰਜਾਬ ਵਲ ਕੂਚ ਕੀਤਾ। ਹਾਲਾਤ ਅਨੁਸਾਰ ਸਿੱਖਾਂ ਨੂੰ ਪਿੱਛੇ ਹਟਣਾ ਪਿਆ ਤੇ ਉਹ ਪਹਾੜਾਂ ਵੱਲ ਨਿਕਲ ਗਿਆ। ਇਸੇ ਦੌਰਾਨ ਪੰਥ-ਦੋਖੀ ਪਹਾੜੀ ਰਾਜੇ ਭੀਮ ਚੰਦ ਨੂੰ ਜਾ ਸੋਧਿਆ। 18 ਫਰਵਰੀ 1712 ਈ. ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ। ਦਿੱਲੀ ਦਾ ਬਾਦਸ਼ਾਹ ਫਰੁਖਸੀਅਰ ਇਕ ਕਮਜ਼ੋਰ ਬਾਦਸ਼ਾਹ ਸੀ, ਇਸ ਮੌਕੇ ਦਾ ਲਾਭ ਉਠਾਇਆ। ਬਾਬਾ ਬੰਦਾ ਸਿੰਘ ਨੇ ਮੁੜ ਆਪਣੀ ਤਾਕਤ ਨੂੰ ਸੰਗਠਿਤ ਕੀਤਾ ਤੇ ਕਈ ਇਲਾਕਿਆਂ 'ਤੇ ਕਬਜ਼ਾ ਕਰ ਲਿਆ। 1712 ਈ. ਨੂੰ ਸਰਹਿੰਦ ਤੇ ਲੋਹਗੜ੍ਹ ਫਿਰ ਜਿੱਤ ਲਏ। ਬਟਾਲਾ ਤੇ ਕਲਾਨੌਰ ਨੂੰ ਜਿੱਤ ਕੇ ਸ਼ਮਸ ਖਾਨ ਨੂੰ ਮਾਰ ਮੁਕਾਇਆ। ਅੰਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬਾਬਾ ਬੰਦਾ ਸਿੰਘ ਤੇ ਕਈ ਹੋਰ ਸਿੰਘ ਮੁਗ਼ਲ ਫੌਜ ਦੇ ਘੇਰੇ ਵਿਚ ਆ ਗਏ। ਇਹ ਘੇਰਾ ਲੰਬਾ ਸਮਾਂ ਭਾਵ ਅੱਠ ਮਹੀਨੇ ਜਾਰੀ ਰਿਹਾ। ਘੇਰਾ ਲੰਬਾ ਹੋਣ ਕਾਰਨ ਰਾਸ਼ਨ ਦੀ ਕਮੀ ਹੋਣ ਲੱਗੀ। ਸਿਪਾਹੀ ਭੁੱਖ ਤੇ ਪਿਆਸ ਨਾਲ ਮਰਨ ਲੱਗੇ। ਉਂਵ ਤਾਂ ਸਾਰਾ ਇਤਿਹਾਸ ਹੀ ਸ਼ਹੀਦੀਆਂ ਨਾਲ ਭਰਿਆ ਪਿਆ ਹੈ ਪਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸਿੱਖ ਇਤਿਹਾਸ ਵਿਚ ਹੀ ਨਹੀਂ ਸਗੋਂ ਸੰਸਾਰ ਦੇ ਸਮੁੱਚੇ ਇਤਿਹਾਸ ਵਿਚ ਹੀ ਲੂੰ-ਕੰਡੇ ਖੜ੍ਹੇ ਕਰਨ ਵਾਲੀ ਸ਼ਹੀਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ 800 ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਫਿਰ ਪਿੰਜਰੇ ਵਿਚ ਬੰਦ ਕਰਕੇ ਦਿੱਲੀ ਲਿਜਾਇਆ ਗਿਆ। 15 ਮਾਰਚ, 1716 ਈ. ਨੂੰ ਸਿੱਖ ਕੈਦੀਆਂ ਦਾ ਕਤਲ-ਏ-ਆਮ ਸ਼ੁਰੂ ਹੋਇਆ। ਤਕਰੀਬਨ 100 ਸਿੱਖਾਂ ਨੂੰ ਰੋਜ਼ ਕਤਲ (ਸ਼ਹੀਦ) ਕੀਤਾ ਜਾਂਦਾ। ਸਿੱਖ ਅਜਿੱਤ ਭਾਵਨਾ ਨਾਲ ਮੌਤ ਨੂੰ ਜੀ ਆਇਆਂ ਕਹਿੰਦੇ, ਖਿੜੇ ਚਿਹਰੇ ਨਾਲ ਜੱਲਾਦ ਨੂੰ ਸੀਸ ਭੇਂਟ ਕਰਦੇ। ਤਕਰੀਬਨ ਤਿੰਨ ਮਹੀਨੇ ਬਾਅਦ 9 ਜੂਨ 1716 ਈ. ਨੂੰ ਬਾਬਾ ਬੰਦਾ ਸਿੰਘ ਬਹਾਦਰ ਨੂੰ ਤੇ ਉਨ੍ਹਾਂ ਦੇ ਸਾਥੀਆਂ ਨੂੰ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ ਤੇ ਜਲੂਸ ਦੀ ਸ਼ਕਲ ਵਿਚ ਕੁਤਬ-ਮੀਨਾਰ ਦੇ ਨੇੜੇ ਖਵਾਜਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜ਼ੇ ਪਾਸ ਪਹੁੰਚਾਇਆ ਗਿਆ। ਬਹੁਤ ਸਾਰੇ ਚਸ਼ਮਦੀਦ ਗਵਾਹਾਂ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਇਸ ਤਰ੍ਹਾਂ ਹੋਈ -

ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਸ ਦੇ ਪੁੱਤਰ ਅਜੈ ਸਿੰਘ ਨੂੰ ਕਤਲ (ਸ਼ਹੀਦ) ਕਰ ਕੇ ਉਸ ਦਾ ਧੜਕਦਾ ਦਿਲ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਤੁੰਨਿਆ ਗਿਆ। ਫਿਰ ਜੱਲਾਦ ਨੇ ਉਨ੍ਹਾਂ ਦੀਆਂ ਅੱਖਾਂ ਕੱਢੀਆਂ, ਹੱਥ ਪੈਰ ਕੱਟੇ ਗਏ, ਲਾਲ ਭਖਦੇ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ ਅਤੇ ਅੰਤ ਵਿਚ ਸਿਰ ਤੇ ਧੜ ਨੂੰ ਅਲੱਗ ਕਰਕੇ ਟੁੱਕੜੇ-ਟੁੱਕੜੇ ਕਰ ਦਿਤੇ ਗਏ।

ਬਾਬਾ ਬੰਦਾ ਸਿੰਘ ਬਹਾਦਰ ਦੀ ਪੰਜਾਬ ਤੇ ਖਾਸ-ਕਰ ਸਿੱਖਾਂ ਨੂੰ ਬਹੁਤ ਵੱਡੀ ਦੇਣ ਹੈ। ਉਸ ਨੇ ਸਿਰਲੱਥ ਖ਼ਾਲਸੇ ਨੂੰ ਸੰਗਠਿਤ ਕਰ ਕੇ ਅਜ਼ਾਦ ਲੋਕ ਰਾਜ ਦੀ ਸਥਾਪਨਾ ਕੀਤੀ। ਫੌਜੀ ਜਰਨੈਲ ਦੇ ਤੌਰ 'ਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਕੋਈ ਵੀ ਟਾਕਰਾ ਨਹੀਂ ਸੀ। ਇਹ ਪਹਿਲੀ ਵਾਰ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਰਹਿਨੁਮਾਈ ਹੇਠ ਪੰਜਾਬ ਦੇ ਦੱਬੇ-ਕੁਚਲੇ ਲੋਕਾਂ ਨੇ ਅਜ਼ਾਦੀ ਦਾ ਅਨੰਦ ਮਾਣਿਆ। ਉਸ ਨੇ ਹਮੇਸ਼ਾਂ ਲਈ ਸਿੱਖ ਕੌਮ ਅੰਦਰ ਅਜ਼ਾਦੀ ਦੀ ਚਿਣਗ ਲਾ ਦਿਤੀ ਜੋ ਕਿ ਪਿੱਛੋਂ ਜਾ ਕੇ ਸਿੱਖ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਦਾ ਕਾਰਨ ਬਣੀ। ਅੱਜ ਲੋੜ ਹੈ ਕੌਮ ਦੇ ਇਸ ਮਹਾਨ ਜਰਨੈਲ ਦੇ ਇਤਿਹਾਸ ਤੋਂ ਆਉਣ ਵਾਲੀਆਂ ਪੀੜੀਆਂ ਨੂੰ ਜਾਣੂ ਕਰਵਾਉਣ ਦੀ ਤਾਂ ਕਿ ਉਹ ਆਪਣੇ ਅਮੀਰ ਵਿਰਸੇ 'ਤੇ ਮਾਣ ਕਰ ਸਕਣ।

*ਸਰੋਤ : ਗੁਰਮਤਿ ਪ੍ਰਕਾਸ਼, ਜੂਨ 2021)*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-38)*

**ਸਿਰੀਰਾਗੁ ਮਹਲਾ ੧ ॥**

**ਤ੍ਰਿਸਨਾ ਮਾਇਆ ਮੋਹਣੀ**
**ਸੁਤ ਬੰਧਪ ਘਰ ਨਾਰਿ ॥**

ਜੋ ਮਾਇਆ ਸ੍ਰਿਸ਼ਟੀ ਦੇ ਜੀਵਾਂ ਨੂੰ ਮੋਹਣੀ=ਮੋਹਤ ਕਰਨ ਵਾਲੀ ਹੈ, ਇਸ ਦੀ ਪ੍ਰਾਪਤੀ ਰੂਪ ਤ੍ਰਿਸ਼ਨਾ ਜੀਵ ਨੂੰ ਲੱਗੀ ਹੋਈ ਹੈ, ਜਿਸ ਕਰਕੇ ਉਹ ਕਹਿੰਦਾ ਹੈ ਕਿ ਮੇਰੇ ਸੁਤ=ਪੁੱਤਰ, ਬੰਧਪ=ਸੰਬੰਧੀ ਘਰ=ਮਕਾਨ ਤੇ ਇਹ ਮੇਰੀ ਨਾਰਿ=ਇਸਤ੍ਰੀ ਹੈ।

**ਧਨਿ ਜੋਬਨਿ ਜਗੁ ਠਗਿਆ**
**ਲਬਿ ਲੋਭਿ ਅਹੰਕਾਰਿ ॥**

ਖਾਣ ਦੇ ਲਬਿ=ਲਾਲਚ, ਜੋੜਨ ਦਾ ਲੋਭ, ਗੁਣਾਂ ਦੇ ਅਹੰਕਾਰ ਧਨ, ਜੋਬਨਿ=ਜਵਾਨੀ ਆਦਿ ਨੇ ਸਾਰੇ ਜਗੁ=ਸੰਸਾਰ ਨੂੰ ਠੱਗਿਆ ਹੋਇਆ ਹੈ।

**ਮੋਹ ਠਗਉਲੀ ਹਉ ਮੁਈ**
**ਸਾ ਵਰਤੈ ਸੰਸਾਰਿ ॥ ੧ ॥**

ਇਉਂ ਮਾਇਆ ਦੇ ਮੋਹ ਦੀ ਠਗਉਲੀ=ਠੱਗ ਬੂਟੀ ਤੇ ਹਉ=ਹਉਮੈ ਕਰਕੇ ਸ੍ਰਿਸ਼ਟੀ ਮੁਈ=ਮਰ ਰਹੀ ਹੈ, ਸਾ=ਓਹੀ ਸੰਸਾਰਿ=ਜਗਤ ਵਿਚ ਵਰਤਾਰਾ ਵਰਤੈ=ਵਰਤ ਰਿਹਾ ਹੈ ਅਥਵਾ ਇਸ ਪ੍ਰਕਾਰ ਮਾਇਆ ਦੇ ਮੋਹ ਦੀ ਠਗਉਲੀ=ਠੱਗ ਬੂਟੀ ਪਾ ਛੱਡੀ ਹੈ, ਜਿਵੇਂ ਠੱਗਾਂ ਦਾ ਤਰੀਕਾ ਖਾਣ ਵਾਲੀਆਂ ਚੀਜ਼ਾਂ ਵਿਚ ਜ਼ਹਿਰ ਪਾ ਦਿੰਦੇ ਹਨ, ਮਠਿਆਈ ਆਦਿ ਵਿਚ ਜ਼ਹਿਰ ਮਿਲਾ ਕੇ ਉਜਾੜਾਂ ਵਿਚ ਬੈਠ ਜਾਂਦੇ ਹਨ, ਭੁੱਖਾ ਰਾਹੀ ਖਾਣ ਦੇ ਲਾਲਚ ਵਿਚ ਆ ਕੇ ਖਾ ਲੈਂਦਾ ਹੈ ਤੇ ਕਮਲਾ ਹੋ ਜਾਂਦਾ ਹੈ, ਫੇਰ ਠੱਗ ਉਸ ਦੇ ਬੇਹੋਸ਼ ਹੋਏ ਦੇ ਮਾਇਆ ਬਸਤਰ ਲਾਹ ਕੇ ਨੰਗਾ ਕਰ ਦਿੰਦੇ ਹਨ, ਇਸੇ ਪ੍ਰਕਾਰ ਮਾਇਆ ਰੂਪੀ ਠੱਗ ਨੇ ਮੋਹ ਦੀ ਠੱਗ ਬੂਟੀ ਪਾ ਦਿਤੀ ਹੈ, ਜਿਸ ਤੋਂ ਹਉ=ਹਉਮੈ ਕਰਕੇ ਸ੍ਰਿਸ਼ਟੀ ਮੁਈ=ਮਰ ਰਹੀ ਹੈ। ਸਾ=ਓਹੀ ਸੰਸਾਰ ਵਿਚ ਵਰਤਾਰਾ ਵਰਤ ਰਿਹਾ ਹੈ, ਸੰਸਾਰ ਮੋਹ ਰੂਪੀ ਠੱਗ ਬੂਟੀ ਵਿਚ ਵਰਤ ਰਿਹਾ ਹੈ, ਮਾਇਆ ਹੀ ਵਰਤੈ=ਵਰਤ ਰਹੀ ਹੈ, ਭਾਵ ਸਾਰੇ ਸੰਸਾਰ ਨੂੰ ਚਿੰਬੜ ਰਹੀ ਹੈ। ਇਸ ਕਰਕੇ ਉਸ ਪਰਮੇਸ਼ਰ ਅੱਗੇ ਇਉਂ ਬੇਨਤੀ ਕਰੋ ਕਿ -

**ਮੇਰੇ ਪ੍ਰੀਤਮਾ**
**ਮੈ ਤੁਝ ਬਿਨੁ ਅਵਰੁ ਨ ਕੋਇ ॥**

ਹੇ ਮੇਰੇ ਪਰਮ ਪ੍ਰੇਮ ਦੇ ਅਸ ਪਦ ਰੂਪ ਪ੍ਰੀਤਮਾ! ਮੈਂ=ਮੇਰੀ ਤੁਝੁ=ਤੈਥੋਂ ਬਿਨਾਂ ਅਵਰੁ=ਹੋਰ ਕੋਇ=ਕੋਈ ਵੀ ਰੱਖਿਆ ਕਰਨ ਵਾਲਾ ਨ=ਨਹੀਂ ਹੈ।

**ਮੈ ਤੁਝ ਬਿਨੁ ਅਵਰੁ ਨ ਭਾਵਈ**
**ਤੂੰ ਭਾਵਹਿ ਸੁਖੁ ਹੋਇ ॥ ੧ ॥ ਰਹਾਉ ॥**

ਮੈ=ਮੈਨੂੰ ਤੁਝ=ਤੇਰੇ ਤੋਂ ਬਿਨਾਂ ਅਵਰੁ=ਹੋਰ ਕੋਈ ਭੀ ਭਾਵਈ=ਚੰਗਾ ਨ=ਨਹੀਂ ਲੱਗਦਾ, ਜੇ ਸਾਡੇ ਹਿਰਦੇ ਅੰਦਰ ਤੂੰ ਭਾਅ ਜਾਵੇਂ, ਜਾਂ ਤੈਨੂੰ ਸਾਡੇ ਸਾਧਨ ਸ਼ਰਧਾ ਆਦਿਕ ਭਾਵਹਿ=ਭਾਅ ਜਾਣ ਤਾਂ ਸੁਖ ਦੀ ਪ੍ਰਾਪਤੀ ਹੁੰਦੀ ਹੈ। ਵਾ: ਜਿਹੜੇ ਤੇਰੇ ਭਾਣੇ ਨੂੰ ਮੰਨਦੇ ਹਨ, ਉਹ ਤੈਨੂੰ ਭਾਉਂਦੇ ਹਨ। ਹੇ ਸੱਚੇ ਪਾਤਸ਼ਾਹ! ਉਹਨਾਂ ਨੂੰ ਸੁਖ ਸਰੂਪ ਦੀ ਪ੍ਰਾਪਤੀ ਹੁੰਦੀ ਹੈ।

**ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ ॥**

ਇਸ ਕਰਕੇ ਹੇ ਭਾਈ! ਪਰਮੇਸ਼ਰ ਦੇ ਭਾਉਣ ਵਾਸਤੇ ਰੰਗ=ਪ੍ਰੇਮ ਦੇ, ਸਿਉ=ਨਾਲ ਨਾਮ ਨੂੰ ਸਾਲਾਹੀ=ਸਲਾਹੁਣਾ ਕਰੀਏ ਅਤੇ ਸਤਿਗੁਰਾਂ ਕੈ=ਦੇ ਸਬਦਿ=ਉਪਦੇਸ਼ ਦੁਆਰਾ ਲਬਿ, ਲੋਭ, ਹੰਕਾਰ ਵੱਲੋਂ ਸੰਤੋਖ ਧਾਰਨਾ ਕਰੀਏ।

**ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ ॥**

ਜੋ ਕੁਝ ਦੀਸੈ=ਦਿਸ ਰਿਹਾ ਹੈ, ਪਿੱਛੇ ਚਲਿਆ ਗਿਆ ਸੀ, ਹੁਣ ਚਲਦਾ ਜਾ ਰਿਹਾ ਹੈ, ਅੱਗੇ ਨੂੰ ਜੋ ਕੁਝ ਵਰਤਮਾਨ ਸਮੇਂ ਵਿਚ ਪ੍ਰਤੀਤ ਹੁੰਦਾ ਹੈ, ਚਲਿਆ ਜਾਵੇਗਾ। ਇਹ ਕੂੜਾ=ਝੂਠਾ ਮੋਹ ਹੈ, ਇਹਨਾਂ ਵਲ ਵੇਖ ਕੇ ਸੱਚੇ ਨਾ ਸਮਝ। ਨਾਸ਼ਵੰਤ ਸਮਝ, ਜੋ ਕੁਝ ਵੇਖਦਾ ਹੈਂ, ਇਸ ਦਾ ਮੋਹ ਨਾ ਕਰ।

**ਵਾਟ ਵਟਾਊ ਆਇਆ**
**ਨਿਤ ਚਲਦਾ ਸਾਥੁ ਦੇਖੁ ॥ ੨ ॥**

ਹੇ ਭਾਈ! ਤੂੰ ਜੰਮਣ ਮਰਣ ਦੇ ਵਾਟ=ਰਸਤੇ ਵਿਚ ਪ੍ਰਲੋਕ ਵਿਚੋਂ ਵਟਾਊ=ਰਾਹੀ ਬਣ ਕੇ ਆਇਆ ਹੈਂ, ਅਤੇ ਨਿਤ=ਹਮੇਸ਼ਾ ਹੀ ਆਪਣੇ ਸਾਥੀਆਂ ਨੂੰ ਪ੍ਰਲੋਕ ਵੱਲ ਚਲਦਾ ਦੇਖ ਰਿਹਾ ਹੈਂ, ਭਾਵ ਮਰ ਕੇ ਇਥੋਂ ਤੁਰ ਰਹੇ ਹਨ, ਕਈ ਬਰਾਬਰ ਦੀ ਉਮਰ ਵਾਲੇ ਚਲੇ ਗਏ, ਕਈ ਬਾਲਕ ਅਵਸਥਾ ਵਿਚ ਗੁਜ਼ਰ ਗਏ, ਕਈ ਕਿਸ਼ੋਰ ਅਵਸਥਾ

ਵਿਚ, ਕੋਈ ਜਵਾਨ ਅਵਸਥਾ ਵਿਚ, ਕਈ ਬਿਰਧ ਅਵਸਥਾ ਵਿਚ ਪਹੁੰਚ ਕੇ ਗੁਜ਼ਰ ਗਏ, ਸਭ ਸਾਥੀ ਚਲਦੇ ਦੇਖ ਰਿਹਾ ਹੈਂ ਅਥਵਾ ਜੋ ਨਿਤ=ਹਮੇਸ਼ਾ ਤੇਰੇ ਸਰੀਰ ਦੇ ਇੰਦਰੀਏ ਸਾਥੁ=ਸਾਥੀ ਸਨ, ਸਭ ਆਪਣਾ ਕੰਮ ਛੱਡ ਕੇ ਤੁਰੀ ਜਾਂਦੇ ਹਨ। ਬਿਰਧ ਅਵਸਥਾ ਵਿਚ ਬੰਦਾ ਆਪਣੇ ਇੰਦਰਿਆਂ ਰੂਪੀ ਸਾਥੀਆਂ ਨੂੰ ਚਲਦਾ ਵੇਖ ਰਿਹਾ ਹੈ। ਤੂੰ ਵੀ ਇਥੇ ਹਮੇਸ਼ਾ ਨਹੀਂ ਰਹਿਣਾ।

**ਆਖਣਿ ਆਖਹਿ ਕੇਤੜੇ**
**ਗੁਰ ਬਿਨੁ ਬੂਝ ਨ ਹੋਇ ॥**

ਕੇਤੜੇ=ਕਿਤਨੇ ਪੁਰਖ ਆਖਣ ਨੂੰ ਤਾਂ ਗਿਆਨ ਦੀਆ ਗੱਲਾਂ ਜ਼ੁਬਾਨੀ ਆਖਹਿ=ਆਖ ਰਹੇ ਹਨ, ਭਾਵ ਵਖਿਆਨਾਂ ਦੁਆਰਾ, ਪ੍ਰਸੰਗਾਂ ਦੁਆਰਾ, ਵੇਦ ਸ਼ਾਸਤਰਾਂ ਦੁਆਰਾ, ਕਥਾ ਕਰਨ ਵਾਲੇ ਕਹੀ ਜਾਂਦੇ ਹਨ, ਪਰ ਬਿਨਾਂ ਗੁਰੂ ਤੋਂ ਕਿਸੇ ਨੂੰ ਗਿਆਨ ਦੀ ਸਮਝ ਨਹੀਂ ਹੋ ਸਕਦੀ।

**ਨਾਮੁ ਵਡਾਈ ਜੇ ਮਿਲੈ**
**ਸਚਿ ਰਪੈ ਪਤਿ ਹੋਇ ॥**

ਸਤਿਗੁਰੂ ਜੀ ਪਾਸੋਂ ਜੇ ਨਾਮ ਜਪਣ ਦੀ ਵਡਾਈ=ਵਡਿਆਈ ਮਿਲ ਜਾਵੇ, ਫੇਰ ਸੱਚੇ ਦੇ ਨਾਲ ਰਪੈ=ਰੰਗਿਆ ਜਾਂਦਾ ਹੈ, ਪਰਮੇਸ਼ਰ ਰੂਪ ਪਤਿ=ਪਤੀ ਦੀ ਪ੍ਰਾਪਤੀ ਹੋ ਜਾਂਦੀ ਹੈ, ਅਥਵਾ ਪਤਿ=ਪ੍ਰਤਿਸ਼ਟਾ ਪ੍ਰਾਪਤ ਹੋ ਜਾਂਦੀ ਹੈ।

**ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥ ੩ ॥**

ਹੇ ਪਰਮੇਸ਼ਰ! ਜੋ ਆਪ ਜੀ ਨੂੰ ਭਾਵਹਿ=ਭਾਉਂਦੇ ਹਨ, ਸੇ=ਉਹ ਭਲੇ=ਲਾਇਕ ਹਨ, ਉਹਨਾਂ ਦੀ ਦ੍ਰਿਸ਼ਟੀ ਵਿਚ ਖੋਟਾ=ਬੁਰਾ ਖਰਾ=ਭਲਾ ਨਹੀਂ ਹੈ ਵਾ: ਜੇ ਕੋਈ ਵੈਰ ਕਰਦਾ ਹੈ, ਉਸ ਨੂੰ ਖੋਟਾ ਨਹੀਂ ਸਮਝਦੇ, ਜੇ ਕੋਈ ਪਿਆਰ ਕਰਦਾ ਹੈ, ਉਸ ਨੂੰ ਖਰਾ ਨਹੀਂ ਸਮਝਦੇ, ਖੋਟਾ ਭਾਵ ਧਰਮ ਤੋਂ ਹੀਣਾ ਖਰਾ ਭਾਵ ਧਰਮ ਵਿਚ ਪੱਕਾ, ਸਾਰਿਆਂ ਵਿਚ ਬ੍ਰਹਮ ਦੀ ਜੋਤ ਨੂੰ ਵੇਖਦੇ ਹਨ, ਉਹਨਾਂ ਨੇ ਖੋਟਾ ਖਰਾ ਵਿਸਾਰ ਦਿਤਾ ਹੈ।

**ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥**

ਗੁਰੂ ਦੀ ਸ਼ਰਨ ਵਿਚ ਪੈ ਕੇ ਹੀ ਛੁਟੀਐ=ਛੁਟਕਾਰਾ ਹੁੰਦਾ ਹੈ ਭਾਵ ਮੁਕਤ ਹੋਈਦਾ ਹੈ, ਮਨਮੁਖਾਂ ਦੇ ਕੋਲ ਖੋਟੀ=ਭੈੜੀ ਰਾਸਿ=ਪੂੰਜੀ ਹੈ, ਜਿਸ ਕਰਕੇ ਉਹ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦੇ, ਜਿਹੜੀ ਭੂਤਾਂ ਪ੍ਰੇਤਾਂ ਦੇ ਵਸ ਕਰਨ ਲਈ ਜਾਂ ਮਸਾਣ ਜਗਾਉਣ ਲਈ ਸ਼ਰਧਾ ਕਰਨੀ ਹੈ, ਇਹ ਸ਼ਰਧਾ ਰੂਪੀ ਖੋਟੀ ਰਾਸ ਹੈ।

**ਅਸਟਧਾਤੁ ਪਾਤਿਸਾਹ ਕੀ**
**ਘੜੀਐ ਸਬਦਿ ਵਿਗਾਸਿ ॥**

ਜਿਵੇਂ ਪਾਤਿਸ਼ਾਹ=ਬਾਦਸ਼ਾਹ ਕੀ=ਦੀ ਸਿੱਕੇ ਘੜਨ ਵਾਲੀ ਜਗ੍ਹਾ ਵਿਚ ਅਸਟ ਧਾਤਾਂ (ਸੋਨਾ, ਚਾਂਦੀ, ਤਾਂਬਾ, ਜਿਸਤ, ਪਾਰਾ, ਕਲੀ, ਲੋਹਾ, ਸਿੱਕਾ) ਦੀਆਂ ਬਹੁਤ ਸਾਰੀਆਂ ਵਸਤੂਆਂ ਘੜੀਆਂ ਜਾਂਦੀਆਂ ਹਨ, ਇਸੇ ਪ੍ਰਕਾਰ ਪਰਮੇਸ਼ਰ ਰੂਪ ਪਾਤਸ਼ਾਹ ਦੀ ਦਰਗਾਹ ਰੂਪੀ ਜਗ੍ਹਾ ਵਿਚ ਅਸ਼ਟ ਧਾਤਾਂ (ਤੁਚਾ, ਰੋਮ, ਲਹੂ, ਨਾੜਾਂ, ਹੱਡੀ, ਮਿੱਝ, ਚਰਬੀ, ਵੀਰਜ) ਦੀਆਂ ਦੇਹਾਂ ਘੜੀਆਂ ਜਾਂਦੀਆਂ ਹਨ, ਇਹ ਸਰੀਰ ਰੂਪੀ ਜੋ ਪਰਮੇਸ਼ਰ ਨੇ ਘਾੜਤ ਘੜੀਐ=ਘੜੀ ਹੋਈ ਹੈ, ਇਸ ਵਿਚ ਗੁਰੂ ਦੇ ਸਬਦਿ=ਉਪਦੇਸ਼ ਦੁਆਰਾ ਨਾਮ ਦੀ ਕਮਾਈ ਕਰ ਕੇ ਵਿਗਾਸਿ=ਅਨੰਦ ਪ੍ਰਾਪਤ ਹੁੰਦਾ ਹੈ ਵਾ: ਪੰਜ ਤੱਤ, ਤਿੰਨ ਗੁਣ ਇਹਨਾਂ ਅੱਠਾਂ ਧਾਤਾਂ ਦੀ ਪਾਤਸ਼ਾਹ ਪ੍ਰਮੇਸ਼ਰ ਨੇ ਸ੍ਰਿਸ਼ਟੀ ਰਚੀ ਹੋਈ ਹੈ। ਇਸ ਵਿਚ ਸ਼ਬਦ ਦੀ ਘਾੜਤ ਘੜੀ ਜਾਂਦੀ ਹੈ। ਫੇਰ ਵਿਗਾਸਿ=ਚਿੱਤ ਖਿੜ ਆਉਂਦਾ ਹੈ, ਗਿਆਨ ਪ੍ਰਕਾਸ਼ ਹੋ ਜਾਂਦਾ ਹੈ ਵਾ: ਗੁਰੂ ਦੀ ਸਤਿਸੰਗਤ ਰੂਪੀ ਜੋ ਟਕਸਾਲ ਹੈ, ਉਸ ਵਿਚ ਸ਼ੁਭ ਗੁਣਾਂ ਦੀ ਘਾੜਤ ਘੜੀ ਜਾਂਦੀ ਹੈ। ਵੈਰਾਗ, ਵਿਵੇਕ, ਖਟ ਸੰਪਤੀ ਮੋਖ, ਇੱਛਾ, ਸ੍ਰਵਣ, ਮੰਨਣ, ਨਿਧਿਆਸਣ ਤੇ ਤੱਤ ਤ੍ਵੰ ਪਦ ਦਾ ਸੰਸ਼ੋਧਨ ਕਰ ਕੇ ਇਹਨਾਂ ਅੱਠਾਂ ਧਾਤਾਂ=ਗੁਣਾਂ ਦੇ ਨਾਲ ਸਬਦਿ=ਬ੍ਰਹਮ ਦੇ ਸਰੂਪ ਦੀ ਲਖਤਾ ਕਰਕੇ ਵਿਗਾਸਿ=ਅਨੰਦ ਪ੍ਰਾਪਤ ਕਰਦਾ ਹੈ –

**ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥ ੪ ॥**

ਇਉਂ ਅਕਾਲ ਪੁਰਖ ਵਾਹਿਗੁਰੂ ਆਪ ਹੀ ਗੁਰੂ ਸਰੂਪ ਪਾਰਖੂ=ਪਰਖਣ ਵਾਲਾ ਹੋ ਕੇ ਸਿੱਖ ਨੂੰ ਪਰਖਦਾ ਹੈ ਕਿ ਸ਼ਰਧਾ ਪੂਰੀ ਹੈ ਕਿ ਪਾਖੰਡ ਵਿਚ ਲੱਗਾ ਹੋਇਆ ਹੈ। ਇਉਂ ਸਿੱਖਾਂ ਦੇ ਸਿਦਕ ਦੀ ਪਰਖਣਾ ਕਰਦਾ ਹੈ, ਜਿਸ ਦੀ ਸ਼ਰਧਾ ਰੂਪ ਰਾਸਿ=ਪੂੰਜੀ ਸੱਚੀ ਹੁੰਦੀ ਹੈ, ਉਹੋ ਹੀ ਵਾਹਿਗੁਰੂ ਦੇ ਅਭੇਦਤਾ ਰੂਪ ਖਜਾਨੈ=ਭੰਡਾਰੇ ਵਿਚ ਪਵੈ=ਪੈਂਦਾ ਹੈ।

**ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥**

ਹੇ ਪਰਮੇਸ਼ਰ! ਤੇਰੀ=ਤੁਸਾਂ ਦੀ ਪ੍ਰਾਪਤੀ ਰੂਪ ਕੀਮਤ ਵਾ: ਗੁਣਾਂ ਦੀ ਕੀਮਤ ਕਿਸੇ ਪਾਸੋਂ ਨਹੀਂ ਪਾਈ ਜਾਂਦੀ। ਜਿਵੇਂ ਠੋਕ ਕੇ ਘੜਾ ਵੇਖੀਦਾ ਹੈ ਭਾਵ ਠੋਲਾ ਮਾਰ ਕੇ ਘੜੇ ਦੀ ਪਰਖ ਕੀਤੀ ਜਾਂਦੀ ਹੈ ਕਿ ਕਿਤੇ ਪਿੱਲਾ ਤਾਂ ਨਹੀਂ ਜਾਂ ਟੁੱਟਿਆ ਤਾਂ ਨਹੀਂ, ਠੋਕ ਵਜਾ ਕੇ ਵੇਖੀਦਾ ਹੈ, ਇਸੇ ਪ੍ਰਕਾਰ ਸਾਰੀ ਸ੍ਰਿਸ਼ਟੀ ਨੂੰ ਠੋਕ-ਠੋਕ ਕੇ ਅਜ਼ਮਾਇਸ਼ ਕਰਕੇ ਵਜਾਇ=ਵਜਾ-ਵਜਾ (ਪਰਖ-ਪਰਖ) ਕੇ ਸਾਰਿਆਂ ਨੂੰ ਡਿਠੀ=ਵੇਖਿਆ ਹੈ, ਪਰ ਕਿਸੇ ਪਾਸੋਂ ਤੇਰੀ ਕੀਮਤ ਨਹੀਂ ਪਾਈ ਜਾ ਸਕਦੀ।

**ਕਹਣੈ ਹਾਥ ਨ ਲਭਈ**
**ਸਚਿ ਟਿਕੈ ਪਤਿ ਪਾਇ ॥**

ਜੇ ਕੋਈ ਕਹੇ ਕਿ ਮੈਂ ਜਾਣ ਸਕਦਾ ਹਾਂ, ਇਸ ਪ੍ਰਕਾਰ ਕਹਿਣ ਨਾਲ ਅੰਤਹਕਰਣ ਰੂਪੀ ਹਾਥ=ਹੱਥ ਵਿਚ ਪ੍ਰਮਾਤਮਾ

ਦਾ ਸਾਖਿਆਤਕਾਰ ਹੋਣ ਰੂਪ ਲਭਈ=ਲੱਭਦਾ ਨਹੀਂ ਭਾਵ ਅੰਤਹਕਰਣ ਵਿਚ ਪ੍ਰਗਟ ਨਹੀਂ ਹੋ ਸਕਦਾ। ਜੇ ਸੱਚੇ ਨਾਮ ਵਿਚ ਮਨ ਟਿਕੈ=ਟਿਕ ਜਾਵੇ ਤਾਂ ਪਤਿ=ਪਤੀ ਪਰਮੇਸ਼ਰ ਨੂੰ ਪਾਇ=ਪਾ ਸਕਦਾ ਹੈ, ਫੇਰ ਬ੍ਰਹਮਗਿਆਨੀ ਵਾਲੀ ਪ੍ਰਤਿਸ਼ਟਾ ਨੂੰ ਪ੍ਰਾਪਤ ਕਰ ਸਕਦਾ ਹੈ।

**ਗੁਰਮਤਿ ਤੂੰ ਸਾਲਾਹਣਾ**
**ਹੋਰੁ ਕੀਮਤਿ ਕਹਣੁ ਨ ਜਾਇ ॥ ੫ ॥**

ਗੁਰਮਤਿ=ਗੁਰਾਂ ਦੀ ਸਿੱਖਿਆ ਦੁਆਰਾ ਜਿਨ੍ਹਾਂ ਨੇ ਤੂੰ=ਤੈਨੂੰ ਸਾਲਾਹਣਾ=ਸਲਾਹੁਣਾ ਕੀਤਾ ਹੈ, ਉਹ ਤੇਰਾ ਰੂਪ ਹੋ ਹੋ ਜਾਂਦੇ ਹਨ। ਹੋਰ ਕਿਸੇ ਪ੍ਰਕਾਰ ਵੀ ਤੇਰੀ ਪ੍ਰਾਪਤੀ ਰੂਪ ਕੀਮਤ ਕਹਣੁ=ਕਹੀ ਨਹੀਂ ਜਾਇ=ਜਾ ਸਕਦੀ। ਜਿਵੇਂ ਨਦੀਆਂ, ਨਾਲੇ ਸਮੁੰਦਰ ਵਿਚ ਮਿਲ ਕੇ ਸਮੁੰਦਰ ਰੂਪ ਹੋ ਜਾਂਦੇ ਹਨ, ਇਸੇ ਤਰ੍ਹਾਂ ਤੇਰੀ ਗੁਰਮਤਿ ਅਨੁਸਾਰ ਸ਼ਲਾਘਾ ਕਰਨ ਵਾਲੇ ਤੇਰੇ ਵਿਚ ਅਭੇਦ ਹੋ ਜਾਂਦੇ ਹਨ। ਇਉਂ ਤੇਰੀ ਅਭੇਦਤਾ ਦੀ ਕੀਮਤ ਕਹੀ ਨਹੀਂ ਜਾ ਸਕਦੀ। ਜਿਵੇਂ ਗੂੰਗਾ ਪੁਰਸ਼ ਗੁੜ ਖਾ ਕੇ ਉਸ ਦਾ ਸੁਆਦ ਨਹੀਂ ਦਸ ਸਕਦਾ ਕਿਉਂਕਿ ਉਸ ਕੋਲ ਜ਼ੁਬਾਨ ਨਹੀਂ ਹੈ। ਇਧਰ ਪ੍ਰਾਪਤੀ ਹੋਈ ਤੋਂ ਦੱਸਣ ਲਈ ਕਿਸੇ ਕੋਲ ਅੱਖਰ ਨਹੀਂ ਹਨ, ਇਸ ਕਰਕੇ ਪ੍ਰਾਪਤੀ ਰੂਪ ਕੀਮਤ ਕਹੀ ਨਹੀਂ ਜਾ ਸਕਦੀ।

**ਜਿਤੁ ਤਨਿ ਨਾਮੁ ਨ ਭਾਵਈ**
**ਤਿਤੁ ਤਨਿ ਹਉਮੈ ਵਾਦੁ॥**

ਜਿਨ੍ਹਾਂ ਨੇ ਮਨ ਤਨ ਨੂੰ ਪਰਮੇਸ਼ਰ ਦਾ ਨਾਮ ਭਾਵਈ=ਚੰਗਾ ਨਹੀਂ ਲਗਦਾ, ਤਿਤੁ=ਤਿਨ੍ਹਾਂ ਦੇ ਤਨਿ=ਸਰੀਰ ਵਾ: ਮਨ ਵਿਚ ਹਉਮੈ ਤੇ ਬੁੱਧੀ ਰੂਪੀ ਪੱਲੇ ਵਿਚ ਵਾਦੁ=ਝਗੜੇ ਹੀ ਹਨ।

**ਗੁਰ ਬਿਨੁ ਗਿਆਨੁ ਨ ਪਾਈਐ**
**ਬਿਖਿਆ ਦੂਜਾ ਸਾਦੁ ॥**

ਸਤਿਗੁਰੂ ਸਾਹਿਬ ਬਿਨੁ=ਬਗ਼ੈਰ ਗਿਆਨ ਨਹੀਂ ਪ੍ਰਾਪਤ ਹੁੰਦਾ, ਬਿਖਿਆ=ਮਾਇਆ ਵਾ: ਵਿਸ਼ਿਆਂ ਦਾ ਦੂਜਾ=ਦ੍ਵੈਤ ਵਿਚ ਲਾਉਣ ਵਾਲਾ ਹੀ ਸਾਦੁ=ਸੁਆਦ ਹੈ

**ਬਿਨੁ ਗੁਣ ਕਾਮਿ ਨ ਆਵਈ**
**ਮਾਇਆ ਫੀਕਾ ਸਾਦੁ ॥ ੬ ॥**

ਸ਼ਰਧਾ, ਭਾਵਨਾ, ਪ੍ਰੇਮ ਆਦਿ ਗੁਣਾਂ ਤੋਂ ਵਾ: ਪਰਮੇਸ਼ਰ ਦੇ ਕੀਰਤਨ ਰੂਪ ਵਿਚ ਗੁਣ ਉਚਾਰਨ ਤੋਂ ਬਿਨੁ=ਬਗ਼ੈਰ ਹੋਰ ਕੁਝ ਵੀ ਜੀਵ ਦੇ ਪ੍ਰਲੋਕ ਵਿਚ ਕਾਮਿ=ਕੰਮ ਨ=ਨਹੀਂ, ਆਵਈ=ਆਉਂਦਾ, ਬਾਕੀ ਮਾਇਆ ਦਾ ਸਾਦੁ=ਸੁਆਦ ਫੀਕਾ=ਬੇ-ਰਸਾ, ਬਕਬਕਾ ਹੈ ਭਾਵ ਜਿਸ ਪ੍ਰਕਾਰ ਪਦਾਰਥ ਖਾ ਕੇ ਮਗਰੋਂ ਮੂੰਹ ਫਿੱਕਾ ਹੋ ਜਾਂਦਾ ਹੈ, ਇਸ ਪ੍ਰਕਾਰ ਮਾਇਆ ਦਾ ਸੁਆਦ ਫੀਕਾ=ਬੇ-ਰਸਾ ਹੈ।

**ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥**

ਇਹ ਜੀਵ ਸੰਸਾਰ ਵਿਚ ਕੋਈ ਨਾ ਕੋਈ ਆਸਾ=ਇੱਛਾ ਲੈ ਕੇ ਜਨਮਿਆ ਹੈ। ਐਥੇ ਵੀ ਆਸਾ= ਉਮੀਦਾਂ ਦਾ ਬੰਨ੍ਹਿਆ ਹੋਇਆ ਰਸਾਂ ਕਸਾਂ ਵਾ: ਖੱਟੇ ਮਿੱਠੇ ਪਦਾਰਥਾਂ ਨੂੰ ਖਾਇ=ਖਾਂਦਾ ਹੈ -

**ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥**

ਇਸੇ ਪ੍ਰਕਾਰ ਆਸਾ ਇਸ ਦੀਆਂ ਪੂਰੀਆਂ ਵੀ ਨਹੀਂ ਹੁੰਦੀਆ, ਅੰਤ ਨੂੰ ਜਮਦੂਤ ਬੰਧਿ=ਬੰਨ੍ਹ ਕੇ ਪਰਲੋਕ ਦੇ ਰਸਤੇ ਚਲਾਈਐ=ਤੋਰ ਲੈਂਦੇ ਹਨ। ਇਸ ਪ੍ਰਕਾਰ ਮੁਹੇ ਮੁਹਿ=ਮੂੰਹੋਂ ਮੂੰਹ ਭਾਵ ਵਾਰ-ਵਾਰ ਚੋਟਾ=ਸੱਟਾਂ ਖਾਇ=ਖਾਂਦਾ ਹੈ ਜਾਂ ਮੋਹ ਦਾ ਮੋਹਿਆ ਹੋਇਆ ਤਰਕਾਂ ਰੂਪ ਚੋਟਾਂ ਖਾਂਦਾ ਹੈ -

**ਅਵਗਣਿ ਬਧਾ ਮਾਰੀਐ**
**ਛੂਟੈ ਗੁਰਮਤਿ ਨਾਇ ॥ ੭ ॥**

ਇਹ ਜੀਵ ਔਗੁਣਾਂ ਦਾ ਬਧਾ=ਬੰਨ੍ਹਿਆ ਹੋਣ ਕਰਕੇ ਮਾਰੀਐ=ਮਾਰਿਆ ਜਾਂਦਾ ਹੈ ਭਾਵ ਕੁੱਟਿਆ ਜਾਂਦਾ ਹੈ। ਛੁਟਕਾਰਾ ਕਿਵੇਂ ਹੁੰਦਾ ਹੈ? ਦਸਦੇ ਹਨ ਕਿ ਜੇ ਗੁਰੂ ਦੀ ਮਤਿ=ਸਿੱਖਿਆ ਦੁਆਰਾ ਅੰਮ੍ਰਿਤ ਨਾਮ ਜਪ ਲਵੇ ਤਾਂ ਜੰਮਣ ਮਰਣ ਦੇ ਬੰਧਨਾਂ ਤੋਂ ਛੁਟੈ=ਛੁਟਕਾਰਾ ਹੋ ਜਾਂਦਾ ਹੈ ਭਾਵ ਮੁਕਤ ਹੋ ਜਾਂਦਾ ਹੈ।

**ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ ॥**

ਗਿਆਨਵਾਨ ਪੁਰਸ਼ ਨੂੰ ਸਾਰਿਆਂ ਥਾਵਾਂ 'ਤੇ ਏਕੁ=ਇਕ ਅਖੰਡ ਸਰੂਪ ਪਰਮੇਸ਼ਰ ਦਿਸਣ ਲੱਗ ਪੈਂਦਾ ਹੈ ਅਤੇ ਐਸਾ ਨਿਸਚਾ ਹੋ ਜਾਂਦਾ ਹੈ ਕਿ ਹੇ ਸਤਿਗੁਰੂ! ਜਿਉ=ਜਿਵੇਂ ਆਪ ਜੀ ਨੂੰ ਭਾਵੈ=ਭਾਉਂਦਾ ਹੈ, ਤਿਉ=ਉਵੇਂ ਸਾਨੂੰ ਰਾਖੁ=ਰੱਖਣਾ ਕਰੋ।

**ਗੁਰਮਤਿ ਸਾਚਾ ਮਨਿ ਵਸੈ**
**ਨਾਮੁ ਭਲੋ ਪਤਿ ਸਾਖੁ ॥**

ਇਉਂ ਗੁਰਮਤਿ=ਗੁਰੂ ਦੀ ਮਤਿ=ਸਿੱਖਿਆ ਦੁਆਰਾ ਵਾਹਿਗੁਰੂ ਮਨ ਵਿਚ ਵਸੈ=ਵਸ ਜਾਂਦਾ ਹੈ। ਪਰਮੇਸ਼ਰ ਦਾ ਨਾਮ ਇਸ ਲੋਕ ਵਿਚ ਭਲੋ=ਭਲੀ ਪਤਿ=ਇੱਜ਼ਤ ਦੇਣ ਵਾਲਾ ਹੈ ਅਤੇ ਪਰਲੋਕ ਵਿਚ ਭੀ ਸਾਥ ਨਿਭਾਉਣ ਵਾਲਾ ਹੈ ਵਾ: ਪਰਲੋਕ ਵਿਚ ਸਾਖੁ=ਉਗਾਹੀ ਭਰਦਾ ਹੈ।

**ਹਉਮੈ ਰੋਗੁ ਗਵਾਈਐ**
**ਸਬਦਿ ਸਚੈ ਸਚੁ ਭਾਖੁ ॥ ੮ ॥**

ਇਹ ਜੀਵ ਹਉਮੈ ਦੇ ਰੋਗ ਕਰਕੇ ਆਪਣੇ ਮਨੁੱਖਾ ਜੀਵਨ ਨੂੰ ਵਿਅਰਥ ਗਵਾ ਲੈਂਦਾ ਹੈ, ਅਥਵਾ ਹਉਮੈ ਦਾ ਰੋਗ ਤਾਂ ਗਵਾਈਐ=ਗਵਾਇਆ ਜਾਂਦਾ ਹੈ ਭਾਵ ਮਿਟਦਾ ਹੈ, ਜੇਕਰ ਸੱਚੇ ਗੁਰਾਂ ਦੇ ਸਬਦਿ=ਉਪਦੇਸ਼ ਦੁਆਰਾ ਸੱਚੇ ਨਾਮ ਨੂੰ ਭਾਖੁ=ਉਚਾਰਨ ਕਰੀਏ।

**ਆਕਾਸੀ ਪਾਤਾਲਿ ਤੂੰ**
**ਤ੍ਰਿਭਵਣਿ ਰਹਿਆ ਸਮਾਇ ॥**

*(ਬਾਕੀ ਪੰਨਾ 48 'ਤੇ)*

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

*ਡਾ. ਸਰਬਜਿੰਦਰ ਸਿੰਘ*

*ਪੰਜਿ ਪਿਆਲੇ ਪੰਜਿ ਪੀਰ*
*ਛਠਮੁ ਪੀਰੁ ਬੈਠਾ ਗੁਰੁ ਭਾਰੀ।*
*ਅਰਜਨੁ ਕਾਇਆ ਪਲਟਿਕੈ*
*ਮੂਰਤਿ ਹਰਿਗੋਬਿੰਦ ਸਵਾਰੀ।*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ 1595 ਈਸਵੀ ਨੂੰ ਪਿੰਡ ਵਡਾਲੀ ਵਿਖੇ ਹੋਇਆ ਜੋ ਬਾਅਦ ਵਿਚ ਗੁਰੂ ਕੀ ਵਡਾਲੀ ਦੇ ਨਾਮ ਨਾਲ ਪ੍ਰਸਿੱਧ ਹੋ ਗਿਆ। ਇਹ ਅੰਮ੍ਰਿਤਸਰ ਸ਼ਹਿਰ ਦੇ ਪੱਛਮ ਵਲ ਲਗਭਗ 6 ਮੀਲ ਦੀ ਦੂਰੀ ਤੇ ਸਥਿਤ ਹੈ। ਆਪ ਦੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੀ ਪੰਜਵੀਂ ਨਾਨਕ ਜੋਤਿ ਸਨ ਅਤੇ ਮਾਤਾ ਜੀ ਦਾ ਨਾਂ ਗੰਗਾ ਜੀ ਸੀ। ਆਪ ਜੀ ਦੇ ਜਨਮ ਤੋਂ ਪਹਿਲਾਂ ਕੁਝ ਸਮੇਂ ਲਈ ਗੁਰੂ ਪਰਿਵਾਰ, ਪ੍ਰਿਥਵੀ ਚੰਦ ਦੀ ਵਿਰੋਧਤਾ ਨੂੰ ਵੇਖਦੇ ਹੋਏ ਵਡਾਲੀ ਵਿਚ ਚਲਾ ਗਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਪ੍ਰਿਥੀ ਚੰਦ ਦੀ ਵਿਰੋਧਤਾ ਦਾ ਮੁੱਖ ਕਾਰਣ ਗੁਰਗੱਦੀ ਸੀ।

ਜਦ ਪ੍ਰਿਥੀ ਚੰਦ ਨੇ ਵੇਖਿਆ ਕਿ ਗੁਰੂ ਪਾਤਸ਼ਾਹ ਦੇ ਘਰ ਕੋਈ ਬੱਚਾ ਪੈਦਾ ਨਹੀਂ ਹੋਇਆ ਤਾ ਇਹ ਸੋਚ ਕੇ ਕਿ ਗੁਰੂ ਪਾਤਸ਼ਾਹ ਤੋਂ ਪਿੱਛੋਂ ਗੁਰਗੱਦੀ, ਫਿਰ ਉਨ੍ਹਾਂ ਦੇ ਪਰਿਵਾਰ ਵਿਚ ਹੀ ਆ ਜਾਵੇਗੀ, ਉਹ ਕੁਝ ਸਮੇਂ ਲਈ ਸ਼ਾਂਤ ਹੋ ਗਿਆ। ਬਾਲ ਹਰਿਗੋਬਿੰਦ ਦਾ ਜਨਮ ਉਸ ਲਈ ਬਹੁਤ ਵੱਡੀ ਸੱਟ ਸੀ। ਹੁਣ ਉਹ ਹਰ ਵਕਤ ਸੜਦਾ ਕ੍ਰਿਝਦਾ ਰਹਿੰਦਾ, ਬਾਲ ਹਰਿਗੋਬਿੰਦ ਨੂੰ ਮਾਰਨ ਹਿਤ ਬਹੁਤ ਸਾਰੀਆਂ ਸਾਜ਼ਸਾਂ ਵੀ ਘੜਦਾ ਪਰ ਸਭ ਵਿਅਰਥ।

ਬਾਲ ਹਰਿਗੋਬਿੰਦ ਜੀ ਦੀ ਸ਼ਸਤਰ ਅਤੇ ਸ਼ਾਸਤਰ ਵਿਦਿਆ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਦੀ ਦੇਖ ਰੇਖ ਵਿਚ ਸੰਪੂਰਨ ਹੋਈ। ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਸ਼ਸਤਰ ਵਿਦਿਆ ਅਤੇ ਘੋੜ ਸਵਾਰੀ ਵਿਚ ਨਿਪੁੰਨਤਾ ਨੂੰ ਵੇਖ ਕੇ ਬਾਬਾ ਬੁੱਢਾ ਵਰਗੀ ਦਰਵੇਸ਼ੀ ਰੂਹ ਨੇ ਬਚਨ ਕੀਤੇ ਸਨ ਕਿ ਸਮਾਂ ਆਉਣ ਤੇ ਇਹ ਬਾਲ ਨਿਸ਼ਚੇ ਹੀ ਜਾਬਰਾਂ ਤੇ ਸ਼ੋਸ਼ਨਕਾਰੀਆਂ ਦੇ ਸਿਰ ਭੰਨਣ ਤੋਂ ਗੁਰੇਜ਼ ਨਹੀਂ ਕਰੇਗਾ।

ਸ੍ਰੀ ਗੁਰੂ ਅਰਜਨ ਪਾਤਸ਼ਾਹ ਨੂੰ ਜਦ ਜਹਾਂਗੀਰ ਦੀ ਧਾਰਮਿਕ ਕੱਟੜਤਾ ਕਾਰਨ ਸ਼ਹਾਦਤ ਦਾ ਜਾਮ ਪੀਣਾ ਪਿਆ ਤਾਂ ਬਾਬਾ ਬੁੱਢਾ ਜੀ ਸਾਧ ਸੰਗਤ ਦੀ ਹਾਜ਼ਰੀ ਵਿਚ ਪਰੰਪਰਾਗਤ ਚਿੰਨ੍ਹ ਲੈ ਕੇ ਗੁਰਗੱਦੀ ਬਾਲ ਹਰਿਗੋਬਿੰਦ ਨੂੰ ਸੌਂਪਣ ਲੱਗੇ। ਗੁਰੂ ਪਾਤਸ਼ਾਹ ਨੇ ਇਹ ਪਰੰਪਰਾਗਤ ਚਿੰਨ੍ਹ ਧਾਰਨ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਮੈਂ ਹੁਣ ਮੀਰੀ ਪੀਰੀ ਦੀਆਂ ਤਲਵਾਰਾਂ ਧਾਰਨ ਕਰਾਂਗਾ ਅਤੇ ਸ਼ਾਹੀ ਠਾਠ ਨਾਲ ਤਖ਼ਤ ਉਪਰ ਬੈਠ ਕੇ ਕੌਮ ਦੀ ਅਗਵਾਈ ਕਰਾਂਗਾ। ਬਾਬਾ ਬੁੱਢਾ ਜੀ ਜੋ ਗੁਰੂ ਸਿਧਾਂਤ ਨਾਲ ਇਕਸੁਰ ਹੋਈ ਰੂਹ ਸਨ ਨੇ ਗੁਰੂ ਪਾਤਸ਼ਾਹ ਦੇ ਇਸ਼ਾਰੇ ਨੂੰ ਸਮਝਿਆ ਅਤੇ ਮੀਰੀ ਪੀਰੀ ਦੀਆ ਦੋ ਤਲਵਾਰਾਂ ਪਹਿਨਾ ਕੇ ਬਾਲ ਹਰਿਗੋਬਿੰਦ ਦੇ ਛੇਵੇਂ ਪਾਤਸ਼ਾਹ ਹੋਣ ਦਾ ਐਲਾਨ ਕਰ ਦਿਤਾ।

ਗੁਰਗੱਦੀ ਧਾਰਨ ਕਰਨ ਤੋਂ ਬਾਅਦ ਅਗਲੇ ਦਿਨ ਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਤਖ਼ਤ ਦੀ ਸਥਾਪਨਾ ਕਰਨੀ ਸ਼ੁਰੂ ਕਰ ਦਿਤੀ। ਇਤਿਹਾਸ ਵਿਚ ਇਸ ਪ੍ਰਸੰਗ ਨੂੰ ਇਸ ਤਰ੍ਹਾਂ ਸੰਭਾਲਿਆ ਹੋਇਆ ਹੈ -

ਹਾੜ ਪੰਚਮੀ ਕੋ ਦਿਨ ਜਾਨ ਸ੍ਰੀ ਗੁਰ ਉਦਮ ਕੀਨ ਮਹਾਨ।

ਗੁਰਦਾਸ ਬੁਢੇ ਕੋ ਲੈ ਨਿਜ ਸਾਥ ਤਗ਼ਤ ਆਰੰਭ ਕਰ ਦੀਨਾ ਨਾਥ॥

ਗੁਰੂ ਪਾਤਸ਼ਾਹ ਨੇ ਤਖ਼ਤ ਦੀ ਉਚਾਰੀ 12 ਫੁੱਟ ਰੱਖੀ, ਕਿਉਂਕਿ ਦਿੱਲੀ ਦਾ ਤਖ਼ਤ 11 ਫੁੱਟ ਉੱਚਾ ਸੀ। ਇਸ ਤਖ਼ਤ ਦੇ ਬਰਾਬਰ ਤਖ਼ਤ ਉਸਾਰਨ ਦੀ ਸਜ਼ਾ ਮੌਤ ਸੀ। ਗੁਰੂ ਪਾਤਸ਼ਾਹ ਨੇ ਹਕੂਮਤ ਦੇ ਤਖ਼ਤ ਤੋਂ ਇਕ ਫੁੱਟ ਉੱਚਾ ਰੱਖਿਆ।

ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਉਪਰੰਤ ਪਹਿਲਾ ਹੁਕਮਨਾਮਾ ਜਾਰੀ ਕੀਤਾ ਅਤੇ ਸਿੱਖ ਸੰਗਤ ਨੂੰ ਗੁਰੂ ਘਰ ਲਈ ਘੋੜੇ, ਜੁਆਨੀ ਅਤੇ ਹਥਿਆਰ ਭੇਟਾ ਰੂਪ ਵਿਚ ਲਿਆਉਣ ਦਾ ਹੁਕਮ ਕੀਤਾ। ਦੂਸਰਾ ਹੁਕਮਨਾਮਾ ਇਕੀ ਹਾੜ ਸੰਮਤ 1663 ਨੂੰ ਜਾਰੀ ਕਰ ਸਿੱਖ ਸੰਗਤ ਨੂੰ ਅਕਾਲ ਤਖ਼ਤ 'ਤੇ ਇਕੱਤਰ ਕੀਤਾ ਅਤੇ ਪੰਜ ਸਿੱਖਾਂ ਭਾਈ ਪੈੜ੍ਹਾ, ਭਾਈ ਜੇਠਾ, ਭਾਈ ਲੰਗਾਹ, ਭਾਈ ਮੋਖ਼ਾ ਅਤੇ ਭਾਈ ਬਿਧੀ ਚੰਦ ਦੀ ਚੋਣ ਕਰਕੇ ਜਥੇਦਾਰ ਥਾਪ ਦਿਤਾ ਅਤੇ ਇਨ੍ਹਾਂ ਅਧੀਨ ਸੌ-ਸੌ ਸਿੱਖਾਂ ਨੂੰ ਜਥੇਬੰਦ ਕਰਨ ਦਾ ਫੁਰਮਾਨ ਜਾਰੀ ਕਰ ਦਿਤਾ। ਇਸ ਚੋਜ ਨੂੰ ਆਨੰਦਪੁਰ ਸਾਹਿਬ ਵਿਚ ਹੋਈ ਖਾਲਸੇ ਦੀ ਸਿਰਜਣਾ ਵਰਗਾ ਹੀ ਤਸੱਵਰ ਕੀਤਾ ਜਾ ਸਕਦਾ ਹੈ।

ਗੁਰੂ ਜੀ ਦੇ ਇਨ੍ਹਾਂ ਕਾਰਜਾਂ ਨੂੰ ਹਕੂਮਤ ਨੇ ਸ਼ੱਕੀ ਰੂਪ ਵਿਚ ਵੇਖਿਆ ਅਤੇ ਆਪ ਜੀ ਨੂੰ ਗ੍ਰਿਫ਼ਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ ਗਿਆ। ਜਲਦੀ ਜਹਾਂਗੀਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ

ਗਿਆ ਅਤੇ ਗੁਰੂ ਪਾਤਸ਼ਾਹ ਨੂੰ ਛੱਡਣ ਦੇ ਹੁਕਮ ਜਾਰੀ ਕਰ ਦਿਤਾ। ਗੁਰੂ ਪਾਤਸ਼ਾਹ ਨੇ ਉਸ ਵੇਲੇ ਤੱਕ ਰਿਹਾਅ ਹੋਣ ਤੋਂ ਇਨਕਾਰ ਕਰ ਦਿਤਾ, ਜਦੋਂ ਤੱਕ ਕਿਲ੍ਹੇ ਵਿਚ ਕੈਦ ਕੀਤੇ 52 ਰਾਜਿਆਂ ਨੂੰ ਛੱਡਿਆ ਨਹੀਂ ਜਾਂਦਾ। ਜਹਾਂਗੀਰ ਨੇ ਇਹ ਵੀ ਮੰਨ ਲਿਆ ਅਤੇ ਆਪ ਜੀ ਨਾਲ ਉਹ ਰਾਜੇ ਵੀ ਛੱਡ ਦਿਤੇ। ਇਸੇ ਕਰਕੇ ਆਪ ਜੀ ਨੂੰ ਬੰਦੀ-ਛੋੜ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਹੁਣ ਸਵੇਰੇ ਉਠਦੇ, ਹਰਿਮੰਦਰ ਜਾਂਦੇ, ਗੁਰਬਾਣੀ ਦਾ ਕੀਰਤਨ ਹੁੰਦਾ, ਉਪਰੰਤ ਅਕਾਲ ਤਖ਼ਤ ਦੇ ਸਾਹਮਣੇ ਦੀਵਾਨ ਸਜਦੇ। ਸੂਰਮਿਆਂ ਦੀਆਂ ਵਾਰਾਂ ਗਾਇਨ ਹੁੰਦੀਆਂ ਜੋ ਸਿੱਖਾਂ ਵਿਚ ਬੀਰ ਰਸ ਪੈਦਾ ਕਰਦੀਆਂ। ਕੁਸ਼ਤੀਆਂ ਅਤੇ ਯੁੱਧਾਂ ਦੀ ਸਿਖਲਾਈ ਅਕਾਲ ਤਖ਼ਤ ਦੇ ਸਾਹਮਣੇ ਹੁੰਦੀ। ਤੀਜੇ ਪਹਿਰ ਗੁਰੂ ਪਾਤਸ਼ਾਹ ਸ਼ਾਹੀ ਠਾਠ ਨਾਲ ਬਾਹਰ ਨਿਕਲਦੇ ਅਤੇ ਸ਼ਿਕਾਰ ਤੇ ਜਾਂਦੇ। ਹੁਣ ਸਿੱਖਾਂ ਕੋਲ ਆਪਣਾ ਸੱਚਾ ਪਾਤਸ਼ਾਹ ਸੀ ਤੇ ਆਪਣਾ ਤਖ਼ਤ ਵੀ, ਇਸ ਲਈ ਉਨ੍ਹਾਂ ਨੇ ਸਰਕਾਰੇ ਦਰਬਾਰੇ ਜਾਣਾ ਛੱਡ ਦਿਤਾ ਅਤੇ ਕਿਸੇ ਵੀ ਸਮੱਸਿਆ ਦੇ ਹੱਲ ਲਈ ਉਹ ਹੁਣ ਗੁਰੂ ਪਾਤਸ਼ਾਹ ਦੇ ਸਨਮੁਖ ਪੇਸ਼ ਹੁੰਦੇ। ਆਪ ਜੀ ਦੀਆਂ ਇਹ ਕਾਰਵਾਈਆਂ ਜਿਥੇ ਸਿੱਖ ਸੰਗਤ ਲਈ ਅਦਭੁੱਤ ਸਨ ਉਥੇ ਗੈਰ ਸਿੱਖ ਇਸ ਨੂੰ ਸ਼ੱਕ ਦੀ ਨਿਗਾਹ ਨਾਲ ਵੀ ਵੇਖਦੇ। ਇਸ ਤਰ੍ਹਾਂ ਦਾ ਸ਼ੰਕਾ ਜਦ ਇਕ ਮਰਾਠੀ ਸੰਤ ਰਾਮਦਾਸ ਜੀ ਵਲੋਂ ਹੋਇਆ ਤਾਂ -

*ਬਾਤਨ ਫਕੀਰੀ ਜ਼ਾਹਰ ਅਮੀਰੀ*
*ਸ਼ਸਤਰ ਗਰੀਬ ਕੀ ਰਖਿਆ*
*ਜਰਵਾਨੇ ਦੀ ਭਿਖਿਆ।*

1627 ਈਸਵੀ ਨੂੰ ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਮੌਤ ਹੋ ਗਈ ਅਤੇ ਦਿੱਲੀ ਦੇ ਤਖ਼ਤ 'ਤੇ ਜਹਾਂਗੀਰ ਦੇ ਚਹੇਤੇ ਸਹਿਰਯਾਰ ਦੀ ਥਾਂ ਖੁਰਮ, ਸ਼ਾਹਜਹਾਨ ਦਾ ਲਕਬ ਧਾਰਨ ਕਰ ਰਾਜ ਗੱਦੀ ਤੇ ਬੈਠ ਗਿਆ।

ਉਸ ਨੇ ਗੱਦੀ ਤੇ ਬੈਠਦੇ ਹੀ ਐਲਾਨ ਕਰ ਦਿਤਾ ਕਿ ਉਸ ਦੇ ਰਾਜ ਵਿਚ ਕਿਸੇ ਵੀ ਹੋਰ ਧਰਮ ਦਾ ਪ੍ਰਚਾਰ ਅਤੇ ਪਸਾਰ ਨਹੀਂ ਹੋ ਸਕਦਾ। ਸਪੱਸ਼ਟ ਸੀ ਕਿ ਹੁਣ ਪਿਆਰ ਦੇ ਨਾਲ ਤਲਵਾਰ ਦੇ ਜੌਹਰ ਵਿਖਾਉਣ ਦਾ ਸਮਾਂ ਆ ਗਿਆ ਸੀ। ਗੁਰੂ ਪਾਤਸ਼ਾਹ ਨੇ ਮੁਗਲ ਹਕੂਮਤ ਨਾਲ ਚਾਰ ਯੁੱਧ ਅੰਮ੍ਰਿਤਸਰ ਦਾ ਯੁੱਧ, ਹਰਿਗੋਬਿੰਦ ਪੁਰ ਦਾ ਯੁੱਧ, ਮਹਿਰਾਜ ਦਾ ਯੁੱਧ ਅਤੇ ਕਰਤਾਰਪੁਰ ਦਾ ਯੁੱਧ ਲੜੇ। ਚਾਰਾਂ ਯੁੱਧਾਂ ਵਿਚ ਹੀ ਹਾਕਮ ਧਿਰ ਦੀ ਹਾਰ ਹੋਈ ਅਤੇ ਗੁਰੂ ਪਾਤਸ਼ਾਹ ਦੇ ਸਿੱਖ ਜੇਤੂ ਹੋ ਨਿਤਰੇ। ਹਿੰਦੁਸਤਾਨ ਦੀ ਧਰਤੀ ਤੇ ਮੁਗਲਾਂ ਨੂੰ ਹਮੇਸ਼ਾ ਵਿਜਈ ਦੇ ਤੌਰ ਤੇ ਹੀ ਵੇਖਿਆ ਜਾਂਦਾ ਸੀ, ਪਰ ਉਨ੍ਹਾਂ ਦੀਆਂ ਜਿਸ ਤਰ੍ਹਾਂ ਹਾਰਾਂ ਹੋਈਆਂ, ਉਸ ਨੇ ਹਿੰਦੁਸਤਾਨ ਦੀ ਸ਼ੋਸ਼ਿਤ ਹੋ ਚੁੱਕੀ ਮਾਨਸਿਕਤਾ ਵਿਚ ਸੁਤੰਤਰਤਾ ਦੀ ਚਿਣਗ ਪੈਦਾ ਕਰ ਦਿਤੀ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕੁਝ ਸਮਾਂ ਪਹਿਲਾਂ ਵਸਾਏ ਕੀਰਤਪੁਰ ਨਗਰ ਵਿਚ ਰਹਿਣਾ ਸ਼ੁਰੂ ਕਰ ਦਿਤਾ। ਸਿੱਖੀ ਸਿਧਾਂਤਾਂ ਦਾ ਪ੍ਰਚਾਰ ਅਤੇ ਪਸਾਰ ਜੋਰਾਂ ਸ਼ੋਰਾਂ ਨਾਲ ਹੋਣ ਲੱਗਾ। ਦੂਰ-ਦੁਰਾਡੇ ਦੀ ਸੰਗਤਾਂ ਇਥੇ ਗੁਰੂ ਦਰਸ਼ਨਾਂ ਨੂੰ ਆਉਂਦੀਆਂ। ਇਹ ਜਗ੍ਹਾ ਜੰਗੀ ਕਾਰਵਾਈਆਂ ਲਈ ਵੀ ਬਹੁਤ ਅਹਿਮ ਸੀ ਕਿਉਂਕਿ ਇਕ ਪਾਸੇ ਸਰਸਾ ਦਰਿਆ ਸੀ ਅਤੇ ਦੂਜੇ ਪਾਸੇ ਜੰਗਲ ਹੀ ਜੰਗਲ। ਦਿਨਾਂ ਵਿਚ ਜੰਗਲ ਵਿਚ ਮੰਗਲ ਹੋ ਗਿਆ। ਇਥੇ ਆਪ ਨੇ 1644 ਈਸਵੀ ਨੂੰ ਸਰੀਰ ਤਿਆਗਿਆ, ਪਰ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਅਗਲੇ ਨਾਨਕ ਵਜੋਂ ਸਥਾਪਤੀ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੀ ਕਰ ਦਿਤੀ।

*ਸਰੋਤ - ਪੁਸਤਕ : 'ਨਾਨਕ ਤੂੰ ਲਹਣਾ ਤੂਹੈ'*

---

*(ਪੰਨਾ 46 ਦੀ ਬਾਕੀ)*

ਹੇ ਪਰਮੇਸ਼ਰ! ਆਕਾਸੀ=ਅਕਾਸ਼ਾਂ ਵਿਚ ਭੀ ਅਤੇ ਪਾਤਾਲਾਂ ਵਿਚ ਭੀ ਤੂੰ ਆਪ ਹੀ ਹੈਂ। ਤਿੰਨਾਂ ਲੋਕਾਂ ਵਿਚ ਭਾਵ ਸਵਰਗ ਲੋਕ, ਮਾਤ ਲੋਕ ਅਤੇ ਪਾਤਾਲ ਲੋਕ ਵਿਚ ਵੀ ਤੂੰ ਆਪ ਹੀ ਸਮਾਇ=ਵਿਆਪਕ ਹੋ ਰਿਹਾ ਹੈਂ ਅਥਵਾ ਪਾਤਾਲਾਂ ਦੀ ਨਿਆਈਂ ਨਿਮਰਤਾ ਵਾਲੇ ਪੁਰਸ਼ਾਂ ਵਿਚ ਅਤੇ ਆਕਾਸੀ=ਚਿਦਾ ਆਕਾਸ਼ ਵਿਚ ਵਿਚਰਨ ਵਾਲਾ ਤੱਤ ਬੇਤਾ ਹੋ ਕੇ ਤੂੰ ਆਪ ਹੀ ਹੈਂ ਅਥਵਾ ਪਾਤਾਲ ਵੀ ਅਤੇ ਆਕਾਸ਼ ਭੀ ਤੇਰਾ ਰੂਪ ਹੈ। ਤਿੰਨਾਂ ਲੋਕਾਂ ਵਿਚ ਵੀ ਤੇਰਾ ਆਪਣਾ ਸਰੂਪ ਸਮਾਇਆ ਹੋਇਆ ਹੈ।

**ਆਪੇ ਭਗਤੀ ਭਾਉ ਤੂੰ**
**ਆਪੇ ਮਿਲਹਿ ਮਿਲਾਇ ॥**

ਆਪ ਹੀ ਭਗਤੀ ਕਰਨ ਵਾਲਾ ਹੈਂ ਵਾ: ਆਪ ਹੀ ਤੂੰ ਗੁਰੂ ਰੂਪ ਹੋ ਕੇ ਭਗਤੀ ਦਾ ਉਪਦੇਸ਼ ਦੇਣ ਵਾਲਾ ਹੈਂ ਅਤੇ ਤੂੰ ਆਪ ਹੀ ਭਾਉ=ਪ੍ਰਕਾਸ਼ ਕਰਨ ਵਾਲਾ ਅਤੇ ਆਪ ਹੀ ਭਾਉ=ਪ੍ਰੇਮ ਰੂਪ ਹੈਂ। ਆਪ ਹੀ ਗੁਰੂ ਰੂਪ ਹੋ ਕੇ ਮਿਲਾਇ=ਮਿਲਾਉਣ ਵਾਲਾ ਹੈਂ ਤੇ ਆਪ ਹੀ ਪਰਮੇਸ਼ਰ ਰੂਪ ਹੋ ਕੇ ਮਿਲਹਿ=ਮਿਲਦਾ ਹੈਂ।

**ਨਾਨਕ ਨਾਮੁ ਨ ਵੀਸਰੈ**
**ਜਿਉ ਭਾਵੈ ਤਿਵੈ ਰਜਾਇ ॥**
**੯ ॥ ੧੩ ॥**

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਪਰਮੇਸ਼ਰ! ਆਪ ਜੀ ਦਾ ਨਾਮ ਸਾਨੂੰ ਕਦੇ ਵੀ ਨ ਵੀਸਰੈ=ਨਾ ਭੁੱਲੇ, ਜਿਵੇਂ ਆਪ ਜੀ ਨੂੰ ਭਾਵੈ=ਭਾਉਂਦਾ ਹੈ, ਤਿਵੈ=ਉਸੇ ਤਰ੍ਹਾਂ ਆਪਣੀ ਰਜਾਇ=ਰਜ਼ਾ ਵਿਚ ਰੱਖਣਾ ਕਰ। ਅਸੀਂ ਆਪ ਜੀ ਦਾ ਭਾਣਾ ਮੰਨਣਾ ਕਰੀਏ ਤੇ ਸਦਾ ਹੀ ਸਿਮਰਨ ਕਰਦੇ ਰਹੀਏ।

*'ਚਲਦਾ..........।''*

# ਜਨ ਪਰਉਪਕਾਰੀ ਆਏ
## (ਭਾਗ - 3)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-46)*

ਉਸ ਵੇਲੇ ਧਰਤੀ ਡੋਲ ਗਈ, ਅਸਮਾਨ ਰੋ ਉਠਿਆ ਅਤੇ ਰੱਬ ਤੋਂ ਖੌਫ ਖਾਣ ਵਾਲੇ, ਕੀ ਹਿੰਦੂ, ਕੀ ਮੁਸਲਮਾਨ, ਜੋ ਹਮਦਰਦ ਸਨ, ਸੂਬੇ ਦੇ ਇਸ ਜ਼ੁਲਮੋ-ਸਿਤਮ ਨਾਲ ਤਰਾਹ-ਤਰਾਹ ਕਰ ਉਠੇ। ਸਾਰੇ ਸ਼ਹਿਰ ਵਿਚ ਇਹ ਦਰਦਨਾਕ ਘਟਨਾ ਹੀ ਲੋਕਾਂ ਦੀ ਚਰਚਾ ਦਾ ਵਿਸ਼ਾ ਸੀ। ਕਈਆਂ ਦੀਆਂ ਅੱਖਾਂ ਵਿਚ ਹੰਝੂ ਵਗ ਰਹੇ ਸੀ ਤੇ ਦੀਵਾਨ ਟੋਡਰ ਮੱਲ ਨੂੰ ਵੀ ਇਸ ਦਾ ਪਤਾ ਲੱਗਿਆ -

*ਇਕ ਸਿਖ ਟੋਡਰ ਮਲ ਬਹੁ ਧਨੀ।*
*ਸਾਹਿਬਜ਼ਾਦੇ ਪਕਰਨਿ ਸੁਨੀ।*
*ਰਿਦੈ ਬਿਚਾਰਿਯੋ ਧਨ ਗਨ ਦੇ ਕੈ।*
*ਤੁਰਕਨਿ ਤੇ ਛੁਰਵਾਵਨਿ ਕੈ ਕੈ।*
*ਐਂਚਤਿ ਕੰਕਰ ਧੂਰ ਘਨੇਰੀ।*
*ਬਹੀ ਬਾਯੂ ਬਹੁ ਬੇਰ ਕੁਫੇਰੀ।*
*ਬਿਨ ਘਨ ਗਰਜ ਗਗਨ ਤੇ ਸੁਨੀ।*
*ਸਭਿ ਪਛਤਾਵਿਤ ਮੁੰਡੀ ਧੁਨੀ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਭਾਈ ਵੀਰ ਸਿੰਘ ਜੀ ਦੀ ਲਿਖਤ ਮੁਤਾਬਿਕ -

ਉਸ ਵੇਲੇ ਐਸੀ ਹਨ੍ਹੇਰੀ ਤੇ ਤੁਫਾਨ ਆਇਆ ਤੇ ਗਗਨ ਵਿਚ ਬਦਲ ਵਾਂਗ ਗੜਗੜਾਹਟ ਹੋਈ ਮਾਨੋਂ ਕੁਦਰਤ ਵੀ ਇਸ ਦਰਦ ਨੂੰ ਸਹਾਰ ਨਾ ਸਕੀ। ਗੁਰੂ ਕਾ ਸਿੱਖ ਦੀਵਾਨ ਟੋਡਰ ਮੱਲ, ਜੋ ਕਾਫੀ ਦੂਰ ਰਹਿੰਦਾ ਸੀ, ਭੱਜਾ-ਭੱਜਾ ਆਇਆ ਕਿ ਮੈਂ ਸਾਰਾ ਸਰਬੰਸ ਵਾਰ ਦਿਆਂ ਪਰ ਸਾਹਿਬਜ਼ਾਦਿਆਂ ਨੂੰ ਬਚਾ ਲਵਾਂ। ਪਰ ਜਦੋਂ ਇਹ ਸਿਦਕੀ ਸਿੱਖ ਪਹੁੰਚਿਆ ਤਾਂ ਪਤਾ ਲੱਗਾ ਕਿ ਦਲੇਰ ਬੱਚੇ ਸਰੀਰ ਤਿਆਗ ਕੇ ਸਚਖੰਡ ਪਹੁੰਚ ਗਏ ਹਨ। ਇਥੋਂ ਜਾ ਕੇ ਟੋਡਰ ਮੱਲ ਨੇ ਮਾਤਾ ਗੁਜਰ ਕੌਰ ਜੀ ਨੂੰ ਹੱਥ ਜੋੜ ਕੇ, ਨਮਸ਼ਕਾਰ ਕੀਤੀ ਤੇ ਭਰੇ ਹੰਝੂਆਂ ਨਾਲ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਸ਼ੋਕ ਸਮਾਚਾਰ ਸੁਣਾਇਆ।

*ਇਤਨੇ ਮਹਿ ਟੋਡਰਮਲ ਗਯੋ।*
*ਹਾਥ ਜੋਰਿ ਬੰਦਤਿ ਭਯੋ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਉਸ ਵੇਲੇ ਆਪ ਜੀ ਨੇ ਜਪੁਜੀ ਸਾਹਿਬ ਦਾ ਪਾਠ ਕਰਕੇ ਅਰਦਾਸਾ ਸੋਧਿਆ। ਚੌਂਕੜਾ ਲਾਕੇ ਸਮਾਧੀ ਲੀਨ ਹੋ ਗਏ ਅਤੇ ਦਸਮ ਦੁਆਰ ਪ੍ਰਾਣ ਚੜ੍ਹਾ ਕੇ ਉਨ੍ਹਾਂ ਨੇ ਵੀ ਆਪਣੇ ਪੰਚ ਭੂਤਕ ਸਰੀਰ ਦਾ ਤਿਆਗ ਕਰ ਦਿਤਾ।

*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ॥* *(ਅੰਗ-੬੩੩)*

ਮਾਤਾ ਜੀ ਬ੍ਰਹਮ ਗਿਆਨ ਦੀ ਅਵਸਥਾ ਵਿਚ ਵਿਚਰਨ ਵਾਲੇ ਸਨ। ਦਸਵੇਂ ਪਿਤਾ ਜੀ ਦੇ ਬਚਨਾਂ ਅਨੁਸਾਰ ਮਾਤਾ ਜੀ ਨਾਮ ਵਿਚ ਜੁੜਨ ਦੀਆਂ ਸਾਰੀਆਂ ਅਨੁਭਵੀ ਜੁਗਤੀਆਂ ਤੋਂ ਭਲੀ ਭਾਂਤ ਜਾਣੂੰ ਸਨ। ਗੁਰੂ ਪਤੀ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਾਨ ਕਿਰਪਾ ਦੇ ਪਾਤਰ ਵੀ ਸਨ ਅਤੇ ਕੋਲ ਬੈਠ ਕੇ ਨਾਮ ਦਾ ਅਭਿਆਸ ਕਰਿਆ ਕਰਦੇ ਸਨ।

*ਤਾਤ ਮਾਤ ਮਹੁ ਅਲਖ ਅਰਾਧਾ॥*
*ਬਹੁ ਬਿਧਿ ਯੋਗ ਸਾਧਨਾ ਸਾਧਾ॥* *(ਸ੍ਰੀ ਦਸਮ ਗ੍ਰੰਥ)*

ਪਿਆਰੇ ਮਹਾਂਪੁਰਸ਼ ਸ੍ਰੀਮਾਨ ਸੰਤ ਵਰਿਆਮ ਸਿੰਘ ਜੀ ਨੇ ਵੀ ਉਪਰੋਕਤ ਬਚਨਾਂ ਦੀ ਪੁਸ਼ਟੀ ਇਸ ਪ੍ਰਸੰਗ ਪ੍ਰਥਾਇ ਆਪਣੇ ਬਚਨਾਂ ਵਿਚ ਕੀਤੀ ਹੈ ਤੇ ਨਿਰਨਾ ਕੀਤਾ ਹੈ ਕਿ ਕੁਝ ਲਿਖਾਰੀਆਂ ਦਾ ਇਹ ਅੰਦਾਜ਼ਾ ਲਾਉਣਾ ਕਿ ਉਨ੍ਹਾਂ ਨੇ ਹੀਰਾ ਚੱਟਿਆ ਜਾਂ ਕੰਧ ਨਾਲ ਸਿਰ ਮਾਰ ਕੇ ਜਾਨ ਦਿਤੀ ਜਾਂ ਜ਼ਾਲਿਮਾਂ ਨੇ ਧੱਕਾ ਦੇ ਕੇ ਹੇਠਾਂ ਸੁੱਟਿਆ, ਇਹ ਸਾਰੀਆਂ ਗੱਲਾਂ ਬੇਬੁਨਿਆਦ ਤੇ ਗੁਰਮਤਿ ਤੋਂ ਉਲਟ ਹਨ ਜੋ ਕਿ ਬੁੱਧੀਜੀਵੀਆਂ ਦੇ ਆਪਣੇ ਦਿਮਾਗ ਦੀ ਕਾਢ ਹੈ। ਜਦਕਿ ਮਾਤਾ ਜੀ ਆਪ ਉਚੀ ਆਤਮਿਕ ਅਵਸਥਾ ਵਾਲੇ ਅਤੇ ਬੇਮਿਸਾਲ ਹੌਸਲੇ ਦੇ ਮਾਲਿਕ ਸਨ। ਮਾਤਾ ਗੁਜਰ ਕੌਰ ਜੀ ਦੀ ਮਹਾਨਤਾ ਕਿਸੇ ਤੋਂ ਲੁਕੀ ਛਿਪੀ ਨਹੀਂ ਹੈ, ਉਹ ਆਪ ਮਹਾਨ ਸ਼ਹੀਦ ਹਨ, ਉਨ੍ਹਾਂ ਦੇ ਸਮੁਚੇ ਪਰਿਵਾਰ ਨੇ ਸ਼ਹੀਦੀਆਂ ਦਿਤੀਆਂ ਹਨ। ਇਸ ਕਰਕੇ ਉਨ੍ਹਾਂ ਨੂੰ ਸ਼੍ਰੋਮਣੀ ਸ਼ਹੀਦ ਮਾਤਾ ਦਾ ਦਰਜਾ ਪ੍ਰਾਪਤ ਹੈ। ਨਿਰਸੰਦੇਹ ਮਾਤਾ ਗੁਜਰ ਕੌਰ ਜੀ ਵਰਗੀ ਅਮਰ ਸ਼ਹੀਦ ਤੇ ਲਾਸਾਨੀ ਕੁਰਬਾਨੀ ਵਰਗੀ ਮਹਾਨ ਸ਼ਖਸ਼ੀਅਤ ਸੰਸਾਰ ਭਰ ਦੇ ਇਤਿਹਾਸ ਵਿਚ ਕਿਧਰੇ ਵੀ ਨਹੀਂ ਮਿਲਦੀ ਜਿਸ ਨੇ ਦੇਸ਼, ਧਰਮ ਤੇ ਕੌਮ ਬਦਲੇ ਅਪਣੇ ਪਤੀ (ਸ੍ਰੀ ਗੁਰੂ ਤੇਗ ਬਹਾਦਰ ਜੀ), ਪੁੱਤਰ (ਸ੍ਰੀ ਗੁਰੂ ਗੋਬਿੰਦ ਸਿੰਘ ਜੀ), ਪੋਤਰੇ (ਚਾਰੇ ਸਾਹਿਬਜ਼ਾਦੇ), ਭਰਾ (ਕ੍ਰਿਪਾਲ ਚੰਦ ਜੀ) ਅਤੇ ਨਦੋਤਰੇ (ਬੀਬੀ ਵੀਰੋ ਜੀ ਦੇ ਪੰਜੇ ਪੁੱਤਰ) ਸ਼ਹੀਦ ਕਰਵਾ ਕੇ ਅਕਾਲ ਪੁਰਖ ਦੇ ਭਾਣੇ ਵਿਚ ਅਡੋਲ ਰਹੀ ਹੋਵੇ।

ਦੀਵਾਨ ਟੋਡਰ ਮੱਲ ਜੀ ਵ'ਲੋਂ ਬਾਬਾ ਮੋਤੀ ਚੰਦ

ਮੇਹਰਾ ਜੀ ਦੀ ਮਦਦ ਨਾਲ ਤਿੰਨਾਂ ਸਰੀਰਾਂ ਨੂੰ ਸਤਿਕਾਰ ਸਹਿਤ ਲਿਆਂਦਾ ਗਿਆ। ਉਸ ਵੇਲੇ ਨਿਰਦਈ ਸੂਬੇ ਵੱਲੋਂ ਇਹ ਸ਼ਰਤ ਰੱਖੀ ਗਈ ਕਿ ਇਨ੍ਹਾਂ ਦੇ ਸਸਕਾਰ ਵਾਸਤੇ ਜ਼ਮੀਨ ਸੋਨੇ ਦੀਆਂ ਖੜ੍ਹੀਆਂ ਮੋਹਰਾਂ ਰੱਖ ਕੇ ਹੀ ਦਿਤੀ ਜਾਵੇਗੀ ਤੇ ਇਹ ਜ਼ਮੀਨ ਦੀਵਾਨ ਜੀ ਨੇ ਇਸੇ ਤਰ੍ਹਾਂ ਖਰੀਦੀ। ਨੇਕ ਦਿਲ ਇਨਸਾਨ ਦੀਵਾਨ ਟੋਡਰ ਮੱਲ ਜੀ ਵੱਲੋਂ ਤਿੰਨਾਂ ਦਾ ਇਕੱਠਿਆਂ 'ਗੁਰਦੁਆਰਾ ਜੋਤੀ ਸਰੂਪ' ਵਾਲੀ ਥਾਂ ਤੇ ਸ੍ਰੀ ਫਤਿਹਗੜ੍ਹ ਸਾਹਿਬ (ਸਰਹੰਦ) ਵਿਖੇ 28 ਦਸੰਬਰ, 1704 ਨੂੰ ਕੀਤਾ ਗਿਆ।

*ਮਿਲਿ ਪੌਤ੍ਰਨਿ ਗੁਰਪੁਰੀ ਸਿਧਾਰੇ।*
*ਤੀਨਹੁਂ ਤਨ ਟੋਡਰ ਸਸਕਾਰੇ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਭਾਰਤ ਦੇ ਰਾਸ਼ਟਰ ਕਵੀ ਮੈਥਲੀ ਜੀ ਨੇ ਵੀ ਇਸ ਖੂਨੀ ਸਾਕੇ ਦਾ ਵਰਨਣ ਕਰਦੇ ਹੋਏ ਲਿਖਿਆ ਹੈ।

*ਜਿਸ ਕੁਲ ਜਾਤਿ ਕੌਮ ਕੇ ਬੱਚੇ*
*ਦੇ ਸਕਤੇ ਹੋਂ ਯੂੰ ਬਲੀਦਾਨ।*
*ਉਸ ਕਾ ਵਰਤਮਾਨ ਕੁਛ ਭੀ ਹੋ*
*ਪਰ ਭਵਿਸ਼ ਹੈ ਮਹਾਂ ਮਹਾਨ।*

ਜੋਗੀ ਅਲਾਯਾਰ ਖਾਨ ਜੀ ਵੀ ਇਸ ਬਾਰੇ ਇੰਜ ਬਿਆਨ ਕਰਦੇ ਹਨ।

*ਥਾ ਇਨ ਕਾ ਕਿ'ਸਾ ਲੇ ਕੇ ਚਲੇਂ ਅਬ ਮਚਾਨ ਪਰ।*
*ਬੁਨਿਆਦ ਥੀ ਧਰਮ ਕੀ ਖੁਦੀ ਜਿਸ ਮਕਾਨ ਪਰ।*

ਦਸਵੇਂ ਪਾਤਸ਼ਾਹ ਜੀ ਜਦੋਂ ਰਾਇ ਕੱਲੇ ਪਾਸ ਠਹਿਰੇ ਹੋਏ ਸਨ ਤਾਂ ਆਪ ਜੀ ਨੇ ਉਸ ਦੇ ਨੌਕਰ ਮਾਹੀ ਨੂੰ ਖਬਰ ਲੈਣ ਵਾਸਤੇ ਸਰਹੰਦ ਭੇਜਿਆ ਸੀ। ਉਸ ਨੇ ਆਪ ਜੀ ਨੂੰ ਸ਼ਹੀਦੀ ਦਾ ਸਾਰਾ ਪ੍ਰਸੰਗ ਰੋ-ਰੋ ਕੇ ਸੁਣਾਇਆ ਤੇ ਚੌਧਰੀ ਰਾਇ ਕੱਲੇ ਦੀਆਂ ਅੱਖਾਂ ਵਿਚੋਂ ਵੀ ਛਮ-ਛਮ ਅੱਥਰੂ ਵਗ ਰਹੇ ਸੀ। ਉਸ ਵੇਲੇ ਗੁਰੂ ਜੀ ਦੇ ਹੱਥ ਵਿਚ ਜੋ ਤੀਰ ਸੀ ਉਸ ਨਾਲ ਕਾਂਈ ਦੇ ਬੂਟੇ ਦੀ ਜੜ੍ਹ ਉਖਾੜ ਕੇ ਬਚਨ ਕੀਤਾ ਕਿ "ਅਸੀਂ ਤੁਰਕਾਂ ਦੇ ਜ਼ੁਲਮੀ ਰਾਜ ਦੀ ਜੜ੍ਹ ਪੁੱਟ ਦਿਤੀ ਹੈ ਕਿਉਂਕਿ ਜਦੋਂ ਪਾਪ ਦਾ ਘੜਾ ਭਰ ਜਾਵੇ, ਫੇਰ ਡੁਬਦਾ ਹੈ। ਵਾਹਿਗੁਰੂ ਨੂੰ ਇਹ ਜ਼ੁਲਮ ਨਹੀਂ ਭਾਉਂਦਾ ਕਿਉਂਕਿ ਨਾਮ ਨਾਲ ਰੱਤੇ ਹੋਏ ਪ੍ਰਭੂ ਪਿਆਰਿਆਂ ਦੀ ਹਰ ਝਰਨਾਹਟ ਪ੍ਰਭੂ ਤੱਕ ਅਪੜਦੀ ਹੈ"।

*ਜਿਹ ਸਿਰੰਦ ਮਹਿਂ ਸਾਹਿਬਜ਼ਾਦੇ।*
*ਕਰੀ ਅਵਗਯਾ ਤੁਰਕਨ ਬਾਦੇ।*
*ਸਕਲ ਸਦਨ ਕੀ ਜਰਾਂ ਉਖਰਿ ਹੈਂ।..*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਹ ਵੀ ਬਚਨ ਕੀਤਾ ਕਿ ਮਲੇਰਕੋਟਲੀਏ ਨੇ ਹਾਅ ਦਾ ਨਾਅਰਾ ਮਾਰ ਕੇ ਜੜ੍ਹ ਰੱਖ ਲਈ ਹੈ। ਇਹ ਸੁਣ ਕੇ ਰਾਇ ਕੱਲਾ ਹੱਥ ਜੋੜ ਕੇ ਬੇਨਤੀ ਕਰਨ ਲੱਗਾ ਕਿ ਮਹਾਰਾਜ ਮੈਂ ਵੀ ਤਾਂ ਮੁਸਲਮਾਨ ਹਾਂ, ਕਿਰਪਾ ਕਰਕੇ ਮੈਨੂੰ ਰੱਖ ਲੈਣਾ ਕਰੋ।

*ਨਿਜ ਕਰ ਮਹਿਂ ਧਰਿ ਬਾਕ ਬਖਾਨਾ।*
*ਤੁਝ ਕੋ ਬਖਸ਼ਹਿਂ ਚਾਰੁ ਕ੍ਰਿਪਾਨਾ।*
*ਜਬਿ ਰਖਹੁ ਅਦਬ ਇਸ ਕੇਰਾ।*
*ਰਹੈ ਬੰਸ ਹੋਇ ਰਾਜ ਬਡੇਰਾ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਸਤਿਗੁਰੂ ਜੀ ਕਹਿਣ ਲੱਗੇ ਰਾਇ ਕੱਲਾ! ਤੂੰ ਸਾਨੂੰ ਪਿਆਰ ਕੀਤਾ ਹੈ, ਤੈਨੂੰ ਅਸੀਂ ਰੱਖ ਲਿਆ ਹੈ। ਆਹ ਸਾਡੀ ਸ੍ਰੀ ਸਾਹਿਬ (ਤਲਵਾਰ) ਤੈਨੂੰ ਦਿੰਦੇ ਹਾਂ, ਇਸ ਨੂੰ ਸਾਂਭ ਕੇ ਰੱਖੀਂ, ਇਸ ਦਾ ਸਤਿਕਾਰ ਕਰੀਂ ਤੇ ਕਦੇ ਭੁੱਲ ਕੇ ਵੀ ਨਿਰਾਦਰ ਨਹੀਂ ਕਰਨਾ। (ਭਾਈ ਵੀਰ ਸਿੰਘ ਜੀ ਨੇ ਇਤਿਹਾਸ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਰਾਇ ਕੱਲੇ ਦੇ ਪੋਤਰੇ ਨੇ ਕਾਜ਼ੀਆਂ ਦੇ ਆਖੇ ਲੱਗ ਕੇ ਤਲਵਾਰ ਦਾ ਅਪਮਾਨ ਕੀਤਾ, ਸ਼ਿਕਾਰ ਖੇਡਦਾ ਇਸੇ ਤਲਵਾਰ ਨਾਲ ਘਾਇਲ ਹੋ ਕੇ ਮਰ ਗਿਆ, ਪਿਛੋਂ ਰਾਜ ਵੀ ਜਾਂਦਾ ਰਿਹਾ)

ਇਹ ਵੀ ਬਚਨ ਕੀਤਾ ਕਿ ਸਰਹੰਦ ਵਿਚ ਘੋਰ ਪਾਪ ਹੋਇਆ ਹੈ। ਥੋੜੇ ਸਮੇਂ ਬਾਅਦ ਹੀ ਮੇਰਾ ਖਾਲਸਾ ਇਸ ਦੀ ਇਟ ਨਾਲ ਇਟ ਖੜਕਾਵੇਗਾ ਤੇ ਇਸ ਨੂੰ ਉਜਾੜ ਕੇ,ਪਾਪੀਆਂ ਨੂੰ ਦੰਡ ਦੇ ਕੇ ਬਾਹਰ ਕ'ਢੇਗਾ।

*ਪੁਰਿ ਸਿਰ੍ਹੰਦ ਮਹਿਂ ਪਾਪ ਘਨੇਰਾ।*
*ਉਜਰ ਜਾਇ ਲਹਿ ਕਸ਼ਟ ਬਡੇਰਾ।*
*ਸਿ'ਖ ਹਮਾਰੇ ਮਾਰਿ ਉਜਾਰਹਿਂ।*
*ਛੀਨਿ ਰਾਜ ਧਨ ਵਹਿਰ ਨਿਕਾਰਹਿਂ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਫਤਿਹਨਾਮਾ (ਜ਼ਫਰਨਾਮਾ) ਚਿਠੀ ਲਿਖ ਕੇ, ਉਸ ਵੱਲੋਂ ਕੀਤੀਆਂ ਗਈਆਂ ਵਧੀਕੀਆਂ, ਬਦਨੀਤੀਆਂ ਤੇ ਫਰੇਬੀਆਂ ਦਾ ਜ਼ਿਕਰ ਕਰਕੇ ਐਸਾ ਝੰਜੋੜਿਆ ਕਿ ਉਸ ਨੂੰ ਕੀਤੇ ਪਾਪ ਕਰਮਾਂ ਉਤੇ ਬਹੁਤ ਪਛਤਾਵਾ ਹੋਇਆ ਤੇ ਇਸ ਗਮ ਨਾਲ ਹੀ ਉਹ ਬੀਮਾਰ ਹੋ ਕੇ ਚੜ੍ਹਾਈ ਕਰ ਗਿਆ। ਮਰਨ ਤੋਂ ਪਹਿਲਾਂ ਉਸ ਨੂੰ ਸਤਿਗੁਰੂ ਜੀ ਦੇ ਨਿਰਭਉ-ਨਿਰਵੈਰ ਗੁਣਾਂ ਦਾ, ਸਰਬ ਸਾਂਝੇ ਰਹਿਬਰ ਹੋਣ ਦਾ ਅਤੇ ਮਹਾਨ ਪੈਗੰਬਰੀ ਸ਼ਕਤੀ ਹੋਣ ਦਾ ਅਹਿਸਾਸ ਹੋ ਗਿਆ ਸੀ। ਇਸੇ ਕਰਕੇ ਉਸ ਨੇ ਸ਼ਾਹੀ ਫੁਰਮਾਨ ਜਾਰੀ ਕੀਤਾ ਕਿ "ਗੁਰੂ ਗੋਬਿੰਦ ਸਿੰਘ ਜੀ ਆਪਣੀ ਮੌਜ ਤੇ ਮਰਜ਼ੀ ਨਾਲ ਜਿਥੇ ਚਾਹੁਣ ਆ ਜਾ ਸਕਦੇ ਹਨ, ਕੋਈ ਪਾਬੰਦੀ ਨਹੀਂ ਤੇ ਉਨ੍ਹਾਂ ਦਾ

'ਪੀਰੇ ਹਿੰਦ' ਦੀ ਤਰ੍ਹਾਂ ਸਨਮਾਨ ਕੀਤਾ ਜਾਵੇ"। ਸਤਿਗੁਰੂ ਜੀ ਨੇ ਉਸ ਖਤ ਵਿਚ ਲਿਖਿਆ ਕਿ:

ਜੇ ਤੂੰ ਕੁਰਾਨ ਦੀਆਂ ਲਿਖਤੀ ਕਸਮਾਂ ਵੇਖਣਾ ਚਾਹੁੰਦਾ ਹੈਂ ਤਾਂ ਉਹ ਮੈਂ ਤੈਨੂੰ ਭੇਜ ਸਕਦਾ ਹਾਂ।

*ਤੁਰਾ ਗਰ ਬ ਬਾਯਦ ਆਂ ਕੌਲੇ ਕੁਰਾਂ।*
*ਬ ਨਜ਼ਦੇ ਸ਼ੁਮਾ ਰਾ ਰਸਾਨਮ ਹੁਮਾਂ।* *(ਜ਼ਫਰਨਾਮਾ)*

ਕੀ ਹੋਇਆ ਮੇਰੇ ਚਾਰ ਬੱਚੇ ਮਾਰ ਦਿਤੇ ਹਨ, ਮੇਰਾ ਪੰਜਵਾਂ ਪੁੱਤਰ ਖਾਲਸਾ ਤਾਂ ਅਜੇ ਜਿੰਦਾ ਹੈ ਜੋ ਫਨੀਅਰ ਨਾਗ ਹੈ।

*ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤ: ਚਾਰ।*
*ਕਿ ਬਾਕੀ ਬਮਾਂਦਸਤ ਪੇਚੀਦ: ਮਾਰ।* *(ਜ਼ਫਰਨਾਮਾ)*

ਜਿਥੇ ਸਾਹਿਬਜ਼ਾਦਿਆਂ ਦੀ ਇਸ ਲਾਸਾਨੀ ਸ਼ਹਾਦਤ ਨੇ ਸਿੱਖੀ ਦੀ ਨੀਂਹ ਨੂੰ ਮਜ਼ਬੂਤ ਕਰਕੇ ਖਾਲਸਾ ਰਾਜ ਦਾ ਮੁੱਢ ਬੰਨ੍ਹ ਦਿਤਾ ਉਥੇ ਬਹਾਦਰ ਖਾਲਸੇ ਵੱਲੋਂ ਅਨੇਕਾਂ ਮਜ਼ਲੂਮਾਂ ਦੀ ਪਤਿ ਅਤੇ ਜਾਨ-ਮਾਲ ਦੀ ਰੱਖਿਆ ਕੀਤੀ ਗਈ। ਕੁਝ ਦਹਾਕਿਆਂ ਬਾਦ ਖਾਲਸੇ ਨੇ ਇਸ ਬਦਨੀਤ ਜ਼ਾਲਿਮ ਸ਼ਾਹੀ ਮੁਗਲ ਹਕੂਮਤ ਦਾ ਨਾਮੋ-ਨਿਸ਼ਾਨ ਭਾਰਤ ਦੀ ਸਰਜ਼ਮੀਨ ਤੋਂ ਮਿਟਾ ਦਿਤਾ।

*ਹਮ ਜਾਨ ਦੇ ਕੇ ਔਰੋਂ ਕੀ ਜਾਨ ਬਚਾ ਚਲੇ।*
*ਸਿਖੀ ਕੀ ਨੀਵ ਹਮ ਹੈਂ ਸਰੋਂ ਪਰ ਉਠਾ ਚਲੇ।*
*ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ।*
*ਸਿੰਘੋਂ ਕੀ ਸਲਤਨਤ ਕਾ ਹੈ ਪੌਦ: ਲਗਾ ਚਲੇ।*
*ਗੱਦੀ ਸੇ ਤਾਜੋ-ਤਖਤ ਬਸ ਅਬ ਕੌਮ ਪਾਏਗੀ।*
*ਦੁਨੀਆਂ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ।*
*(ਸ਼ਹੀਦਾਨਿ ਵਫਾ)*

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਦੀ ਧਰਤੀ ਨਾਂਦੇੜ (ਸ੍ਰੀ ਹਜ਼ੂਰ ਸਾਹਿਬ) ਤੋਂ ਮਾਧੋਦਾਸ ਬੈਰਾਗੀ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਬਹਾਦਰ ਬਣਾਇਆ ਤੇ ਥਾਪੜਾ ਦੇ ਕੇ ਪੰਜਾਬ ਭੇਜਿਆ ਤਾਂ ਉਸ ਨੇ ਸੂਬੇ ਵਜ਼ੀਰ ਖਾਨ ਦਾ ਕਤਲ ਕਰਕੇ 14 ਮਈ 1710 ਨੂੰ ਸਰਹਿੰਦ ਫਤਿਹ ਕਰਕੇ ਇਸ ਸ਼ਹਿਰ ਦੀ ਇਟ ਨਾਲ ਇਟ ਖੜਕਾ ਦਿਤੀ। ਦੁਸ਼ਮਣਾਂ ਨੂੰ ਐਸੀਆਂ ਭਾਜੜਾਂ ਪਾਈਆਂ ਕਿ ਵਜ਼ੀਰ ਖਾਨ ਦਾ ਪੁੱਤਰ ਜਾਨ ਬਚਾਉਣ ਲਈ ਡਰਦਾ ਦਿਲੀ ਭੱਜ ਗਿਆ।

*ਜੋਗੀ ਜੀ; ਇਸ ਕੇ ਬਾਅਦ ਹੁਈ ਥੋੜੀ ਦੇਰ ਥੀ।*
*ਬਸਤੀ ਸਰਹਿੰਦ ਸ਼ਹਰ ਕੀ ਈਟੋਂ ਕਾ ਢੇਰ ਥੀ।*
*(ਸ਼ਹੀਦਾਨਿ ਵਫਾ)*

ਸੁੱਚਾ ਨੰਦ ਨੂੰ ਗ੍ਰਿਫਤਾਰ ਕਰਕੇ ਉਸ ਦੇ ਨ'ਕ ਨਕੇਲ ਪਾਕੇ ਹੱਟੀ ਹੱਟੀ ਘੜੀਸ ਕੇ, ਉਸ ਦੇ ਸਿਰ ਵਿਚ ਪੰਜ-ਪੰਜ ਜੁਤੀਆਂ ਮਾਰਨ ਦਾ ਹੁਕਮ ਕੀਤਾ, ਜਿਸ ਨਾਲ ਉਹ ਘੋਰ ਪਾਪੀ ਕੁੱਤੇ ਦੀ ਮੌਤ ਮਰ ਕੇ ਦੋਜ਼ਕਾਂ ਦਾ ਭਾਗੀ ਬਣਿਆ। ਇਸ ਤਰ੍ਹਾਂ ਨਾਲ ਹੋਰ ਅਨੇਕਾਂ ਗੁਰੂ ਘਰ ਦੇ ਦੋਖੀਆਂ ਨੂੰ ਉਨ੍ਹਾਂ ਦੇ ਕੀਤੇ ਪਾਪ ਕਰਮਾਂ ਫਲ ਭੁਗਤਾ ਕੇ ਮੌਤ ਦੇ ਘਾਟ ਉਤਾਰ ਦਿ'ਤਾ। ਇਸ ਤਰ੍ਹਾਂ ਨਾਲ ਬਾਬਾ ਬੰਦਾ ਬਹਾਦਰ ਜੀ ਨੇ ਗਰੀਬ ਜਨਤਾ ਨੂੰ ਚੰਗਾ ਤੇ ਅਮਨ-ਸ਼ਾਂਤੀ ਦਾ ਜੀਵਨ ਬਸਰ ਕਰਨ ਵਾਸਤੇ ਸਾਰੇ ਹੱਕ ਦੇ ਕੇ 'ਖਾਲਸਾ ਹਲੇਮੀ ਰਾਜ' ਦੀ ਨੀਂਹ ਰੱਖੀ ਅਤੇ 'ਗੁਰੂ ਨਾਨਕ ਸਾਹਿਬ ਜੀ-ਗੁਰੂ ਗੋਬਿੰਦ ਸਿੰਘ ਸਾਹਿਬ ਜੀ' ਦੇ ਨਾਮ ਦਾ ਸਿੱਕਾ ਚਲਾਇਆ।

ਉਸ ਤੋਂ ਬਾਅਦ ਬਾਬਾ ਬੰਦਾ ਬਹਾਦਰ ਸਿੰਘ ਸਾਹਿਬ ਜੀ ਨੇ ਦੀਵਾਨ ਟੋਡਰ ਮੱਲ ਜੀ ਨੂੰ ਨਾਲ ਲੈ ਕੇ ਸਾਹਿਬਜ਼ਾਦਿਆਂ ਦੇ ਪਵਿਤ੍ਰ ਸ਼ਹੀਦੀ ਅਸਥਾਨ ਦੀ, ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਅਸਥਾਨ ਠੰਡੇ ਬੁਰਜ ਅਤੇ ਤਿੰਨਾਂ ਮਹਾਨ ਸ਼ਹੀਦਾਂ ਦੇ ਸਸਕਾਰ ਅਸਥਾਨ ਦੀ ਨਿਸ਼ਾਨਦੇਹੀ ਕਰਕੇ ਨਿਸ਼ਾਨ ਸਾਹਿਬ ਕਾਇਮ ਕੀਤੇ। ਉਸ ਤੋਂ ਬਾਦ ਫੂਲਕੀਆ ਮਿਸਲ ਦੇ ਸਰਦਾਰ ਬਾਬਾ ਆਲਾ ਸਿੰਘ ਜੀ ਨੇ 2 ਅਗਸਤ 1764 ਨੂੰ ਇਸ ਸ਼ਹਿਰ ਜਿਸ ਨੂੰ ਉਦੋਂ 'ਗੁਰੂ ਮਾਰੀ ਸਰਹਿੰਦ' ਕਹਿੰਦੇ ਸਨ, ਖਰੀਦ ਲਿਆ। 12 ਮਿਸਲਾਂ ਦੀ ਮਦਦ ਨਾਲ ਸਾਹਿਬਜ਼ਾਦਿਆਂ ਦੀ ਯਾਦਗਾਰ 'ਗੁਰਦੁਆਰਾ ਫਤਹਿਗੜ੍ਹ ਸਾਹਿਬ' ਦੀ ਨੀਂਹ ਰਖਵਾਈ। ਸੰਨ 1813 ਵਿਚ ਮਹਾਰਾਜਾ ਕਰਮ ਸਿੰਘ ਨੇ ਤੇ ਉਨ੍ਹਾਂ ਦੇ ਉਤਰਾ-ਅਧਿਕਾਰੀ ਮਹਾਰਾਜਾ ਨਰਿੰਦਰ ਸਿੰਘ ਨੇ ਇਨ੍ਹਾਂ ਅਸਥਾਨਾਂ ਦੀ ਉਸਾਰੀ ਨੂੰ ਨੇਪਰੇ ਚਾੜ੍ਹਨ ਦੀ ਸੇਵਾ ਕਰਵਾਈ।

ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜ਼ਰ ਕੌਰ ਜੀ ਦੀ ਪਵਿਤ੍ਰ ਯਾਦ ਵਿਚ ਹਰ ਸਾਲ 11, 12, 13 ਪੋਹ ਨੂੰ ਸ਼ਹੀਦੀ ਜੋੜ ਮੇਲਾ ਮਨਾਇਆ ਜਾਂਦਾ ਹੈ। ਇਸ ਵਿਚ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਤਦਾਦ ਵਿਚ ਗੁਰੂ ਪਿਆਰ ਵਿਚ ਭਿਜੀਆਂ ਸਿੱਖ ਸੰਗਤਾਂ ਬਹੁਤ ਸ਼ਰਧਾ ਸਾਹਿਤ ਇਨ੍ਹਾਂ ਮਹਾਨ ਅਮਰ ਸ਼ਹੀਦਾਂ ਨੂੰ ਨਤਮਸਤਕ ਹੋਣ ਲਈ ਵਹੀਰਾਂ ਘਤ ਕੇ ਪੁੱਜਦੀਆਂ ਹਨ। ਉਨ੍ਹਾਂ ਦੀਆਂ ਪਵਿੱਤਰ ਯਾਦਾਂ ਸਾਡੇ ਵਿਰਸੇ ਦਾ ਗੌਰਵਮਈ ਹਿੱਸਾ ਹਨ ਜੋ ਸਮੁੱਚੀ ਸਿੱਖ ਕੌਮ ਨੂੰ ਅਣਖ ਨਾਲ ਜਿੰਦਾ ਰਹਿਣ ਲਈ ਅਤੇ ਸਾਡੀ ਜੀਵਨ ਜਾਚ ਨੂੰ ਮਹਾਨ ਚਾਨਣ ਮੁਨਾਰੇ ਵਾਂਗ ਸਦਾ ਵਾਸਤੇ ਪੱਥ ਪ੍ਰਦਰਸ਼ਨ ਦਾ ਕੰਮ ਕਰਦੀਆਂ ਰਹਿਣਗੀਆਂ।

# ਜਪੁਜੀ ਸਾਹਿਬ ਦੀ ਮੂਲ ਵਿਚਾਰਧਾਰਾ

*ਡਾ. ਜਗਜੀਤ ਸਿੰਘ*
*ਐਡੀਟਰ-ਇਨ-ਚੀਫ, ਆਤਮ ਮਾਰਗ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-55)*

ਪਉੜੀ 31 ਵਿਚ ਇਸ ਵਿਚਾਰ ਨੂੰ ਅੱਗੇ ਤੋਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਪ੍ਰਮਾਤਮਾ ਦੀ ਬੇਅੰਤ ਸ੍ਰਿਸ਼ਟੀ ਵਿਚ ਅਨੇਕਾਂ ਹੀ ਲੋਕ ਹਨ, ਅਨੇਕਾਂ ਹੀ ਭਵਨ ਹਨ, ਕੇਵਲ ਇਕੋ ਧਰਤੀ ਦੇ ਜੀਵ ਜੰਤ ਨਹੀਂ, ਅਨੇਕ ਧਰਤੀਆਂ ਹਨ ਜਿਨ੍ਹਾਂ ਤੇ ਜੀਆਂ ਜੰਤਾਂ ਦਾ ਵਾਸਾ ਹੈ ਅਤੇ ਇਨ੍ਹਾਂ ਸਭਨਾਂ ਧਰਤੀਆਂ, ਲੋਕਾਂ, ਭਵਨਾਂ ਵਿਚ ਅਕਾਲ ਪੁਰਖ ਦੇ ਭੰਡਾਰੇ ਚਲ ਰਹੇ ਹਨ, ਉਸ ਦਾ ਟਿਕਾਣਾ ਹਰ ਭਵਨ ਵਿਚ ਹੈ। ਜਦ ਇਨ੍ਹਾਂ ਭਵਨਾਂ ਦੀ ਰਚਨਾ ਹੋਈ ਤਾਂ ਨਾਲ ਹੀ ਇਨ੍ਹਾਂ ਭੰਡਾਰਿਆਂ ਵਿਚ ਸਭਨਾਂ ਜੀਆਂ ਜੰਤਾਂ ਦਾ ਰਿਜ਼ਕ ਇਕੋ ਵਾਰੀ ਹੀ ਪਾ ਦਿਤਾ, ਇਹ ਭੰਡਾਰੇ ਅਖੁੱਟ ਹਨ, ਨਾ ਮੁੱਕਣ ਵਾਲੇ ਹਨ। ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਜੀਆਂ ਨੂੰ ਪੈਦਾ ਕਰਕ ਕੇ ਉਨ੍ਹਾਂ ਦੀ ਸੰਭਾਲ ਵੀ ਕਰ ਰਿਹਾ ਹੈ ਅਤੇ ਇਹ ਸੱਚੇ ਪ੍ਰਮਾਤਮਾ ਦੀ ਸੱਚੀ ਕਾਰ ਹੈ, ਸ੍ਰਿਸ਼ਟੀ ਨੂੰ ਸੰਭਾਲਣ ਦੀ ਕਿਰਿਆਂ ਸਦਾ-ਸਦਾ ਲਈ ਹੈ, ਅਟੱਲ ਹੈ। ਐਸਾ ਹੀ ਜ਼ਿਕਰ ਪਉੜੀ 35 ਦੇ ਗਿਆਨ ਖੰਡ ਵਿਚ ਹੋਇਆ ਹੈ। ਏਥੇ ਕਿਹਾ ਹੈ -

*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥*
*ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥*
*ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥*

ਐਸੇ ਅਕਾਲ ਪੁਰਖ ਨੂੰ ਸਦਾ ਪ੍ਰਣਾਮ ਹੈ ਜੋ ਸਭ ਦਾ ਮੁੱਢ ਹੈ, ਜੋ ਸ਼ੁੱਧ ਸਰੂਪ ਹੈ, ਨਾਸ਼-ਰਹਿਤ ਹੈ ਅਤੇ ਜੁਗਾਂ ਜੁਗਾਤਰਾਂ ਤਕ, ਸਦਾ-ਸਦਾ ਇਕੋ ਜਿਹਾ ਰਹਿੰਦਾ ਹੈ -

*ਆਸਣੁ ਲੋਇ ਲੋਇ ਭੰਡਾਰ ॥*
*ਜੋ ਕਿਛੁ ਪਾਇਆ ਸੁ ਏਕਾ ਵਾਰ ॥*
*ਕਰਿ ਕਰਿ ਵੇਖੈ ਸਿਰਜਣਹਾਰੁ ॥*
*ਨਾਨਕ ਸਚੇ ਕੀ ਸਾਚੀ ਕਾਰ ॥*
*ਆਦੇਸੁ ਤਿਸੈ ਆਦੇਸੁ ॥*
*ਆਦਿ ਅਨੀਲੁ ਅਨਾਦਿ ਅਨਾਹਤਿ*
*ਜੁਗੁ ਜੁਗੁ ਏਕੋ ਵੇਸੁ ॥੩੧ ॥*

ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਐਸੇ ਸ਼ੁੱਧ ਸਰੂਪ, ਸਦੀਵ ਰਹਿਣ ਵਾਲੇ ਪ੍ਰਮਾਤਮਾ ਨਾਲੋਂ ਵਿੱਥ ਕਿਵੇਂ ਮਿਟ ਸਕਦੀ ਹੈ, ਉਸ ਨਾਲ ਇਕ-ਮਿਕ ਕਿਵੇਂ ਹੋਇਆ ਜਾਵੇ? ਪਹਿਲੀ ਪਉੜੀ ਵਿਚ ਹੀ ਇਸ ਪ੍ਰਸ਼ਨ 'ਕਿਵ ਕੂੜੇ ਤੁਟੈ ਪਾਲਿ' ਦਾ ਸਮਾਧਾਨ 'ਹੁਕਮਿ ਰਜਾਈ ਚਲਣਾ' ਰਾਹੀਂ ਦਿਤਾ ਗਿਆ ਸੀ। ਹੁਕਮ ਦੀ ਵਿਆਖਿਆ ਵਿਚ ਹੁਕਮ ਨੂੰ ਬੁੱਝਣ ਦਾ ਇਕ ਚਿੰਨ੍ਹ ਇਹ ਦੱਸਿਆ ਸੀ ਕਿ ਹੁਕਮ ਵਿਚ ਵਿਚਰਨ ਵਾਲਾ ਮਨੁੱਖ ਹਉਮੈ-ਰਹਿਤ ਹੋ ਜਾਂਦਾ ਹੈ, "ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।" ਅੱਗੇ ਇਸ ਦਾ ਅਮਲੀ ਪੱਖ ਜਾਂ ਸਾਧਨ ਇਹ ਦੱਸਿਆ ਹੈ ਕਿ ਹੁਕਮ ਦੇ ਮਾਲਕ ਪ੍ਰਭੂ ਦੀ ਸਿਫਤਿ ਕਰੋ, ਗੁਣ ਗਾਇਨ ਕਰੋ, ਵਿਸ਼ੇਸ਼ ਕਰ ਕੇ ਪੂਰਨ ਖਿੜਾਉ ਦਾ ਪ੍ਰਭਾਤ ਵੇਲਾ ਹੋਵੇ, ਉਸ ਸਮੇਂ ਨਾਮ ਸਿਮਰੀਏ ਅਤੇ ਉਸ ਦੀਆਂ ਵਡਿਆਈਆਂ ਦੀ ਵੀਚਾਰ ਕਰੀਏ -

*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥*

ਉਸ ਦੇ ਗੁਣਾਂ ਦਾ ਗਾਇਨ ਕਰੀਏ, ਸੁਣੀਏ ਤੇ ਆਪਣੇ ਹਿਰਦੇ ਵਿਚ ਉਸ ਦਾ ਪ੍ਰੇਮ ਟਿਕਾਈਏ -

*ਗਾਵੀਐ ਸੁਣੀਐ ਮਨਿ ਰਖੀਐ ਭਾਉ॥*

ਇਹ ਵਿਚਾਰ ਅੱਗੇ 'ਸੁਣਿਐ' ਅਤੇ 'ਮੰਨੈ' ਦੀਆਂ ਪਉੜੀਆਂ ਵਿਚ ਵਿਸ਼ੇਸ਼ ਤੌਰ ਤੇ ਦਰਸਾਇਆ ਹੈ। ਇਥੇ ਪਉੜੀ 32 ਵਿਚ ਇਹ ਯਾਚਨਾ ਕੀਤੀ ਹੈ ਕਿ ਹੇ ਵਾਹਿਗੁਰੂ! ਇਕ ਜੀਭ ਤੋਂ ਮੇਰੀਆਂ ਲੱਖਾਂ ਜੀਭਾ ਹੋ ਜਾਣ ਅਤੇ ਲੱਖ ਜੀਭਾਂ ਤੋਂ ਵੀਹ ਲੱਖ ਬਣ ਜਾਣ ਅਤੇ ਇਨ੍ਹਾਂ ਵੀਹ ਲੱਖ ਜੀਭਾਂ ਨਾਲ ਹੇ ਅਕਾਲ ਪੁਰਖ! ਤੇਰੇ ਇਕ ਨਾਮ ਨੂੰ ਮੈਂ ਲੱਖ-ਲੱਖ ਵਾਰੀ ਜਪਦਾ ਰਹਾਂ ਤੇ ਇਸ ਤਰ੍ਹਾਂ ਜਪ-ਜਪ ਕੇ ਅਕਾਲ ਪੁਰਖ ਪਤੀ-ਪ੍ਰਮੇਸ਼ਰ ਨੂੰ ਮਿਲਣ ਵਾਲੀਆਂ, ਜੋ ਪਉੜੀਆਂ ਹਨ, ਉਨ੍ਹਾਂ ਤੇ ਚੜ੍ਹਦਾ ਮੈਂ ਤੇਰੇ ਨਾਲ ਇਕ-ਮਿਕ ਹੋ ਜਾਵਾਂ, ਮੇਰਾ ਆਪਾ-ਭਾਵ ਖਤਮ ਹੋ ਜਾਵੇ। ਪ੍ਰਭੂ-ਮਿਲਣ ਦਾ ਇਹ ਮਾਰਗ ਉਸ ਦੀ ਨਦਰ ਦਾ ਮਾਰਗ ਹੈ। ਇਹ ਉਚਾ ਮਾਰਗ ਆਕਾਸ਼ ਤੇ ਚੜ੍ਹਨ ਸਮਾਨ ਬਿਖਮ ਮਾਰਗ ਹੈ ਪਰ ਅਨਜਾਣ ਮਨੁੱਖਾ ਨੂੰ ਵੀ ਕਈ ਵਾਰੀ ਰੀਸ ਆਉਂਦੀ ਹੈ ਕਿ ਅਸੀਂ ਵੀ ਵਿਖਾਵੇ ਦਾ ਜਾਪ ਕਰ ਕੇ ਅਕਾਸ਼ ਤੇ ਪਹੁੰਚ ਜਾਈਏ ਪਰ ਇਹ ਤਾਂ ਕੂੜੇ ਮਨੁੱਖ ਦੀ ਕੂੜੀ ਰੀਸ ਹੈ। ਨਾਮ ਦਾ ਮਾਰਗ ਅਕਾਲ ਦੀ ਨਦਰ ਦਾ ਮਾਰਗ ਹੈ। ਇਹ ਪ੍ਰਾਪਤੀ ਨਦਰ ਰਾਹੀਂ ਹੁੰਦੀ ਹੈ -

*ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥*
*ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥*
*ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥*
*ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥*

*ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥ ੩੨ ॥*

ਨਾਮ ਦਾ ਮਾਰਗ, ਭਗਤੀ ਦਾ ਮਾਰਗ ਹੈ, ਹਉਮੈ-ਨਵਿਰਤੀ ਦਾ ਮਾਰਗ ਹੈ, ਨਦਰ ਦਾ ਮਾਰਗ ਹੈ, ਜ਼ੋਰ ਦਾ ਮਾਰਗ ਨਹੀਂ। ਹਉਂ-ਆਸਰਿਤ ਮਨੁੱਖ ਨੂੰ ਆਪਣੀ ਸਮਰੱਥਾ, ਆਪਣੇ ਇਖਤਿਆਰ, ਆਪਣੇ ਮਨ ਦੀ ਮਰਜ਼ੀ ਦਾ ਮਾਣ ਹੁੰਦਾ ਹੈ। ਪਉੜੀ 33 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸਪੱਸ਼ਟ ਕਰਦੇ ਹਨ ਕਿ ਮਨੁੱਖ ਦਾ ਆਪਣਾ ਇਖਤਿਆਰ ਕਿਤੇ ਨਹੀਂ ਚਲਦਾ, ਨਾ ਬੋਲਣ ਵਿਚ, ਨਾ ਚੁੱਪ ਰਹਿਣ ਵਿਚ। ਨਾ ਮੰਗਣ ਵਿਚ ਸਾਡੀ ਮਰਜ਼ੀ ਚਲਦੀ ਹੈ ਅਤੇ ਨਾ ਹੀ ਦੇਣ ਵਿਚ। ਜੀਵਣ ਅਤੇ ਮਰਨ ਵੀ ਸਾਡੇ ਵਸ ਜਾਂ ਸਾਡੀ ਸਮਰੱਥਾ ਤੋਂ ਬਾਹਰ ਹੈ। ਰਾਜ ਅਤੇ ਮਾਲ ਦੀ ਪ੍ਰਾਪਤੀ ਨਾਲ ਮਨ ਵਿਚ ਫੂੰ-ਫਾਂ ਦਾ ਸ਼ੋਰ ਪੈਦਾ ਹੁੰਦਾ ਹੈ। ਆਤਮਿਕ ਸੁਰਤਿ ਦੀ ਜਾਗ੍ਰਿਤੀ ਵਿਚ, ਗਿਆਨ ਦੀ ਪ੍ਰਾਪਤੀ ਵਿਚ ਅਤੇ ਵਿਚਾਰਾਂ ਦੇ ਸੰਗ੍ਰਹਿਣ ਵਿਚ ਵੀ ਸਾਡਾ ਜ਼ੋਰ ਨਹੀਂ ਚਲਦਾ, ਇਹ ਵੀ ਸਾਡੀ ਸਮਰੱਥਾ ਤੋਂ ਬਾਹਰ ਹੈ। ਉਸ ਜੁਗਤੀ ਨੂੰ ਧਾਰਨ ਕਰਨਾ ਵੀ ਸਾਡੇ ਇਖਤਿਆਰ ਵਿਚ ਨਹੀਂ ਜਿਸ ਕਰਕੇ ਜਨਮ ਮਰਨ ਮੁੱਕ ਜਾਂਦਾ ਹੈ, ਸੰਸਾਰ ਤੋਂ ਮੁਕਤ ਹੋ ਜਾਈਦਾ ਹੈ। ਹਰ ਪ੍ਰਕਾਰ ਦੀ ਸਮਰੱਥਾ ਜਾਂ ਜ਼ੋਰ ਕੇਵਲ ਪ੍ਰਭੂ ਦੇ ਹੱਥ ਵਿਚ ਹੈ, ਜੋ ਰਚਨਾ ਰਚ ਕੇ ਉਸ ਦੀ ਹਰ ਪ੍ਰਕਾਰ ਸੰਭਾਲ ਕਰਦਾ ਹੈ। ਆਪਣੇ ਆਪ ਵਿਚ ਨਾ ਕੋਈ ਮਨੁੱਖ ਉਤਮ ਹੈ, ਨਾ ਹੀ ਨੀਚ ਕਿਉਂਕਿ ਸਾਰੇ ਜੀਵਾਂ ਦਾ ਰਚਨਹਾਰਾ ਅਤੇ ਸੰਚਾਲਕ ਉਹ ਪ੍ਰਭੂ ਆਪ ਹੈ। ਅਸੀਂ ਕਿਸੇ ਨੂੰ ਸਦਾਚਾਰੀ ਜਾਂ ਕਿਸੇ ਨੂੰ ਦੁਰਾਚਾਰੀ ਕਿਵੇਂ ਕਹਿ ਸਕਦੇ ਹਾਂ? ਜੇ ਸਿਮਰਨ ਦੀ ਬਰਕਤ ਨਾਲ ਇਹ ਨਿਸ਼ਚਾ ਬਣ ਜਾਵੇ ਕਿ ਪ੍ਰਮਾਤਮਾ ਹੀ ਕਰਨ ਕਾਰਨ ਸਮਰੱਥ ਹੈ, ਤਾਂ ਹੀ ਪ੍ਰਮਾਤਮਾ ਨਾਲੋਂ ਜੀਵ ਦੀ ਵਿੱਥ ਦੂਰ ਹੋ ਸਕਦੀ ਹੈ -

*ਆਖਣਿ ਜੋਰੁ ਚੁਪੈ ਨਹ ਜੋਰੁ ॥*
*ਜੋਰੁ ਨ ਮੰਗਣਿ ਦੇਣਿ ਨ ਜੋਰੁ ॥*
*ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥*
*ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥*
*ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥*
*ਜੋਰੁ ਨ ਜੁਗਤੀ ਛੁਟੈ ਸੰਸਾਰੁ ॥*
*ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥*
*ਨਾਨਕ ਉਤਮੁ ਨੀਚੁ ਨ ਕੋਇ ॥ ੩੩ ॥*

ਭਾਵ ਇਹ ਹੈ ਕਿ ਚੰਗੇ ਪਾਸੇ ਤੁਰਨਾ ਜਾਂ ਕੁਰਾਹੇ ਪੈ ਜਾਣਾ ਜੀਵਾਂ ਦੇ ਆਪਣੇ ਵਸ ਦੀ ਗੱਲ ਨਹੀਂ। ਵਾਹਿਗੁਰੂ ਜੀ ਦੇ ਹੁਕਮ ਅਨੁਸਾਰ ਇਹ ਖੇਡ, ਇਹ ਨਾਟਕ ਚਲ ਰਿਹਾ ਹੈ। ਜੈਸੇ ਮਨੁੱਖ ਕਰਮ ਕਰਦਾ ਹੈ, ਵੈਸੀਆਂ ਹੀ ਉਸ ਦੀਆਂ ਪ੍ਰਵਿਰਤੀਆਂ ਤੇ ਸੰਸਕਾਰ ਬਣ ਜਾਂਦੇ ਹਨ ਅਤੇ ਉਨ੍ਹਾਂ ਅਧੀਨ ਹੀ ਅੱਗੋਂ ਮਨੁੱਖ ਕਿਰਿਆਸ਼ੀਲ ਹੁੰਦਾ ਹੈ। ਜਿਸ ਪ੍ਰਭੂ ਨੇ ਜੀਵ ਪੈਦਾ ਕੀਤੇ ਹਨ, ਉਹ ਹੀ ਕਰਮ-ਗਤੀ ਅਨੁਸਾਰ ਇਨ੍ਹਾਂ ਪੁਤਲੀਆਂ ਨੂੰ ਖਿਡਾ ਰਿਹਾ ਹੈ। ਸੋ, ਜੇ ਕੋਈ ਜੀਵ ਪ੍ਰਭੂ ਦੀ ਸਿਫਤਿ-ਸਾਲਾਹ ਕਰ ਰਿਹਾ ਹੈ, ਤਾਂ ਇਹ ਉਸ ਦੇ ਸ਼ੁਭ ਕਰਮ ਅਤੇ ਪ੍ਰਭੂ ਦੀ ਮਿਹਰ ਹੈ। ਜੇ ਕੋਈ ਇਸ ਪਾਸੇ ਵਲੋਂ ਖੁੰਝਾ ਪਿਆ ਹੈ ਤਾਂ ਇਹ ਵੀ ਉਸ ਮਾਲਕ ਦੇ ਹੁਕਮ ਅਨੁਸਾਰ ਹੈ। ਜੇ ਅਸੀਂ ਉਸ ਦੇ ਦਰ ਤੋਂ ਦਾਤਾਂ ਮੰਗਦੇ ਹਾਂ ਤਾਂ ਇਹ ਪ੍ਰੇਰਨਾ ਵੀ ਹੁਕਮ ਅਨੁਸਾਰ ਉਹ ਆਪ ਕਰਦਾ ਹੈ ਤੇ ਫਿਰ ਦਾਤਾਂ ਦੇਂਦਾ ਵੀ ਉਹ ਆਪ ਹੀ ਹੈ। ਜੇ ਕੋਈ ਜੀਵ ਰਾਜ ਤੇ ਧਨ ਦੇ ਮਦ ਵਿਚ ਮੱਤਾ ਪਿਆ ਹੈ, ਇਹ ਵੀ ਪ੍ਰਭੂ ਜੀ ਦੀ ਰਜ਼ਾ ਹੈ, ਜੇ ਕਿਸੇ ਦੀ ਸੁਰਤਿ ਪ੍ਰਭੂ-ਚਰਨਾਂ ਵਿਚ ਹੈ ਤੇ ਜੀਵਨ-ਜੁਗਤਿ ਸੁਥਰੀ ਹੈ ਤਾਂ ਇਹ ਮਿਹਰ ਭੀ ਪ੍ਰਭੂ ਦੀ ਹੀ ਹੈ।

ਪੰਜ ਖੰਡ - ਇਸ ਤੋਂ ਅੱਗੇ 34 ਤੋਂ 37 ਤਕ ਚਾਰ ਪਉੜੀਆਂ ਵਿਚ ਪੰਜ ਖੰਡਾਂ ਅਰਥਾਤ ਅਧਿਆਤਮਕ ਮਾਰਗ ਦੀਆਂ ਪੰਜ ਮੰਜ਼ਲਾਂ ਦਾ ਜ਼ਿਕਰ ਹੈ। ਇਨ੍ਹਾਂ ਖੰਡਾਂ ਵਿਚ ਮਨੁੱਖ ਦੀਆਂ ਵੱਖ-ਵੱਖ ਮਾਨਸਿਕ ਅਤੇ ਅਧਿਆਤਮਕ ਸਥਿਤੀਆਂ ਪ੍ਰਗਟ ਕੀਤੀਆਂ ਗਈਆਂ ਹਨ। ਸੰਸਾਰ ਯਾਤਰਾ ਦੌਰਾਨ ਮਨੁੱਖ ਕਈ ਹੋਣੀਆਂ ਵਿਚੋਂ ਲੰਘਦਾ ਹੈ, ਕਈ ਅਨੁਭਵ ਹਾਸਲ ਕਰਦਾ ਹੈ, ਬਾਹਰ ਦਿਸਦੇ ਬ੍ਰਹਿਮੰਡ ਨੂੰ ਜਾਨਣ ਦੀ ਕੋਸ਼ਿਸ਼ ਕਰਦਾ ਹੈ, ਉਸ ਦੀ ਵਿਸ਼ਾਲਤਾ ਅਤੇ ਅਨੰਤਤਾ ਨੂੰ ਵੇਖਦਾ ਤੇ ਮਾਣਦਾ ਹੈ, ਕੁਦਰਤ ਦੇ ਅਸਚਰਜ ਕੌਤਕ ਵੇਖ ਕੇ ਬਲਿਹਾਰ ਜਾਂਦਾ ਹੈ ਅਤੇ ਇਸ ਦੇ ਰਚੇਤਾ ਬਾਰੇ ਜਾਨਣ ਦੀ ਕੋਸ਼ਿਸ਼ ਵੀ ਕਰਦਾ ਹੈ। ਇਸ ਬਾਹਰੀ ਬ੍ਰਹਿਮੰਡ ਦੀ ਯਾਤਰਾ ਤੇ ਉਤਸੁਕਤਾ ਨੇ ਅਨੇਕਾਂ ਸਾਇੰਸਦਾਨਾਂ ਨੂੰ ਜਨਮ ਦਿਤਾ ਜਿਨ੍ਹਾਂ ਨੇ ਇਸ ਵਿਸ਼ਾਲ ਬ੍ਰਹਿਮੰਡ ਬਾਰੇ ਜਿੰਨਾਂ ਵੀ ਉਹ ਜਾਣ ਸਕੇ, ਮਨੁੱਖਤਾ ਨਾਲ ਸਾਂਝਾ ਕੀਤਾ। ਮਨੁੱਖ ਦੀ ਯਾਤਰਾ ਕੇਵਲ ਬਾਹਰ ਦਿਸਦੇ ਬ੍ਰਹਿਮੰਡ ਦੀ ਯਤਾਰਾ ਤਕ ਸੀਮਿਤ ਨਹੀਂ, ਉਸ ਦੇ ਅੰਦਰ ਵੀ ਬਹੁਤ ਕੁਝ ਵਾਪਰਦਾ ਹੈ। ਉਸ ਦੇ ਦਿਸਦੇ ਸਰੀਰ ਵਿਚ ਮਨ ਹੈ, ਬੁੱਧੀ ਹੈ ਅਤੇ ਅਨੁਭਵੀ ਮਹਾਂਪੁਰਸ਼ਾਂ ਅਨੁਸਾਰ ਅਸਲ ਵਸਤੂ ਧੁਰ ਅੰਦਰ ਸਥਿਤ ਆਤਮਾ ਹੈ ਜੋ ਪਰਮ-ਆਤਮਾ ਪਾਰਬ੍ਰਹਮ ਪ੍ਰਮੇਸ਼ਰ ਦੀ ਅੰਸ਼ ਹੈ ਜੋ ਸਦੀਵ ਹੈ, ਸਤਿ ਹੈ, ਨਿਰਮਲ ਹੈ, ਪ੍ਰਭੂ-ਸੱਤਾ ਸੰਪੰਨ ਹੈ, ਪ੍ਰਭੂ-ਜੋਤਿ ਹੈ, ਜਿਸ ਦੀ ਹੋਂਦ ਹੀ ਸਾਡੇ ਬਾਹਰੀ ਰੂਪਾਂ ਦੀ ਹੋਂਦ ਦਾ ਕਾਰਨ ਹੈ, ਸਭ ਨੂੰ ਕਿਰਿਆਸ਼ੀਲ ਕਰਨ ਦਾ ਕਾਰਨ ਹੈ, ਇਸ ਦਾ ਅਨੁਭਵ ਹੀ ਮਨੁੱਖੀ ਜੀਵਨ ਦਾ ਲਕਸ਼ ਹੈ ਅਤੇ ਇਹ ਅਨੁਭਵ ਕੇਵਲ ਗੁਰੂ ਰਾਹੀਂ ਹੀ ਸੰਭਵ ਹੁੰਦਾ ਹੈ। ਗੁਰੂ ਮਹਾਰਾਜ ਦਾ ਕਥਨ ਹੈ -

*ਸਭ ਮਹਿ ਜੋਤਿ ਜੋਤਿ ਹੈ ਸੋਇ ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥*

*ਗੁਰ ਸਾਖੀ ਜੋਤਿ ਪਰਗਟੁ ਹੋਇ ॥ ਅੰਗ - ੧੩*

ਅੰਦਰਲੀ ਯਾਤਰਾ ਅਤੇ ਜੋਤਿ ਦੇ ਅਨੁਭਵ ਤੋਂ ਬਿਨਾਂ ਬਾਹਰੀ ਸਰੀਰਕ ਜੀਵਨ ਅਤੇ ਬਾਹਰੀ ਸੰਸਾਰ ਯਾਤਰਾ ਅਤੇ ਬ੍ਰਹਿਮੰਡ ਦਾ ਗਿਆਨ ਅਧੂਰੀ ਯਾਤਰਾ ਹੈ, ਅਧੂਰਾ ਗਿਆਨ ਹੈ। ਸਮੁੱਚੀ ਗੁਰਬਾਣੀ ਵਿਚ ਮਨੁੱਖ ਦੀ ਹੋਣੀ ਅਤੇ ਸਫਲ, ਪੂਰਨ ਯਾਤਰਾ ਦਾ ਬਖਾਨ ਹੈ। ਜਪੁਜੀ ਨੂੰ ਸਮੁੱਚੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਾਰ ਮੰਨਿਆ ਜਾਂਦਾ ਹੈ। ਪੰਜਾਂ ਖੰਡਾਂ ਵਿਚ ਇਸ ਯਾਤਰਾ ਦਾ ਆਰੰਭਕ ਅਤੇ ਅੰਤਮ ਪੜਾਵਾਂ ਦਾ ਜ਼ਿਕਰ ਹੈ -

ਪੰਜ ਖੰਡ ਲੜੀਵਾਰ ਇਹ ਦਸੇ ਹਨ - ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚਖੰਡ।

ਧਰਮ ਖੰਡ ਇਸ ਯਾਤਰਾ ਦਾ ਪਹਿਲਾ ਖੇਤਰ ਹੈ। ਮਨੁੱਖ ਦੀ ਅੱਖ ਬਾਹਰ ਨੂੰ ਖੁਲ੍ਹਦੀ ਹੈ। ਖੁਲ੍ਹੀ ਅੱਖ ਨੂੰ ਧਰਤੀ, ਆਕਾਸ਼, ਸੂਰਜ, ਚੰਨ ਤਾਰੇ, ਪਉਣ, ਪਾਣੀ, ਅਗਨੀ ਆਦਿ ਪ੍ਰਕਿਰਤੀ ਦਿਸਦੀ ਹੈ। ਇਨ੍ਹਾਂ ਦਾ ਲੋੜ ਅਨੁਸਾਰ ਅਨੁਭਵ ਵੀ ਪ੍ਰਾਪਤ ਹੁੰਦਾ ਹੈ। ਧਰਤੀ ਉਪਰ ਹਰਿਆਵਲ ਅਤੇ ਬਨਸਪਤੀ, ਵਿਚਰਦੇ ਜੀਅ, ਜੰਤੂ, ਪਸ਼ੂ, ਪੰਛੀ, ਅਨੇਕ ਪ੍ਰਕਾਰ ਦੀ ਹੋ ਰਹੀ ਕਿਰਿਆ ਦ੍ਰਿਸ਼ਟਮਾਨ ਹੁੰਦੀ ਹੈ। ਸਮੁੰਦਰ, ਦਰਿਆ, ਪਹਾੜ ਵੀ ਦਿਸਦੇ ਹਨ। ਇਸ ਸਾਰੇ ਵਾਯੂ ਮੰਡਲ ਵਿਚਕਾਰ ਮਨੁੱਖ ਆਪਣੀ ਹੋਣੀ ਸਿਰਜਦਾ ਹੈ, ਬੁੱਧੀ ਦਾ ਪ੍ਰਯੋਗ ਕਰਕੇ ਉਸ ਨੇ ਕੁਦਰਤ ਦੀਆਂ ਸ਼ਕਤੀਆਂ ਨੂੰ ਸਮਝਿਆ, ਉਨ੍ਹਾਂ ਦੀ ਵਰਤੋਂ ਕੀਤੀ, ਨਤੀਜੇ ਵਜੋਂ ਅੱਜ ਦਾ ਸਮਾਜ ਅਤੇ ਸਭਿਅਤਾ, ਹੋਂਦ ਵਿਚ ਆਏ। ਸਰੀਰਕ ਜੀਵਨ ਦੇ ਸਾਰੇ ਸੁਖ ਆਰਾਮ ਮਨੁੱਖ ਦੇ ਐਸੇ ਯਤਨਾਂ ਦਾ ਨਤੀਜਾ ਹਨ। ਪਰ ਇਨ੍ਹਾਂ ਪ੍ਰਾਪਤੀਆਂ ਦੇ ਬਾਵਜੂਦ ਵੀ ਮਨੁੱਖ ਤ੍ਰਿਪਤ ਨਹੀਂ, ਅੰਦਰੋਂ ਖੁਸ਼ ਅਤੇ ਚਿੰਤਾ-ਰਹਿਤ ਨਹੀਂ। ਅਮੀਰ ਦੇਸ਼ਾਂ ਦੇ ਵਾਸੀ ਵੀ ਸਰੀਰਕ ਅਤੇ ਮਾਨਸਿਕ ਤੌਰ ਤੇ ਦੁਖੀ ਹਨ। ਬਾਹਰੀ ਤਰੱਕੀ ਦੇ ਬਾਵਜੂਦ ਸੰਸਾਰ ਵਿਚ, ਦੇਸ਼ਾਂ ਵਿਚ, ਮਨੁੱਖਾਂ ਵਿਚ, ਵੈਰ ਵਿਰੋਧ, ਲੜਾਈਆਂ ਝਗੜੇ ਕਾਇਮ ਹਨ। ਅੱਜ ਆਤੰਕਵਾਦ ਦਾ ਬੋਲਬਾਲਾ ਹੈ। ਲੱਖਾਂ ਜਾਨਾਂ ਭੰਗ ਦੇ ਭਾਅ ਬਰਬਾਦ ਹੋ ਰਹੀਆਂ ਹਨ। ਅਧਿਆਤਮਵਾਦੀ ਮਨੁੱਖ ਇਸ ਦਾ ਇਕੋ ਕਾਰਨ ਇਹ ਸਮਝਦਾ ਹੈ ਕਿ ਮਨੁੱਖ ਨੇ ਆਪਣੀ ਹੋਣੀ ਨੂੰ ਸਮਝਿਆ ਤੇ ਬੁਝਿਆ ਨਹੀਂ। ਰਿਸ਼ੀਆਂ-ਮੁਨੀਆ, ਭਗਤਾਂ, ਸੰਤਾਂ, ਗੁਰੂਆਂ ਨੇ ਮਨੁੱਖ ਦੇ ਸਹੀ ਸਰੂਪ ਅਤੇ ਲਕਸ਼ ਨੂੰ ਕਰੜੀ ਘਾਲਣਾ ਰਾਹੀਂ ਸਮਝਿਆ, ਬੁਝਿਆ ਤੇ ਅਨੁਭਵ ਕੀਤਾ ਹੈ ਅਤੇ ਇਸ ਦਾ ਜ਼ਿਕਰ ਆਪਣੀਆਂ ਲਿਖਤਾਂ ਵਿਚ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਐਸੀ ਬਾਣੀ ਦਾ ਹੀ ਸੰਕਲਨ ਹੈ। ਬਾਣੀ ਅਨੁਸਾਰ ਸਾਰੀ ਮਨੁੱਖਤਾ ਦਾ ਕਰਤਾ ਪ੍ਰਮਾਤਮਾ ਹੈ, ਇਕ ਵਾਹਿਗੁਰੂ ਹੀ ਸਭ ਮਨੁੱਖਾਂ ਦਾ ਮਾਤਾ ਪਿਤਾ, ਬੰਧਪ, ਭਰਾਤਾ ਹੈ, ਦੇਸ਼ਾਂ ਦੀਆਂ ਵੰਡਾਂ ਮਸਨੂਈ ਹਨ, ਵਿਵਹਾਰਕ ਪ੍ਰਬੰਧ ਲਈ ਹਨ। ਜਾਤਾਂ, ਪਾਤਾਂ, ਧਰਮਾਂ, ਅਮੀਰੀ ਗਰੀਬੀ ਦੇ ਆਧਾਰ ਤੇ ਵੈਰ ਵਿਰੋਧ ਨਫ਼ਰਤ, ਮਨੁੱਖ ਹੋਣੀ ਅਤੇ ਉਸ ਦੀ ਤਰੱਕੀ ਅਤੇ ਸੁਖ ਸ਼ਾਂਤੀ ਦੇ ਵਿਪਰੀਤ ਹਨ। ਵਾਹਿਗੁਰੂ ਦੀ ਹੋਂਦ ਦਾ ਅਨੁਭਵ ਹੀ ਮਨੁੱਖ ਦੀ ਸਫਲ ਯਾਤਰਾ ਦੀ ਕੁੰਜੀ ਹੈ। ਐਸਾ ਅਨੁਭਵ ਹੀ ਗੁਰੂ ਜੀ ਬਾਣੀ ਜਪੁਜੀ ਅਤੇ ਪੰਜਾਂ ਖੰਡਾਂ ਵਿਚ ਦਸ ਰਹੇ ਹਨ। ਧਰਮ ਖੰਡ ਦਾ ਬਖਾਨ ਇਸ ਪ੍ਰਕਾਰ ਹੈ -

***ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥੩੪ ॥***

'ਧਰਮ ਖੰਡ ਵਿਚ ਮਨੁੱਖ ਦੇ ਸਹੀ ਲਕਸ਼ ਸੱਚੇ ਧਰਮ ਦਾ ਜ਼ਿਕਰ ਹੈ। ਇਸ ਵਿਚ ਉਸ ਦੀ ਸੰਸਾਰ ਯਾਤਰਾ ਨੂੰ ਸਹੀ ਦਿਸ਼ਾ ਪ੍ਰਦਾਨ ਕੀਤੀ ਗਈ ਹੈ। ਇਸ ਪਉੜੀ ਵਿਚ ਸੰਸਾਰ ਅਤੇ ਬ੍ਰਹਿਮੰਡ ਵਿਚ ਵਿਆਪਕ ਰੱਬੀ ਕਾਨੂੰਨ ਦਾ ਜ਼ਿਕਰ ਹੈ ਜਿਸ ਦੀ ਸੋਝੀ ਅਤੇ ਸਮਝ ਮਨੁੱਖੀ ਯਾਤਰਾ ਨੂੰ ਸਹੀ ਮਾਰਗ ਤੇ ਤੋਰਦੀ ਹੈ, ਅਗਿਆਨ ਵਿਚ ਵਿਚਰਦਾ ਦਿਸ਼ਾ-ਹੀਣ ਮਨੁੱਖ ਔਝੜੇ ਪੈ ਕੇ ਆਪ ਦੁਖੀ ਹੁੰਦਾ ਹੈ ਅਤੇ ਦੂਜਿਆਂ ਦੇ ਦੁਖ ਦਾ ਕਾਰਨ ਬਣਦਾ ਹੈ। ਗੁਰੂ ਜੀ ਮਨੁੱਖ ਦਾ ਮਾਰਗ ਦਰਸ਼ਨ ਕਰਦੇ ਇਸ ਬ੍ਰਹਿਮੰਡ ਵਿਚ ਵਿਆਪਕ ਦੈਵੀ-ਹੁਕਮ ਦੀ ਵਿਆਪਕਤਾ ਸਮਝਾਉਂਦੇ ਦਸਦੇ ਹਨ ਕਿ ਰੱਬੀ ਕਾਨੂੰਨ, ਪ੍ਰਭੂ ਹੁਕਮ ਅਨੁਸਾਰ ਇਸ ਬ੍ਰਹਿਮੰਡ ਦੀ ਰਚਨਾ ਹੋਈ। ਰਾਤਾਂ, ਰੁੱਤਾਂ, ਥਿੱਤਾਂ, ਵਾਰਾਂ ਆਦਿ ਦੇ ਮੰਡਲ ਵਿਚ, ਹਵਾ, ਪਾਣੀ, ਅੱਗ, ਪੰਜ ਤੱਤ ਮਨੁੱਖ ਦੀ ਜੀਵਨ ਕਿਰਿਆ ਨੂੰ ਚਲਾ ਰਹੇ ਹਨ। ਖੰਡਾਂ, ਬ੍ਰਹਿਮੰਡਾਂ ਦੇ ਇਸ ਬੇਅੰਤ ਪਸਾਰੇ ਵਿਚ ਇਹ ਧਰਤੀ ਸਥਿਤ ਹੈ, ਇਹ ਜਾਣੋ ਲਕਸ਼ ਦੀ ਪ੍ਰਾਪਤੀ ਲਈ, ਮਨੁੱਖ ਵਾਸਤੇ ਧਰਮ ਕਮਾਉਣ ਲਈ, ਧਰਮਸ਼ਾਲਾ ਹੈ। ਸਾਰੇ ਖੰਡ ਬ੍ਰਹਿਮੰਡ, ਪਉਣ ਪਾਣੀ, ਅਗਨੀ ਜੀਵ ਜੰਤ ਉਸ ਪ੍ਰਮਾਤਮਾ ਦੀ ਕਿਰਤ ਹਨ ਅਤੇ ਉਸ ਦੇ ਹੁਕਮ ਵਿਚ ਕਿਰਿਆਸ਼ੀਲ ਹਨ -

*ਰਾਤੀ ਰੁਤੀ ਥਿਤੀ ਵਾਰ ॥*
*ਪਵਣ ਪਾਣੀ ਅਗਨੀ ਪਾਤਾਲ ॥*

*ਚਲਦਾ......॥'*



*ਚਲਦਾ...............।'*

# ਈਸ਼੍ਵਰ ਅਮੋਲਕ ਲਾਲ

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

## 99. ਮਨ ਹੀ ਪਸਰ ਕਰ ਪਰਪੰਚ ਰੂਪ ਹੋ ਰਹਾ ਹੈ

ਮਨ ਕੀ ਕਲਪਨਾ ਨੇ ਹੀ, ਏਕ ਕੋ ਅਨੇਕ, ਨਿਰਾਕਾਰ ਕੋ ਸਾਕਾਰ ਔਰ ਆਨੰਦ ਕੋ ਦੁਖ ਰੂਪ ਬਨਾ ਦੀਆ ਹੈ, ਵਰਨਾ ਏਕ ਨਿਰਾਕਾਰ, ਨਿਰਵਿਕਲਪ ਪਰਮਾਨੰਦ ਹੀ ਅਪਨੇ ਆਪ ਮੇਂ ਇਸਥਿਤ ਹੈ। ਤਮਾਮ ਅਨਾਰਥ ਔਰ ਦੁਖੋਂ ਕਾ ਘਰ ਤੋਂ ਮਨ ਕੀ ਕਲਪਨਾ ਹੀ ਹੈ। ਮਨ ਫੁਰਨੇ ਕੋ ਕਹਿਤੇ ਹੈਂ ਔਰ ਫੁਰਨਾ ਅਕਾਸ਼ ਰੂਪ ਹੋਤਾ ਹੈ ਔਰ ਅਕਾਸ਼ ਸ਼ੂਨ ਰੂਪ ਹੋਤਾ ਹੈ ਔਰ ਸ਼ੂਨ ਖਾਲੀ ਕੋ ਕਹਿਤੇ ਹੈਂ। ਖਾਲੀ ਕੁਛ ਭੀ ਨਹੀਂ ਹੋਤਾ। ਇਸ ਵਾਸਤੇ ਮਨ ਤੋ ਕੁਛ ਭੀ ਨਹੀਂ ਹੈ। ਸਿਰਫ ਚਿਦਾਕਾਸ਼ ਹੀ ਬਾਕੀ ਰਹਾ, ਜੋ ਕਿ ਆਤਮਾ ਕਾ ਅਪਨਾ ਨਿਜ ਸਰੂਪ ਹੀ ਹੈ।

*ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ ਰਹਿਆ ਪਰਮਾਨੰਦਾ ॥ ਅੰਗ- ੩੨੭*

*ਰਾਗੁ ਗਉੜੀ ਚੇਤੀ ॥ ਦੇਖੌ ਭਾਈ ਗ੍ਯ੍ਯਾਨ ਕੀ ਆਈ ਆਂਧੀ ॥*
*ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥ ੧ ॥ ਰਹਾਉ ॥*
*ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥*
*ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥ ੧ ॥*
*ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥*
*ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥ ੨ ॥ ੪੩ ॥ ਅੰਗ - ੩੩੧*

## 100.

*ਸਲੋਕ*
*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ ਅੰਗ- ੨੯੩*

ਜਿਸ ਵਕਤ ਗੁਰੂ ਨੇ ਬੁੱਧੀ ਰੂਪ ਆਂਖੋਂ ਮੇਂ ਗਿਆਨ ਕਾ ਸੁਰਮਾ ਡਾਲਾ, ਉਸੀ ਵਕਤ ਅਵਿਦਿਆ ਰੂਪੀ ਮੋਤੀਆ ਦੂਰ ਹੋ ਕਰ ਗਿਆਨ ਕਾ ਪ੍ਰਕਾਸ਼ ਹੋ ਗਿਆ। ਜਿਸ ਸੇ ਕਿ ਚਾਰੋਂ ਤਰਫ ਹੀ ਏਕ ਆਤਮ ਸਵਰੂਪ ਹੀ ਨਜ਼ਰ ਆਨੇ ਲਗਾ ਕਿਉਂਕਿ ਯੇਹ ਦ੍ਰਿਸ਼ ਅਗਿਆਨ ਸੇ, ਜਗਤ ਦਿਖਾਈ ਦੇਤਾ ਹੈ ਔਰ ਗਿਆਨ ਕੀ ਰੌਸ਼ਨੀ ਮੇਂ ਯਹੀ ਸਤਿ-ਚਿੱਤ-ਅਨੰਦ ਅਪਨਾ ਆਪ ਹੀ ਹੈ ਔਰ ਕੁਛ ਨਹੀਂ। ਮੈਂ ਹੀ ਸਤਿ ਹੂੰ ਔਰ ਚਿੱਤ ਹੂੰ ਔਰ ਅਨੰਦ ਹੂੰ ਔਰ ਪਰੀਪੂਰਨ ਹੂੰ।

1. ਨਿਸ਼ਕਾਮ ਸੇਵਾ ਔਰ ਦਾਨ ਇਸ਼ਨਾਨ ਸੇ ਮਲ ਦੋਸ਼ ਕੀ ਨਵਿਰਤੀ ਹੋਤੀ ਹੈ।

2. ਉਪਾਸ਼ਨਾ ਯਾਨੀ ਗੁਰਬਾਣੀ ਕਾ ਪਾਠ ਔਰ ਨਾਮ ਦਾ ਸਿਮਰਨ ਔਰ ਗੁਰੂ ਸਰੂਪ ਕਾ ਧਿਆਨ ਵਿਖਸ਼ੇਪ ਦੋਸ਼ ਕੋ ਦੂਰ ਕਰਤਾ ਹੈ।

3. ਬ੍ਰਹਮ ਵੀਚਾਰ ਸੇ ਅਵਰਨ ਦੋਸ਼ ਕੀ ਨਵਿਰਤੀ ਹੂਆ ਕਰਤੀ ਹੈ।

ਜਿਸ ਵਕਤ ਗੁਰੂ ਕ੍ਰਿਪਾ ਸੇ ਯੇਹ ਤੀਨ ਦੋਸ਼ ਦੂਰ ਹੋ ਜਾਤੇ ਹੈਂ, ਉਸ ਵਕਤ ਆਤਮ ਵਸਤੂ, ਹਸਤਾਮਲ (ਹਥ ਉਤੇ ਔਲੇ) ਕੀ ਤਰਹ ਹੀ ਨਜ਼ਰ ਆਇਆ ਕਰਤੀ ਹੈ। ਸੋ ਮਲ ਔਰ ਵਿਖਸ਼ੇਪ ਕੇ ਬਾਅਦ ਹੀ ਬ੍ਰਹਮ ਵੀਚਾਰ ਕਾ ਦਰਜਾ ਆਇਆ ਕਰਤਾ ਹੈ, ਪਹਿਲੇ ਨਹੀਂ। ਇਸ ਵਾਸਤੇ ਤੀਨ ਸਰੀਰ, ਪਾਂਚ ਕੋਸ਼, ਤੀਨ ਗੁਣ, ਤੀਨ ਅਵਸਥਾ ਔਰ ਤੀਨ ਤਾਪ ਸੇ ਪਰੇ ਆਤਮ ਦੇਵ ਇਨ ਸਭ ਕਾ ਪ੍ਰਕਾਸ਼ਕ ਹੈ। ਸਭ ਕਾ ਸਾਖਸ਼ੀ ਔਰ ਸਭ ਸੇ ਨਿਆਰਾ ਆਪ ਮੇਂ ਹਮੇਸ਼ਾ ਹੀ ਇਸਥਿਤ ਹੈ ਜੋ ਕਿ ਕੁਟਸਥ ਔਰ ਅਚੁੱਤ ਹੈ।

# ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ ਸ੍ਰੀ ਮਾਨ
ਸੰਤ ਬਾਬਾ ਵਰਿਆਮ ਸਿੰਘ ਜੀ
ਮਹਾਰਾਜ ਰਤਵਾੜਾ ਸਾਹਿਬ

FASTWAY

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**
**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**
**ਪੂਰਨਮਾਸ਼ੀ - 4 ਜੂਨ, ਦਿਨ ਐਤਵਾਰ - ਰਤਵਾੜਾ ਸਾਹਿਬ,**
**(ਸਮਾਂ - ਸ਼ਾਮੀ 7.00 ਤੋਂ 9.00 ਵਜੇ ਤੱਕ)**
**ਆਸਾੜ੍ਹ - ਸੰਗਰਾਂਦ-15 ਜੂਨ, ਦਿਨ ਵੀਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**
**A/C No. 12861100000008, RTGS/IFSC Code - PSIB0021286, Branch Code - C1286**

| Within India | |
|---|---|
| Subscription Period | By Registry Post/Cheque |
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20Year) | Rs 3000/3020 |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**
**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

### LIST OF CORRESPONDENT BANKS

**Australia**

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

**Canada**

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

**Germany**

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

**Italy**

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

**United Kingdom**

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

**United States**

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | | 10/- |
| 10. | ਅੰਮ੍ਰਿਤ ਫੁਹਾਰ | | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | | 10/- |
| 19. | ਵੈਸਾਖੀ | 40/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਨ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਆਤਮ ਗਿਆਨ ਭਾਗ - 1 | 120/- | |
| 38. | ਜਨਮ ਪਦਾਰਥੁ ਸਫਲੁ ਹੋਇ | 120/- | |
| 39. | ਜਨ ਪਰਉਪਕਾਰੀ ਆਏ (ਭਾਗ -1) | 65/- | |
| 40. | ਜਨ ਪਰਉਪਕਾਰੀ ਆਏ (ਭਾਗ -2) | 65/- | |
| 41. | ਗੁਰ ਅੰਗਦ ਅਮਰ ਨਿਧਾਨ | 10/- | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/- |
| 44. | ਮੰਝ ਗੁਰੂ ਕਾ ਬੋਹਿਥਾ | 30/- |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 46. | ਗੁਰੂ ਗ੍ਰੰਥ ਜੀ ਮਾਨਿਉ | 10/- |
| 47. | ਬਾਬਾ ਬੰਦਾ ਸਿੰਘ ਬਹਾਦਰ | 10/- |
| 48. | ਤ੍ਰੈ ਸ਼ਤਾਬਦੀ | 20/- |
| 49. | ਆਤਮ ਗਿਆਨ ਭਾਗ - 2 | 120/- |
| 50. | ਆਤਮ ਗਿਆਨ ਭਾਗ - 3 | 120/- |
| 51. | ਭਗਵਤ ਗੀਤਾ ਦੀ ਚਿਰ ਸਥਾਈ... | |

| | English Version | Price |
|---|---|---|
| 1. | Baisakhi (ਬੈਸਾਖੀ) | 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | 70/- |
| 3. | Discourses on the Beyond - 1(ਬਾਤ ਅਗੰਮ ਕੀ ਭਾਗ - 1) | 50/- |
| 4. | Discourses on the Beyond - 2(ਬਾਤ ਅਗੰਮ ਕੀ ਭਾਗ - 2) | 50/- |
| 5. | Discourses on the Beyond - 3(ਬਾਤ ਅਗੰਮ ਕੀ ਭਾਗ - 3) | 50/- |
| 6. | Discourses on the Beyond - 4(ਬਾਤ ਅਗੰਮ ਕੀ ਭਾਗ - 4) | 60/- |
| 7. | Discourses on the Beyond - 5(ਬਾਤ ਅਗੰਮ ਕੀ ਭਾਗ - 5) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹਿ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | 10/- |
| 15. | A Glimpse of His Holiness - Baba ji | 5/- |
| 16. | Divine Word Contemplation Path (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ?) | 200/– |

